PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 22 ਜਨਵਰੀ ਤੋਂ 28 ਜਨਵਰੀ, 2026 | Email :- editor@punjabstar.com, Vo. 20. Issue:1221


## ਅਮਰੀਕਾ 'ਚ ਭਾਰਤੀ ਪਰਿਵਾਰ ਸਣੇ 3 ਹਜ਼ਾਰ Migrants ਕਾਬੂ

* ਯੂ.ਐਸ. ਸਿਟੀਜ਼ਨਜ਼ ਨੂੰ ਡਿਪੋਰਟ ਕਰਨ ਵਾਲਾ ਕਾਨੂੰਨ ਲਿਆ ਰਹੇ ਟਰੰਪ

* ਆਈਸ ਦੀ ਹਿਰਾਸਤ ਵਿੱਚ ਹੁਣ ਤੱਕ 17 ਮੌਤਾਂ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਅਮਰੀਕਾ ਦੇ ਇੰਮੀਗ੍ਰੇਸ਼ਨ ਛਾਪਿਆਂ ਦੌਰਾਨ ਵਿਚੋਂ 10 ਹਜ਼ਾਰ ਤਿੰਨ ਹਜ਼ਾਰ ਨਵੀਆਂ ਗ੍ਰਿਫ਼ਤਾਰੀਆਂ ਕਰਦਿਆਂ ਆਈਸ ਏਜੰਟਾਂ ਵੱਲੋਂ ਚਾਰ ਜੀਆਂ ਵਾਲੇ ਭਾਰਤੀ ਪਰਵਾਰ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੌਇਮ ਨੇ ਦੱਸਿਆ ਕਿ ਮਿਨੀਆਪੌਲਿਸ ਸ਼ਹਿਰ

* ਬਾਕੀ ਸਫ਼ਾ 2 'ਤੇ

## ਭਾਰਤ ਤੇ ਯੂਰਪੀ ਸੰਘ 27 ਨੂੰ ਹੋਣ ਵਾਲੇ ਸੰਮੇਲਨ 'ਚ ਨਵੇਂ ਸੁਰੱਖਿਆ ਭਾਈਵਾਲ ਬਣਨਗੇ



(ਪੰਜਾਬ ਸਟਾਰ ਬਿਊਰੋ)
ਯੂਰਪੀਅਨ ਯੂਨੀਅਨ ਦੇ ਵਿਦੇਸ਼ ਮਾਮਲਿਆਂ ਅਤੇ ਸੁਰੱਖਿਆ ਨੀਤੀ ਲਈ ਉੱਚ ਪ੍ਰਤੀਨਿਧੀ ਅਤੇ ਯੂਰਪੀਅਨ ਕਮਿਸ਼ਨ ਦੇ ਉਪ-ਪ੍ਰਧਾਨ Kaja Kallas ਨੇ ਕਿਹਾ ਕਿ ਯੂਰਪੀਅਨ ਯੂਨੀਅਨ (EU) ਅਤੇ ਭਾਰਤ ਨਵੀਂ ਯੂਰਪੀਅਨ ਯੂਨੀਅਨ-ਭਾਰਤ ਸੁਰੱਖਿਆ ਅਤੇ ਰੱਖਿਆ ਭਾਈਵਾਲੀ 'ਤੇ ਦਸਤਖਤ ਕਰਨ ਲਈ ਸਹਿਮਤ ਹੋਏ ਹਨ। ਦੋਵਾਂ ਧਿਰਾਂ 'ਚ ਹੋਣ ਵਾਲਾ ਇਹ ਕਰਾਰ

* ਬਾਕੀ ਸਫ਼ਾ 2 'ਤੇ

# ਸਪੇਨ ਰੇਲ ਹਾਦਸੇ 'ਚ ਮਰਨ ਵਾਲਿਆਂ ਦੀ ਗਿਣਤੀ ਹੋਈ 40



ਸਪੇਨ (ਪੰਜਾਬ ਸਟਾਰ ਬਿਊਰੋ): ਦੱਖਣੀ ਸਪੇਨ ਵਿੱਚ ਬੀਤੀ ਰਾਤ ਹੋਏ ਰੇਲ ਹਾਦਸੇ ਵਿੱਚ ਘੱਟੋ-ਘੱਟ 40 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਅਧਿਕਾਰੀਆਂ ਦੇ ਅਨੁਸਾਰ, ਬਚਾਅ ਕਾਰਜ ਅਜੇ ਵੀ ਜਾਰੀ ਹੈ, ਅਤੇ ਮਰਨ ਵਾਲਿਆਂ ਦੀ ਗਿਣਤੀ ਹੋਰ ਵਧਣ ਦੀ ਉਮੀਦ ਹੈ।

ਰੇਲ ਆਪਰੇਟਰ ਐਡੀਫ ਦੇ ਅਨੁਸਾਰ, ਇਹ ਹਾਦਸਾ ਐਤਵਾਰ ਸ਼ਾਮ 7:45 ਵਜੇ ਦੇ ਕਰੀਬ ਵਾਪਰਿਆ ਜਦੋਂ ਮਾਲਗਾ ਤੋਂ ਰਾਜਧਾਨੀ ਮੈਡ੍ਰਿਡ ਜਾ ਰਹੀ ਇੱਕ ਰੇਲਗੱਡੀ ਦਾ ਪਿਛਲਾ ਹਿੱਸਾ ਪਟੜੀ ਤੋਂ ਉਤਰ ਗਿਆ। ਫਿਰ ਇਹ ਮੈਡ੍ਰਿਡ ਤੋਂ ਦੱਖਣੀ ਸਪੇਨ ਦੇ ਇੱਕ ਹੋਰ ਸ਼ਹਿਰ ਹੁਏਲਵਾ ਜਾ ਰਹੀ ਇੱਕ ਹੋਰ ਰੇਲਗੱਡੀ ਨਾਲ ਟਕਰਾ ਗਈ। ਸਪੇਨ ਦੇ ਟਰਾਂਸਪੋਰਟ ਮੰਤਰੀ ਆਸਕਰ ਪੁਏਂਤੇ ਨੇ ਕਿਹਾ ਕਿ ਦੂਜੀ ਰੇਲਗੱਡੀ ਦਾ ਅਗਲਾ ਹਿੱਸਾ, ਜਿਸ ਵਿੱਚ ਲਗਭਗ 200 ਯਾਤਰੀ ਸਨ, ਸਭ ਤੋਂ ਵੱਧ ਪ੍ਰਭਾਵਿਤ ਹੋਇਆ।

ਟੱਕਰ ਕਾਰਨ ਰੇਲਗੱਡੀ ਦੇ ਪਹਿਲੇ ਦੋ ਡੱਬੇ ਪਟੜੀ ਤੋਂ ਉਤਰ ਗਏ ਅਤੇ ਲਗਭਗ ਚਾਰ ਮੀਟਰ ਡੂੰਘੀ ਢਲਾਣ ਤੋਂ ਹੇਠਾਂ ਡਿੱਗ ਗਏ। ਪੁਏਂਤੇ ਨੇ ਕਿਹਾ ਕਿ ਜ਼ਿਆਦਾਤਰ ਮੌਤਾਂ

* ਬਾਕੀ ਸਫ਼ਾ 2 'ਤੇ

## ਮੈਕਸੀਕੋ ਨੇ ਡਰੱਗ ਗਿਰੋਹ ਦੇ 37 ਮੈਂਬਰਾਂ ਨੂੰ ਅਮਰੀਕਾ ਨੂੰ ਸੌਂਪਿਆ



ਮੈਕਸੀਕੋ ਸਿਟੀ, (ਪੰਜਾਬ ਸਟਾਰ ਬਿਊਰੋ): ਮੈਕਸੀਕੋ ਦੇ ਸੁਰੱਖਿਆ ਮੰਤਰੀ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਦੇ ਦੇਸ਼ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਗਿਰੋਹਾਂ ਦੇ 37 ਹੋਰ ਮੈਂਬਰਾਂ ਨੂੰ ਸੰਯੁਕਤ ਰਾਜ ਅਮਰੀਕਾ ਦੇ ਹਵਾਲੇ ਕਰ ਦਿੱਤਾ ਹੈ। ਇਹ ਕਦਮ ਉਦੋਂ ਚੁੱਕਿਆ ਗਿਆ ਹੈ ਜਦੋਂ ਟਰੰਪ ਪ੍ਰਸ਼ਾਸਨ ਵੱਖ-ਵੱਖ ਸਰਕਾਰਾਂ 'ਤੇ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਅਪਰਾਧਿਕ ਨੈੱਟਵਰਕਾਂ ਵਿਰੁੱਧ ਕਾਰਵਾਈ ਤੇਜ਼ ਕਰਨ ਲਈ ਦਬਾਅ ਵਧਾ ਰਿਹਾ ਹੈ। ਮੈਕਸੀਕੋ ਦੇ ਸੁਰੱਖਿਆ ਮੰਤਰੀ ਉਮਰ ਗਾਰਸੀਆ ਹਾਰਫੂਚ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਦੇਸ਼ ਨਿਕਾਲਾ ਦਿੱਤੇ ਗਏ ਲੋਕ "ਵਹਿਸ਼ੀ ਅਪਰਾਧੀ ਸਨ ਅਤੇ ਦੇਸ਼ ਦੀ ਸੁਰੱਖਿਆ ਲਈ ਅਸਲ ਖ਼ਤਰਾ ਸਨ।"

ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਇਹ ਤੀਜੀ ਵਾਰ ਹੈ ਜਦੋਂ ਮੈਕਸੀਕੋ ਨੇ ਹਿਰਾਸਤ ਵਿੱਚ ਲਏ ਗਏ ਤਸਕਰਾਂ ਨੂੰ ਸੰਯੁਕਤ ਰਾਜ ਅਮਰੀਕਾ ਭੇਜਿਆ ਹੈ, ਕਿਉਂਕਿ ਦੇਸ਼ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਧਦੇ ਦਬਾਅ ਅਤੇ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਰੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਹੁਣ ਤੱਕ "ਕੁੱਲ 92 ਲੋਕਾਂ ਨੂੰ ਅਮਰੀਕਾ ਭੇਜਿਆ ਹੈ।"ਮੈਕਸੀਕੋ ਦੇ ਅਧਿਕਾਰੀਆਂ ਦੁਆਰਾ ਸਾਂਝੀ ਕੀਤੀ ਗਈ ਇੱਕ ਵੀਡੀਓ ਵਿੱਚ ਹੱਥਕੜੀਆਂ ਵਾਲੇ ਕੈਦੀਆਂ ਦੀ ਇੱਕ ਲਾਈਨ

* ਬਾਕੀ ਸਫ਼ਾ 2 'ਤੇ

## ਸਿੱਖ ਵਿਦਿਆਰਥੀ ਕਿਰਪਾਨ ਪਾ ਕੇ ਦੇ ਸਕਣਗੇ ਪ੍ਰੀਖਿਆਵਾਂ

### ਹਰਿਆਣਾ ਸਰਕਾਰ ਨੇ ਲਿਆ ਵੱਡਾ ਫ਼ੈਸਲਾ



(ਪੰਜਾਬ ਸਟਾਰ ਬਿਊਰੋ)
ਹਰਿਆਣਾ ਸਰਕਾਰ ਨੇ ਸਾਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਸੰਬੰਧੀ ਇੱਕ ਵੱਡਾ ਅਤੇ ਅਹਿਮ ਫੈਸਲਾ ਲਿਆ ਹੈ। ਸਿੱਖ ਵਿਦਿਆਰਥੀ ਹੁਣ ਕਿਰਪਾਨ ਪਾ ਕੇ ਪ੍ਰੀਖਿਆ ਦੇ ਸਕਣਗੇ

* ਬਾਕੀ ਸਫ਼ਾ 2 'ਤੇ

## ਯੂ.ਐਸ.ਏ-ਕੈਨੇਡਾ ਦੇ 6 ਪੰਜਾਬੀ ਟਰੱਕ ਡਰਾਈਵਰਾਂ 'ਚੋਂ ਇਕ ਨੂੰ ਕੈਦ

### ਲਵਪ੍ਰੀਤ ਦੇ ਟਰੱਕ ਦੀ ਟੱਕਰ ਨਾਲ 2 ਜਣੇ ਸੜੇ ਸਨ ਜਿਊਂਦੇ



ਵਿੰਡਸਰ, (ਪੰਜਾਬ ਸਟਾਰ ਬਿਊਰੋ): ਅਮਰੀਕਾ ਅਤੇ ਕੈਨੇਡਾ ਵਿਚ 6 ਪੰਜਾਬੀ ਟਰੱਕ ਡਰਾਈਵਰਾਂ ਵਿਰੁੱਧ ਜਾਨਲੇਵਾ ਹਾਦਸਿਆਂ ਬਾਰੇ ਚੱਲ ਰਹੇ ਮੁਕੱਦਮਿਆਂ ਵਿਚੋਂ ਇਕ ਦਾ ਫ਼ੈਸਲਾ ਆ ਗਿਆ ਹੈ ਅਤੇ 30 ਸਾਲ ਦੇ ਲਵਪ੍ਰੀਤ ਸਿੰਘ ਨੂੰ 9 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਵਿੰਡਸਰ ਦੀ ਅਦਾਲਤ ਵੱਲੋਂ ਸੁਣਾਈ ਸਜ਼ਾ ਮੁਕੰਮਲ ਹੋਣ ਮਗਰੋਂ ਲਵਪ੍ਰੀਤ ਸਿੰਘ ਚਾਰ ਸਾਲ ਤੱਕ ਟਰੱਕ ਨਹੀਂ ਚਲਾ ਸਕੇਗਾ। ਸੀ.ਟੀ.ਵੀ. ਨਿਊਜ਼ ਦੀ ਰਿਪੋਰਟ ਮੁਤਾਬਕ 23 ਸਤੰਬਰ 2022 ਨੂੰ ਵਾਪਰੇ ਹਾਦਸੇ ਦੌਰਾਨ ਲਵਪ੍ਰੀਤ ਸਿੰਘ 104 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਟਰੱਕ ਚਲਾ ਰਿਹਾ ਸੀ ਅਤੇ ਹਾਈਵੇਅ 401 'ਤੇ ਇਕ ਕਾਰ ਨੂੰ ਟੱਕਰ ਮਾਰ ਦਿਤੀ। ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਦਾ ਦਾਅਵਾ ਹੈ ਕਿ ਹਾਦਸੇ ਤੋਂ 30 ਸੈਕਿੰਡ

* ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਪੰਜਾਬੀ ਪਰਿਵਾਰ ਨੇ ਘੇਰ ਲਏ ਗੈਂਗਸਟਰ !

### ਮੈਦਾਨ ਛੱਡ ਕੇ ਦੌੜੇ ਗੋਲੀਬਾਰੀ ਕਰਨ ਆਏ ਸ਼ੱਕੀ



ਸਰੀ, (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚ ਆਪਣੇ ਘਰਾਂ ਅਤੇ ਕਾਰੋਬਾਰੀ ਟਿਕਾਣਿਆਂ 'ਤੇ ਨਿੱਤ ਚਲਦੀਆਂ ਗੋਲੀਆਂ ਤੋਂ ਅੱਕੇ ਪੰਜਾਬੀਆਂ ਨੇ ਆਖ਼ਰਕਾਰ ਹਥਿਆਰ ਚੁੱਕ ਲਏ ਅਤੇ ਘਰ ਨੂੰ ਨਿਸ਼ਾਨਾ ਬਣਾਉਣ ਆਏ ਸ਼ੱਕੀਆਂ ਨੂੰ ਮੈਦਾਨ ਛੱਡ ਕੇ ਫ਼ਰਾਰ ਹੋਣ ਲਈ ਮਜਬੂਰ ਕਰ ਦਿਤਾ ਪਰ ਦੂਜੇ ਪਾਸੇ ਪੁਲਿਸ ਵਾਲਿਆਂ ਨੇ ਪਿੱਠ ਥਾਪੜਨ ਦੀ ਬਜਾਏ ਪੀੜਤ ਪਰਵਾਰ ਨੂੰ ਹੀ ਘੇਰਦਿਆਂ ਪੜਤਾਲ ਆਰੰਭ ਦਿੱਤੀ ਹੈ। ਸਰੀ ਪੁਲਿਸ ਦੇ

* ਬਾਕੀ ਸਫ਼ਾ 2 'ਤੇ

# ਟਰੰਪ ਨੇ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਐਲਾਨਿਆ !

### ਨਵੇਂ ਨਕਸ਼ੇ ਰਾਹੀਂ ਵੈਨੇਜ਼ੁਏਲਾ ਅਤੇ ਗਰੀਨਲੈਂਡ ਵੀ ਆਪਣੇ ਦੱਸੇ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਡੌਨਲਡ ਟਰੰਪ ਨੇ ਚੁੱਪ-ਚਪੀਤੇ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਐਲਾਨ ਦਿਤਾ ਹੈ ਅਤੇ ਗਰੀਨਲੈਂਡ ਤੇ ਵੈਨੇਜ਼ੁਏਲਾ ਵੀ ਅਮਰੀਕਾ ਦੇ ਕੌਮੀ ਝੰਡੇ ਦੀ ਛਤਰ-ਛਾਇਆ ਹੇਠ ਨਜ਼ਰ ਆ ਰਹੇ ਹਨ। ਫ਼ਿਲਹਾਲ ਕੈਨੇਡਾ ਸਰਕਾਰ ਵੱਲੋਂ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਗਈ। ਅਮਰੀਕਾ ਦੇ ਰਾਸ਼ਟਰਪਤੀ ਨੇ ਨਾਟੋ ਦੇ ਮੁਖੀ ਮਾਰਕ ਰੂਟ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਸਪੱਸ਼ਟ ਲਫ਼ਜ਼ਾਂ ਵਿਚ ਆਖ ਦਿਤਾ ਕਿ ਗਰੀਨਲੈਂਡ, ਅਮਰੀਕਾ ਦੀ ਕੌਮੀ ਅਤੇ ਕੌਮਾਂਤਰੀ ਸੁਰੱਖਿਆ ਲਈ ਬੇਹੱਦ ਲਾਜ਼ਮੀ ਹੈ। ਟਰੰਪ ਨੇ ਕਿਹਾ ਕਿ ਦੁਨੀਆਂ ਵਿਚ ਤਾਕਤ ਦੇ ਜ਼ੋਰ 'ਤੇ ਹੀ ਅਮਨ ਕਾਇਮ ਕੀਤਾ ਜਾ ਸਕਦਾ ਹੈ ਅਤੇ ਅਮਰੀਕਾ ਦੁਨੀਆਂ ਦਾ ਸਭ ਤੋਂ ਤਾਕਤਵਰ ਮੁਲਕ ਹੈ। ਟਰੰਪ ਨੇ

* ਬਾਕੀ ਸਫ਼ਾ 2 'ਤੇ

## ਗ੍ਰੀਨਲੈਂਡ ਨੂੰ ਪ੍ਰਾਪਤ ਕਰਨ ਲਈ ਤਾਕਤ ਦੀ ਵਰਤੋਂ ਨਹੀਂ ਕਰਾਂਗਾ : ਟਰੰਪ



ਦਾਵੋਸ (ਸਵਿਟਜ਼ਰਲੈਂਡ), (ਪੰਜਾਬ ਸਟਾਰ ਬਿਊਰੋ) : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਉਹ 'ਗ੍ਰੀਨਲੈਂਡ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਜਿਸ ਵਿਚ ਪੂਰੀ ਮਲਕੀਅਤ ਸ਼ਾਮਲ ਹੈ', ਪਰ ਉਨ੍ਹਾਂ ਨੇ ਕਿਹਾ ਕਿ ਉਹ ਇਸ ਨੂੰ ਪ੍ਰਾਪਤ ਕਰਨ ਲਈ ਤਾਕਤ ਦੀ ਵਰਤੋਂ ਨਹੀਂ ਕਰਨਗੇ। ਉਨ੍ਹਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਅਮਰੀਕਾ ਹੀ ਖਣਿਜ ਪਦਾਰਥਾਂ ਨਾਲ ਭਰਪੂਰ ਇਸ ਟਾਪੂ ਦੀ ਸੁਰੱਖਿਆ ਕਰ ਸਕਦਾ ਹੈ। ਹਾਲਾਂਕਿ ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਨੂੰ ਗ੍ਰੀਨਲੈਂਡ ਦੀ ਰਣਨੀਤਕ ਕਾਰਨਾਂ ਕਰ ਕੇ ਜ਼ਰੂਰਤ ਹੈ, ਕਿਉਂਕਿ ਇਹ ਅਮਰੀਕਾ, ਚੀਨ ਅਤੇ ਰੂਸ ਦੇ ਵਿਚਕਾਰ ਹੈ, ਨਾ ਕਿ ਬਰਫ ਦੇ ਹੇਠਾਂ ਦੱਬੇ ਹੋਏ ਦੁਰਲੱਭ ਧਰਤੀ ਦੇ ਖਣਿਜਾਂ ਦੀ ਵੱਡੀ ਮਾਤਰਾ ਲਈ। ਉਨ੍ਹਾਂ ਕਿਹਾ ਕਿ ਗ੍ਰੀਨਲੈਂਡ ਜ਼ਮੀਨ ਨਹੀਂ ਬਲਕਿ ਬਰਫ ਦਾ ਇਕ ਵੱਡਾ ਟੁਕੜਾ ਹੈ। ਬੁੱਧਵਾਰ ਨੂੰ ਵਿਸ਼ਵ ਆਰਥਕ ਮੰਚ ਉਤੇ ਟਰੰਪ ਨੇ ਅਪਣੇ ਭਾਸ਼ਣ ਦੀ ਵਰਤੋਂ ਯੂਰਪੀਅਨ ਸਹਿਯੋਗੀਆਂ ਦਾ ਵਾਰ-ਵਾਰ ਮਜ਼ਾਕ ਉਡਾਉਣ ਅਤੇ ਧਮਕੀ ਦੇਣ ਲਈ ਕੀਤੀ ਕਿ ਨਾਟੋ ਨੂੰ ਅਮਰੀਕੀ ਵਿਸਤਾਰਵਾਦ ਦੇ ਰਾਹ ਵਿਚ ਖੜਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਨਾਟੋ ਨੂੰ ਅਪੀਲ ਕੀਤੀ ਕਿ ਉਹ

* ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਪੇਜ ਇੱਕ ਦੀ ਬਾਕੀ

## ਅਮਰੀਕਾ 'ਚ ਭਾਰਤੀ...

ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀ ਕਾਬੂ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿਚੋਂ ਤਿੰਨ ਹਜ਼ਾਰ ਦੀ ਗ੍ਰਿਫ਼ਤਾਰੀ ਆਪ੍ਰੇਸ਼ਨ ਮੈਟਰੋ ਸਰਜ ਦੌਰਾਨ ਕੀਤੀ ਗਈ। ਦੂਜੇ ਪਾਸੇ ਇੰਮੀਗ੍ਰੇਸ਼ਨ ਹਿਰਾਸਤੀ ਕੇਂਦਰਾਂ ਵਿਚ ਬੰਦ ਪ੍ਰਵਾਸੀਆਂ ਦੀ ਗਿਣਤੀ 73 ਹਜ਼ਾਰ ਤੋਂ ਟੱਪ ਚੁੱਕੀ ਹੈ ਅਤੇ ਮਿਨੀਆਪੌਲਿਸ ਤੋਂ ਗ੍ਰਿਫ਼ਤਾਰ ਇਕ ਪ੍ਰਵਾਸੀ ਟੈਕਸਸ ਦੇ ਡਿਟੈਨਸ਼ਨ ਸੈਂਟਰ ਵਿਚ ਦਮ ਤੋੜ ਗਿਆ। ਆਈਸ ਦੀ ਹਿਰਾਸਤ ਵਿਚ ਹੁਣ ਤੱਕ 17 ਜਣੇ ਦਮ ਤੋੜ ਚੁੱਕੇ ਹਨ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਗ੍ਰਿਫ਼ਤਾਰੀ ਕੀਤੇ ਜਾ ਰਹੇ ਪ੍ਰਵਾਸੀਆਂ ਨੂੰ ਅਣਮਨੁੱਖੀ ਹਾਲਾਤ ਵਿਚ ਰੱਖਿਆ ਜਾਂਦਾ ਹੈ।

ਇਸੇ ਦੌਰਾਨ ਟਰੰਪ ਸਰਕਾਰ ਵੱਲੋਂ ਨਵਾਂ ਕਾਨੂੰਨ ਲਿਆਉਣ ਦਾ ਐਲਾਨ ਕੀਤਾ ਗਿਆ ਹੈ ਜਿਸ ਰਾਹੀਂ ਫਰੌਡ ਵਰਗੇ ਅਪਰਾਧਾਂ ਵਿਚ ਸ਼ਾਮਲ ਯੂ.ਐਸ. ਸਿਟੀਜ਼ਨਜ਼ ਨੂੰ ਵੀ ਡਿਪੋਰਟ ਕਰਨ ਦਾ ਰਾਹ ਪੱਧਰਾ ਹੋ ਜਾਵੇਗਾ। ਮਜ਼ੂਰੀ ਸੂਬੇ ਤੋਂ ਸੈਨੇਟ ਮੈਂਬਰ ਐਰਿਕ ਸ਼ਮਿਟ ਵੱਲੋਂ ਬਿਲ ਦਾ ਖਰੜਾ ਤਿਆਰ ਕੀਤਾ ਗਿਆ ਹੈ ਜਿਨ੍ਹਾਂ ਦਾ ਕਹਿਣਾ ਹੈ ਕਿ ਅਮੈਰਿਕਨ ਸਿਟੀਜ਼ਨਸ਼ਿਪ ਦੀ ਦੁਰਵਰਤੋਂ ਰੋਕਣੀ ਬੇਹੱਦ ਲਾਜ਼ਮੀ ਹੋ ਚੁੱਕੀ ਹੈ। ਨਵੇਂ ਬਿਲ ਨੂੰ ਸਟੌਪ ਸਿਟੀਜ਼ਨਸ਼ਿਪ ਐਬਿਊਜ਼ ਐਂਡ ਮਿਸਰਿਪ੍ਰਜ਼ੈਂਟੇਸ਼ਨ ਐਕਟ ਜਾਂ ਸਕੈਮ ਐਕਟ ਦਾ ਨਾਂ ਦਿਤਾ ਗਿਆ ਜਿਸ ਰਾਹੀਂ ਗੰਭੀਰ ਅਪਰਾਧਾਂ ਵਿਚ ਸ਼ਾਮਲ ਨਾਗਰਿਕਾਂ ਵਿਰੁੱਧ ਕਾਰਵਾਈ ਕੀਤੀ ਜਾ ਸਕੇਗੀ। ਅਮਰੀਕਾ ਵਿਚ ਪਿਛਲੇ ਸਮੇਂ ਦੌਰਾਨ 70 ਤੋਂ ਵੱਧ ਪ੍ਰਵਾਸੀਆਂ ਨੂੰ ਫ਼ਰੌਡ ਦਾ ਦੋਸ਼ੀ ਠਹਿਰਾਇਆ ਗਿਆ ਜਿਨ੍ਹਾਂ ਨੇ ਸਰਕਾਰੀ ਖਜ਼ਾਨੇ ਵਿਚੋਂ 250 ਮਿਲੀਅਨ ਡਾਲਰ ਦੀ ਰਕਮ ਠੱਗੀ। ਇੰਮੀਗ੍ਰੇਸ਼ਨ ਵਿਰੋਧੀ ਸੋਚ ਰੱਖਣ ਵਾਲੇ ਬਿਲ ਦੇ ਹੱਕ ਵਿਚ ਨਜ਼ਰ ਆਏ ਪਰ ਇੰਮੀਗ੍ਰੇਸ਼ਨ ਹਮਾਇਤੀਆਂ ਵੱਲੋਂ ਬਿਲ ਨੂੰ ਸੰਵਿਧਾਨ ਵਿਰੁੱਧ ਦੱਸਿਆ ਜਾ ਰਿਹਾ ਹੈ। ਬਿਲ ਨੂੰ ਵਾਈਟ ਹਾਊਸ ਦਾ ਥਾਪੜਾ ਹਾਸਲ ਹੈ ਅਤੇ ਡਿਪਟੀ ਚੀਫ਼ ਆਫ਼ ਸਟਾਫ਼ ਸਟੀਫ਼ਨ ਮਿਲਰ ਨੇ ਕਿਹਾ ਕਿ ਮਿਨੇਸੋਟਾ ਵਿਚ ਵਾਪਰ ਰਹੀਆਂ ਘਟਨਾਵਾਂ ਦੇ ਮੱਦੇਨਜ਼ਰ ਸਖ਼ਤ ਕਾਨੂੰਨ ਲਾਜ਼ਮੀ ਹੋ ਚੁੱਕੇ ਹਨ। ਇਥੇ ਦਸਣਾ ਬਣਦਾ ਹੈ ਕਿ ਅਮਰੀਕਾ ਸਰਕਾਰ ਵੱਲੋਂ ਐਕੁਈਜ਼ਿਸ਼ਨ ਲੌਜਿਸਟਿਕਸ ਨਾਂ ਦੀ ਫ਼ਰਮ ਨੂੰ ਡਿਟੈਨਸ਼ਨ ਸੈਂਟਰ ਦੀ ਉਸਾਰੀ ਅਤੇ ਸੰਚਾਲਨ ਲਈ 124 ਕਰੋੜ ਡਾਲਰ ਦਾ ਠੇਕਾ ਦਿਤਾ ਗਿਆ ਹੈ ਪਰ ਕੰਪਨੀ ਨੂੰ ਡਿਟੈਨਸ਼ਨ ਸੈਂਟਰ ਚਲਾਉਣ ਦਾ ਕੋਈ ਤਜਰਬਾ ਨਹੀਂ।

ਇਸ ਦੇ ਨਾਲ ਟਰੰਪ ਸਰਕਾਰ ਵੱਲੋਂ ਡਿਟੈਨਸ਼ਨ ਸੈਂਟਰਾਂ ਦੀ ਸਮਰੱਥਾ ਵਧਾ ਕੇ ਇਕ ਲੱਖ ਕਰਨ ਦਾ ਟੀਚਾ ਵੀ ਮਿੱਥਿਆ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਕ ਪ੍ਰਵਾਸੀ ਦੀ 3 ਜਨਵਰੀ ਨੂੰ ਹੋਈ ਮੌਤ ਨੂੰ ਸੰਭਾਵਤ ਕਤਲ ਐਲਾਨਿਆ ਜਾ ਸਕਦਾ ਹੈ ਅਤੇ ਅਜਿਹਾ ਹੋਇਆ ਤਾਂ ਅਮਰੀਕਾ ਦੇ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਵੱਡੇ ਵਿਵਾਦ ਵਿਚ ਘਿਰ ਜਾਣਗੇ। ਟੈਕਸਸ ਸਿਵਲ ਰਾਈਟਸ ਪ੍ਰੋਜੈਕਟ ਦੀ ਅਟਾਰਨੀ ਸ਼ਾਰਲੈਟ ਵਾਈਜ਼ ਨੇ ਦੱਸਿਆ ਕਿ ਪ੍ਰਵਾਸੀਆਂ ਨਾਲ ਸਰੀਰਕ ਧੱਕੇਸ਼ਾਹੀ ਕੀਤੀ ਜਾਂਦੀ ਹੈ ਅਤੇ ਡਿਟੈਨਸ਼ਨ ਸੈਂਟਰ ਦੇ ਗਾਰਡ ਜਾਨਵਰਾਂ ਵਰਗਾ ਸਲੂਕ ਕਰਦੇ ਹਨ। ਇਸ ਤੋਂ ਇਲਾਵਾ ਮੈਡੀਕਲ ਸਹਾਇਤਾ ਦੇ ਨਾਂ 'ਤੇ ਕੁਝ ਨਹੀਂ ਮਿਲਦਾ ਅਤੇ ਉਪਰੋਂ ਸੜਿਆ ਹੋਇਆ ਖਾਣਾ ਦਿਤਾ ਜਾਂਦਾ ਹੈ। ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵੱਲੋਂ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਜਾ ਰਿਹਾ ਹੈ।

## ਭਾਰਤ ਤੇ ਯੂਰਪੀ ਸੰਘ...

ਸਮੁੰਦਰੀ ਸੁਰੱਖਿਆ, ਸਾਈਬਰ ਸੁਰੱਖਿਆ ਅਤੇ ਅਤਿਵਾਦ ਵਿਰੋਧੀ ਖੇਤਰਾਂ ਵਿੱਚ ਸਹਿਯੋਗ ਦੇ ਮਹੱਤਵਪੂਰਨ ਵਿਸਥਾਰ ਨੂੰ ਦਰਸਾਉਂਦਾ ਹੈ। ਨਵੀਂ ਦਿੱਲੀ ਵਿੱਚ 27 ਜਨਵਰੀ ਨੂੰ ਹੋਣ ਵਾਲੇ 60ਵੇਂ ਈਯੂ-ਭਾਰਤ ਸੰਮੇਲਨ ਤੋਂ ਪਹਿਲਾਂ ਯੂਰਪੀਅਨ ਸੰਸਦ ਦੇ ਪੂਰਨ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ Kallas ਨੇ ਕਿਹਾ ਕਿ ਤਜਵੀਜ਼ਤ ਭਾਈਵਾਲੀ ਇਸ ਸਾਂਝੀ ਮਾਨਤਾ ਨੂੰ ਦਰਸਾਉਂਦੀ ਹੈ ਕਿ ਵਧਦੇ ਅਸਥਿਰ ਵਿਸ਼ਵਵਿਆਪੀ ਵਾਤਾਵਰਣ ਵਿੱਚ ਨਜ਼ਦੀਕੀ ਸੁਰੱਖਿਆ ਸਹਿਯੋਗ ਜ਼ਰੂਰੀ ਹੈ। Kallas ਨੇ ਕਿਹਾ, ''ਇੱਕ ਵਧੇਰੇ ਖ਼ਤਰਨਾਕ ਦੁਨੀਆ ਵਿੱਚ, ਸਾਨੂੰ ਦੋਵਾਂ ਨੂੰ ਮਿਲ ਕੇ ਕੰਮ ਕਰਨ ਦਾ ਫਾਇਦਾ ਹੋਵੇਗਾ।'' ਉਨ੍ਹਾਂ ਕਿਹਾ ਕਿ ਸੰਵੇਦਨਸ਼ੀਲ ਰਣਨੀਤਕ ਖੇਤਰਾਂ ਵਿੱਚ ਡੂੰਘੇ ਸਹਿਯੋਗ ਨੂੰ ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਸੂਚਨਾ ਸੁਰੱਖਿਆ ਸਮਝੌਤੇ 'ਤੇ ਵੀ ਗੱਲਬਾਤ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਤਜਵੀਜ਼ਤ ਸੁਰੱਖਿਆ ਅਤੇ ਰੱਖਿਆ ਭਾਈਵਾਲੀ ਦੇ ਨਾਲ, ਯੂਰਪੀਅਨ ਯੂਨੀਅਨ ਅਤੇ ਭਾਰਤ ਦਾ ਉਦੇਸ਼ ਲੰਬੇ ਸਮੇਂ ਤੋਂ ਬਕਾਇਆ ਮੁਕਤ ਵਪਾਰ ਸਮਝੌਤੇ 'ਤੇ ਗੱਲਬਾਤ ਨੂੰ ਪੂਰਾ ਕਰਨਾ ਹੈ। Kallas ਨੇ ਕਿਹਾ ਕਿ ਇਹ ਬਾਜ਼ਾਰ ਖੋਲ੍ਹੇਗਾ, ਰੁਕਾਵਟਾਂ ਨੂੰ ਦੂਰ ਕਰੇਗਾ ਅਤੇ ਸਾਫ਼ ਤਕਨਾਲੋਜੀਆਂ, ਫਾਰਮਾਸਿਊਟੀਕਲ ਅਤੇ ਸੈਮੀਕੰਡਕਟਰਾਂ ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਸਪਲਾਈ ਚੇਨਾਂ ਨੂੰ ਮਜ਼ਬੂਤ ਕਰੇਗਾ। ਉਨ੍ਹਾਂ ਅਗਾਮੀ ਸਿਖਰ ਵਾਰਤਾ ਨੂੰ ਯੂਰਪੀ ਸੰਘ-ਭਾਰਤ ਸਬੰਧਾਂ ਵਿੱਚ ਇੱਕ 'ਅਹਿਮ ਪਲ' ਦੱਸਿਆ।

## ਸਪੇਨ ਰੇਲ ਹਾਦਸੇ...

ਇਨ੍ਹਾਂ ਡੱਬਿਆਂ ਵਿੱਚ ਹੋਣ ਦੀ ਸੰਭਾਵਨਾ ਹੈ। ਅੰਡੇਲੂਸੀਆ ਖੇਤਰ ਦੇ ਪ੍ਰਧਾਨ ਜੁਆਨਮਾ ਮੋਰੇਨੋ ਨੇ ਸੋਮਵਾਰ ਸਵੇਰੇ ਕਿਹਾ ਕਿ ਐਮਰਜੈਂਸੀ ਸੇਵਾਵਾਂ ਅਜੇ ਵੀ ਉਸ ਖੇਤਰ ਦੀ ਭਾਲ ਕਰ ਰਹੀਆਂ ਹਨ ਜਿੱਥੇ ਨੁਕਸਾਨੇ ਗਏ ਡੱਬੇ ਪਟੜੀ ਤੋਂ ਉਤਰ ਗਏ ਸਨ। ਐਤਵਾਰ ਦੇਰ ਰਾਤ ਲਈਆਂ ਗਈਆਂ ਵੀਡੀਓਜ਼ ਅਤੇ ਫੋਟੋਆਂ ਵਿੱਚ ਰੇਲਗੱਡੀ ਦੇ ਮਰੋੜੇ ਹੋਏ ਡੱਬੇ ਫਲੱਡ ਲਾਈਟਾਂ ਹੇਠ ਆਪਣੇ ਪਾਸਿਆਂ 'ਤੇ ਪਏ ਦਿਖਾਈ ਦੇ ਰਹੇ ਹਨ। ਸਪੈਨਿਸ਼ ਪੁਲਿਸ ਦੇ ਅਨੁਸਾਰ, ਹਾਦਸੇ ਵਿੱਚ 159 ਲੋਕ ਜ਼ਖਮੀ ਹੋਏ, ਜਿਨ੍ਹਾਂ ਵਿੱਚੋਂ ਪੰਜ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਹੋਰ 24 ਹੋਰ ਗੰਭੀਰ ਜ਼ਖਮੀ ਹੋਏ ਹਨ। ਇਹ ਟੱਕਰ ਮੈਡ੍ਰਿਡ ਤੋਂ ਲਗਭਗ 370 ਕਿਲੋਮੀਟਰ ਦੱਖਣ ਵਿੱਚ ਕੋਰਡੋਬਾ ਸੂਬੇ ਦੇ ਇੱਕ ਕਸਬੇ ਅਡਮੁਜ਼ ਦੇ ਨੇੜੇ ਹੋਈ। ਟਰਾਂਸਪੋਰਟ ਮੰਤਰੀ ਪੁਏਂਤੇ ਨੇ ਸੋਮਵਾਰ ਸਵੇਰੇ ਕਿਹਾ ਕਿ ਹਾਦਸੇ ਦਾ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ। ਉਸਨੇ ਇਸਨੂੰ ਇੱਕ ਦੁਰਲੱਭ ਘਟਨਾ ਦੱਸਿਆ ਕਿਉਂਕਿ ਇਹ ਪਟੜੀ ਦੇ ਇੱਕ ਸਮਤਲ ਹਿੱਸੇ 'ਤੇ ਵਾਪਰੀ ਸੀ ਜਿਸਦੀ ਮੁਰੰਮਤ ਮਈ ਵਿੱਚ ਕੀਤੀ ਗਈ ਸੀ।

## ਮੈਕਸੀਕੋ ਨੇ ਡਰੱਗ ਗਿਰੋਹ...

ਦਿਖਾਈ ਗਈ ਹੈ, ਜੋ ਭਾਰੀ ਹਥਿਆਰਬੰਦ ਨਕਾਬਪੋਸ਼ ਸੁਰੱਖਿਆ ਕਰਮਚਾਰੀਆਂ ਨਾਲ ਘਿਰੇ ਹੋਏ ਹਨ, ਮੈਕਸੀਕੋ ਸਿਟੀ ਦੇ ਬਾਹਰਵਾਰ ਇੱਕ ਹਵਾਈ ਅੱਡੇ 'ਤੇ ਇੱਕ ਫੌਜੀ ਜਹਾਜ਼ ਵਿੱਚ ਸਵਾਰ ਹੋ ਰਹੇ ਹਨ। ਇਸ ਦੌਰਾਨ, ਅਮਰੀਕੀ ਵਿਦੇਸ਼ ਵਿਭਾਗ ਅਤੇ ਨਿਆਂ ਵਿਭਾਗ ਨੇ ਇਸ ਘਟਨਾ 'ਤੇ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

## ਸਿੱਖ ਵਿਦਿਆਰਥੀ...

ਅਤੇ ਵਿਆਹੀਆਂ ਔਰਤਾਂ ਮੰਗਲਸੂਤਰ ਪਾ ਕੇ ਪ੍ਰੀਖਿਆ ਦੇ ਸਕਣਗੀਆਂ। ਹਰਿਆਣਾ ਸਰਕਾਰ ਨੇ ਸੂਬੇ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਵੱਖ-ਵੱਖ ਭਰਤੀ ਏਜੰਸੀਆਂ ਵੱਲੋਂ ਲਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਅਤੇ ਵਿਆਹੀਆਂ ਮਹਿਲਾ ਉਮੀਦਵਾਰਾਂ ਨੂੰ ਪੇਸ਼ ਆਉਣ ਵਾਲੀਆਂ ਅਸੁਵਿਧਾਵਾਂ ਨੂੰ ਦੂਰ ਕਰਨ ਲਈ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਮੁੱਖ ਸਕੱਤਰ ਦਫ਼ਤਰ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਵੱਖ-ਵੱਖ ਪ੍ਰੀਖਿਆਵਾਂ ਦੇਣ ਵਾਲੇ ਸਿੱਖ ਵਿਦਿਆਰਥੀਆਂ ਅਤੇ ਉਮੀਦਵਾਰਾਂ ਨੂੰ ਨਿਰਧਾਰਤ ਮਾਪਦੰਡਾਂ ਮੁਤਾਬਕ ਕਿਰਪਾਨ ਰੱਖਣ ਦੀ ਇਜਾਜਤ ਦਿੱਤੀ ਗਈ ਹੈ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਕਿਰਪਾਨ ਦੀ ਕੁੱਲ ਲੰਬਾਈ 9 ਇੰਚ ਤੋਂ ਵੱਧ ਨਹੀਂ ਹੋਣੀ ਚਾਹੀਦੀ, ਜਦੋਂਕਿ ਇਸਦੇ ਬਲੇਡ ਦੀ ਲੰਬਾਈ 6 ਇੰਚ ਤੋਂ ਵੱਧ ਨਹੀਂ ਹੋਣੀ ਚਾਹੀਦੀ। ਅਜਿਹੇ ਉਮੀਦਵਾਰਾਂ ਨੂੰ ਤੈਅ ਸਮੇਂ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ ਵਿੱਚ ਰਿਪੋਰਟ ਕਰਨ ਦੀ ਸਲਾਹ ਦਿੱਤੀ ਗਈ ਹੈ ਤਾਂ ਜੋ ਜ਼ਰੂਰੀ ਜਾਂਚਾਂ ਅਤੇ ਰਸਮੀ ਕਾਰਵਾਈਆਂ ਸਮੇਂ ਸਿਰ ਪੂਰੀਆਂ ਕੀਤੀਆਂ ਜਾ ਸਕਣ। ਨੋਟੀਫਿਕੇਸ਼ਨ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਵਿਆਹੀਆਂ ਮਹਿਲਾ ਉਮੀਦਵਾਰਾਂ ਨੂੰ ਪ੍ਰੀਖਿਆ ਦੌਰਾਨ ਮੰਗਲਸੂਤਰ ਪਹਿਨਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰਾਂ ਨੂੰ ਜ਼ਰੂਰੀ ਪ੍ਰਕਿਰਿਆਵਾਂ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਤੈਅ ਸਮੇਂ ਤੋਂ ਘੱਟੋ-ਘੱਟ 30 ਮਿੰਟ ਪਹਿਲਾਂ ਪ੍ਰੀਖਿਆ ਕੇਂਦਰ ਵਿੱਚ ਪਹੁੰਚਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਫੈਸਲਾ ਦਿੱਲੀ ਹਾਈ ਕੋਰਟ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵੱਖ-ਵੱਖ ਫੈਸਲਿਆਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਲਿਆ ਗਿਆ ਹੈ, ਜਿਨ੍ਹਾਂ ਵਿੱਚ ਧਾਰਮਿਕ ਅਤੇ ਸੱਭਿਆਚਾਰਕ ਅਧਿਕਾਰਾਂ ਦੀ ਸੁਰੱਖਿਆ ਦੇ ਨਾਲ-ਨਾਲ ਪ੍ਰੀਖਿਆਵਾਂ ਦੇ ਨਿਰਪੱਖ ਅਤੇ ਵਿਵਸਥਿਤ ਸੰਚਾਲਨ 'ਤੇ ਜ਼ੋਰ ਦਿੱਤਾ ਗਿਆ ਹੈ।

## ਯੂ.ਐਸ.ਏ-ਕੈਨੇਡਾ ਦੇ...

ਪਹਿਲਾਂ ਉਸ ਨੂੰ ਟੈਕਸਟ ਮੈਸੇਜ ਆਇਆ ਅਤੇ ਉਹ ਫੋਨ ਦੇਖਣ ਲੱਗਾ।

ਡਰਾਈਵਿੰਗ ਦੌਰਾਨ ਲਾਪ੍ਰਵਾਹੀ ਕਰ ਕੇ ਅੱਗੇ ਜਾ ਰਹੀ ਕਾਰ ਦੇ ਪਿਛਲੇ ਹਿੱਸੇ ਵਿਚ ਵੱਜੀ ਜ਼ੋਰਦਾਰ ਟੱਕਰ ਮਗਰੋਂ ਅੱਗ ਲੱਗ ਗਈ ਅਤੇ ਇਸ ਵਿਚ ਸਵਾਰ ਦੋ ਜਣੇ ਜਿਊਂਦੇ ਸੜ ਗਏ। ਜੱਜ ਨੇ ਮੰਨਿਆ ਕਿ ਲਵਪ੍ਰੀਤ ਸਿੰਘ ਨੂੰ ਆਪਣੇ ਹਰਕਤ 'ਤੇ ਡੂੰਘਾ ਅਫ਼ਸੋਸ ਹੈ ਅਤੇ ਉਸ ਨੇ ਕਾਰ ਵਿਚ ਸੜ ਰਹੇ ਦੋ ਜਣਿਆਂ ਨੂੰ ਬਚਾਉਣ ਦੇ ਭਰਪੂਰ ਯਤਨ ਕੀਤੇ ਪਰ ਕਮਰਸ਼ੀਅਲ ਡਰਾਈਵਰ ਨੂੰ ਸਜ਼ਾ ਤੋਂ ਬਗੈਰ ਛੱਡਣਾ ਵਾਜਬ ਨਹੀਂ ਹੋਵੇਗਾ। ਜੱਜ ਨੇ ਆਪਣੇ ਫ਼ੈਸਲੇ ਵਿਚ ਉਮੀਦ ਜ਼ਾਹਰ ਕੀਤੀ ਕਿ ਇਸ ਰਾਹੀਂ ਲਾਪ੍ਰਵਾਹ ਡਰਾਈਵਰਾਂ ਨੂੰ ਸਬਕ ਮਿਲੇਗਾ। ਦੂਜੇ ਪਾਸੇ ਅਮਰੀਕਾ ਦੇ ਵਾਸ਼ਿੰਗਟਨ ਸੂਬੇ ਵਿਚ ਕਮਲਪ੍ਰੀਤ ਸਿੰਘ ਦੇ ਟਰੱਕ ਦੀ ਟੱਕਰ ਨਾਲ ਜਾਨ ਗਵਾਉਣ ਵਾਲੇ ਸ਼ਖਸ ਦੇ ਪਰਵਾਰ ਨੇ ਦੋਸ਼ ਲਾਇਆ ਹੈ ਕਿ ਦੋ ਸੂਬਾ ਸਰਕਾਰਾਂ ਵਿਰੁੱਧ ਉਨ੍ਹਾਂ ਦਾ ਮੁਕੱਦਮਾ ਲੜਨ ਵਾਸਤੇ ਕੋਈ ਵਕੀਲ ਜਾਂ ਲਾਅ ਫ਼ਰਮ ਤਿਆਰ ਨਹੀਂ। ਕੈਲੇਫੋਰਨੀਆ ਵਿਚ ਰਹਿੰਦੇ ਕਮਲਪ੍ਰੀਤ ਸਿੰਘ ਦੇ ਟਰੱਕ ਦੀ ਟੱਕਰ ਨਾਲ ਰੌਬਰਟ ਪੀਅਰਸਨ ਦੀ ਮੌਤ ਹੋਈ ਅਤੇ ਉਸ ਦੀ ਭੈਣ ਜੈੱਨ ਜੈਨਸਨ ਕੈਲੇਫੋਰਨੀਆ ਅਤੇ ਵਾਸ਼ਿੰਗਟਨ ਰਾਜਾਂ ਵਿਰੁੱਧ ਮੁਕੱਦਮਾ ਦਾਇਰ ਕਰਨਾ ਚਾਹੁੰਦੀ ਹੈ ਜਿਥੇ ਕਮਲਪ੍ਰੀਤ ਸਿੰਘ ਨੂੰ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਕੀਤਾ ਗਿਆ।

### ਕਮਲਪ੍ਰੀਤ ਅਤੇ ਜਸ਼ਨਪ੍ਰੀਤ ਦੇ ਮੁਕੱਦਮਿਆਂ ਦੀ ਸੁਣਵਾਈ ਜਾਰੀ

ਕਮਲਪ੍ਰੀਤ ਸਿੰਘ ਨੂੰ ਅਦਾਲਤ ਨੇ ਇਕ ਲੱਖ ਡਾਲਰ ਦੀ ਜ਼ਮਾਨਤ ਰਿਹਾਅ ਕਰ ਦਿਤਾ ਸੀ ਪਰ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਜਿਸ ਉਤੇ ਪਹਿਲਾਂ ਹੀ ਡਿਟੇਨਰ ਲਾਗੂ ਸੀ। ਇਸੇ ਦੌਰਾਨ ਕੈਲੇਫੋਰਨੀਆ ਵਿਚ ਜਸ਼ਨਪ੍ਰੀਤ ਸਿੰਘ ਵਿਰੁੱਧ ਚੱਲ ਰਹੇ ਮੁਕੱਦਮੇ ਦੌਰਾਨ ਉਸ ਨੂੰ ਦਸਤਾਰ ਸਜਾਉਣ ਦੀ ਇਜਾਜ਼ਤ ਤਾਂ ਮਿਲ ਗਈ ਪਰ ਪੰਜਾਬੀ ਟ੍ਰਾਂਸਲੇਟਰ ਨਾ ਪੁੱਜਣ ਕਰ ਕੇ ਸੁਣਵਾਈ ਤਿੰਨ ਘੰਟੇ ਲਟਕ ਗਈ। ਜਸ਼ਨਪ੍ਰੀਤ ਸਿੰਘ ਵਿਰੁੱਧ ਨਸ਼ੇ ਦੀ ਹਾਲਤ ਵਿਚ ਟਰੱਕ ਚਲਾਉਣ ਦੇ ਦੋਸ਼ ਲੱਗੇ ਸਨ ਜੋ ਬਾਅਦ ਵਿਚ ਝੂਠੇ ਸਾਬਤ ਹੋਏ ਅਤੇ ਹੁਣ ਵਹੀਕੁਲਰ ਮੈਨਸਲੌਟਰ ਦੇ ਤਿੰਨ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

## ਕੈਨੇਡਾ 'ਚ ਪੰਜਾਬੀ ਪਰਿਵਾਰ...

ਸਟਾਫ਼ ਸਾਰਜੈਂਟ ਲਿੰਡਜ਼ੀ ਹੌਟਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੌਕੇ ਤੋਂ ਮਿਲੇ ਸਬੂਤਾਂ ਅਤੇ ਇਕੱਤਰ ਕੀਤੀ ਜਾਣਕਾਰੀ ਕਹਿੰਦੀ ਹੈ ਕਿ ਘਰ ਦੇ ਅੰਦਰ ਮੌਜੂਦ ਇਕ ਜਾਂ ਇਸ ਤੋਂ ਵੱਧ ਲੋਕਾਂ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਪੁਲਿਸ ਨੇ ਜਬਰੀ ਵਸੂਲੀ ਦੇ ਪੀੜਤਾਂ ਨੂੰ ਸੁਚੇਤ ਕੀਤਾ ਹੈ ਕਿ ਉਹ ਮਾਮਲਾ ਆਪਣੇ ਹੱਥਾਂ ਵਿਚ ਲੈਣ ਦਾ ਯਤਨ ਨਾ ਕਰਨ। ਸਖ਼ਤ ਲਹਿਜ਼ੇ ਦੀ ਵਰਤੋਂ ਕਰਦਿਆਂ ਹੌਟਨ ਨੇ ਕਿਹਾ ਕਿ ਪੁਲਿਸ ਅਜਿਹੀਆਂ ਹਰਕਤਾਂ ਕਦੇ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਦਲੀਲ ਦਿਤੀ ਕਿ ਜੇ ਤੁਹਾਡੇ ਕੋਲ ਹਥਿਆਰ ਮੌਜੂਦ ਹੈ ਅਤੇ ਤੁਸੀਂ ਕਮਿਊਨਿਟੀ ਵਿਚ ਅੰਨ੍ਹੇਵਾਹ ਗੋਲੀਆਂ ਚਲਾਉਂਦੇ ਹੋ ਤਾਂ ਅਸੀਂ ਸਾਰੇ ਵੱਡੇ ਖ਼ਤਰੇ ਵਿਚ ਘਿਰ ਜਾਵਾਂਗੇ। ਇਸ ਗੱਲ ਦੇ ਆਸਾਰ ਬਹੁਤ ਵਧ ਜਾਣਗੇ ਕਿ ਤੁਸੀਂ ਆਪਣੇ ਕਿਸੇ ਗੁਆਂਢੀ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਉ ਜਾਂ ਉਸ ਦਾ ਕਤਲ ਹੋ ਜਾਵੇ। ਅਜਿਹੇ ਗੰਭੀਰ ਸਿੱਟਿਆਂ ਤੋਂ ਬਚਣ ਲਈ ਸੰਜਮ ਰੱਖਣ ਦੀ ਜ਼ਰੂਰਤ ਹੈ। ਪੁਲਿਸ ਦੀ ਇਸ ਟਿੱਪਣੀ 'ਤੇ ਵੱਖੋ-ਵੱਖਰੀ ਰਾਏ ਉਭਰ ਕੇ ਸਾਹਮਣੇ ਆ ਰਹੀ ਹੈ ਅਤੇ ਭਾਈਚਾਰੇ ਦੇ ਲੋਕਾਂ ਵੱਲੋਂ ਦਬੀ ਆਵਾਜ਼ ਵਿਚ ਪੀੜਤ ਪਰਵਾਰ ਵਿਰੁੱਧ ਆਰੰਭੀ ਪੜਤਾਲ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਧਰ ਹੌਟਨ ਦਾ ਕਹਿਣਾ ਸੀ ਕਿ ਬੀ.ਸੀ. ਵਿਚ ਗੋਲੀਬਾਰੀ ਦੇ ਅੰਕੜੇ ਹਰ ਕਿਸੇ ਨੂੰ ਪ੍ਰੇਸ਼ਾਨ ਕਰ ਰਹੇ ਹਨ ਅਤੇ ਸ਼ੱਕੀਆਂ ਦੀ ਪੈੜ ਨੱਪਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਸੇ ਦੌਰਾਨ ਸਰੀ ਦੇ ਈਸਟ ਕਲੋਵਰਡੇਲ ਇਲਾਕੇ ਵਿਚ ਗੋਲੀਆਂ ਚੱਲਣ ਦੀ ਇਤਲਾਹ ਮਿਲਣ 'ਤੇ ਆਰ.ਸੀ.ਐਮ.ਪੀ. ਦਾ ਸਰੀ ਪ੍ਰੋਵਿਨਸ਼ੀਅਲ ਆਪ੍ਰੇਸ਼ਨਜ਼ ਸਪੋਰਟ ਯੂਨਿਟ ਸੋਮਵਾਰ ਸਵੇਰੇ ਮੌਕਾ ਏ ਵਾਰਦਾਤ 'ਤੇ ਪੁੱਜਾ। ਜਾਂਚਕਰਤਾਵਾਂ ਨੇ ਦੱਸਿਆ ਕਿ 19300 ਬਲਾਕ ਲੈਂਗਲੀ ਬਾਇਪਾਸ ਦੇ ਇਕ ਕਾਰੋਬਾਰੀ ਟਿਕਾਣੇ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਵਾਰਦਾਤ ਦੌਰਾਨ ਕੋਈ ਜ਼ਖ਼ਮੀ ਨਹੀਂ ਹੋਇਆ। 1 ਜਨਵਰੀ ਮਗਰੋਂ ਸਰੀ ਵਿਖੇ ਜਬਰੀ ਵਸੂਲੀ ਦੇ ਮਾਮਲਿਆਂ ਨਾਲ ਸਬੰਧਤ ਗੋਲੀਬਾਰੀ ਦੀ ਇਹ ਛੇਵੀਂ ਵਾਰਦਾਤ ਹੈ ਜਦਕਿ ਲੋਅਰਮੇਨਲੈਂਡ ਵਿਚ ਕੁਲ ਅੱਠ ਵਾਰਦਾਤਾਂ ਹੋ ਚੁੱਕੀਆਂ ਹਨ। 7 ਜਨਵਰੀ ਨੂੰ ਸਰੀ ਦੇ ਨਿਊਟਨ ਇਲਾਕੇ ਵਿਚ ਗੋਲੀਬਾਰੀ ਹੋਈ ਅਤੇ ਇਸੇ ਦਿਨ ਨੌਰਥ ਡੈਲਟਾ ਦੇ ਘਰ ਨੂੰ ਨਿਸ਼ਾਨਾ ਬਣਾਇਆ ਗਿਆ।

### ਸਰੀ ਪੁਲਿਸ ਨੇ ਪੀੜਤ ਪਰਵਾਰ ਵਿਰੁੱਧ ਹੀ ਆਰੰਭੀ ਪੜਤਾਲ

ਇਸ ਮਗਰੋਂ 8 ਜਨਵਰੀ ਨੂੰ ਲੈਂਗਲੀ ਦੇ ਘਰ 'ਤੇ ਗੋਲੀਆਂ ਚੱਲੀਆਂ ਅਤੇ 11 ਜਨਵਰੀ ਨੂੰ ਸਰੀ ਦੇ ਹੀ ਕਲੋਵਰਡੇਲ ਇਲਾਕੇ ਵਿਚ ਇਕੋ ਘਰ ਨੂੰ ਦੂਜੀ ਵਾਰ ਨਿਸ਼ਾਨਾ ਬਣਾਇਆ ਗਿਆ। 14 ਜਨਵਰੀ ਨੂੰ ਸਰੀ ਦੇ ਭੋਜਨ ਸਵੀਟਸ ਐਂਡ ਰੈਸਟੋਰੈਂਟ ਉਤੇ ਹਮਲਾ ਹੋਣ ਦੀ ਰਿਪੋਰਟ ਸਾਹਮਣੇ ਆਈ ਜਦਕਿ 15 ਜਨਵਰੀ ਨੂੰ ਪੈਨੋਰਮਾ ਰਿਜ ਦੇ ਘਰ ਅਤੇ ਗੱਡੀ ਨੂੰ ਅਣਪਛਾਤੇ ਸ਼ੱਕੀਆਂ ਨੇ ਗੋਲੀਆਂ ਨਾਲ ਵਿੰਨ੍ਹ ਦਿਤਾ। ਫ਼ਿਲਹਾਲ ਇਨ੍ਹਾਂ ਮਾਮਲੇ ਵਿਚ ਕੋਈ ਗ੍ਰਿਫ਼ਤਾਰੀ ਸਾਹਮਣੇ ਨਹੀਂ ਆਈ ਅਤੇ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਕੋਈ ਡੈਸ਼ਕੈਮ ਫੁਟੇਜ ਜਾਂ ਸੀ.ਸੀ.ਟੀ.ਵੀ. ਫੁਟੇਜ ਹੋਵੇ ਤਾਂ ਸਰੀ ਪੁਲਿਸ ਦੇ ਗੈਰ ਐਮਰਜੰਸੀ ਨੰਬਰ 604 599 0502 'ਤੇ ਕਾਲ ਕੀਤੀ ਜਾ ਸਕਦੀ ਹੈ।

## ਟਰੰਪ ਨੇ ਕੈਨੇਡਾ ਨੂੰ...

ਸੋਸ਼ਲ ਮੀਡੀਆ ਰਾਹੀਂ ਨਕਸ਼ਾ ਜਾਰੀ ਕਰਨ ਮਗਰੋਂ ਕਿਹਾ ਕਿ ਨਾਟੋ ਦੇ ਮੁਖੀ ਮਾਰਕ ਰੂਟ ਨਾਲ ਗੱਲਬਾਤ ਬਹੱਦ ਹਾਂਪੱਖੀ ਰਹੀ। ਟਰੰਪ ਵੱਲੋਂ ਮਾਰਕ ਰੂਟ ਦਾ ਨਿਜੀ ਸੁਨੇਹਾ ਵੀ ਸੋਸ਼ਲ ਮੀਡੀਆ ਰਾਹੀਂ ਸਾਂਝਾ ਕੀਤਾ ਗਿਆ ਹੈ ਜਿਸ ਵਿਚ ਉਹ ਲਿਖਦੇ ਹਨ, ''ਮਿਸਟਰ ਪ੍ਰੈਜ਼ੀਡੈਂਟ, ਅੱਜ ਤੁਸੀਂ ਸੀਰੀਆ ਵਿਚ ਜੋ ਹਾਸਲ ਕੀਤਾ ਹੈ ਜੋ ਸ਼ਾਨਦਾਰ ਹੈ, ਮੈਂ ਦਾਵੋਸ ਵਿਖੇ ਮੀਡੀਆ ਇੰਟਰਵਿਊ ਦੌਰਾਨ ਸੀਰੀਆ, ਗਾਜ਼ਾ ਅਤੇ ਯੂਕਰੇਨ ਵਿਚ ਤੁਹਾਡੇ ਵੱਲੋਂ ਕੀਤੇ ਕੰਮਾਂ ਨੂੰ ਪੇਸ਼ ਕਰਾਂਗਾ।'' ਮਾਰਕ ਰੂਟਨੇ ਆਪਣੇ ਸੁਨੇਹੇ ਵਿਚ ਅੱਗੇ ਲਿਖਿਆ ਕਿ ਉਹ ਗਰੀਨਲੈਂਡ ਬਾਰੇ ਭਵਿੱਖ ਦੇ ਰਾਹ ਤਲਾਸ਼ ਕਰਨ ਲਈ ਵਚਨਬੱਧ ਹਨ। ਟਰੰਪ ਨੇ ਨਿਜੀ ਸੁਨੇਹੇ ਲਈ ਮਾਰਕ ਰੂਟ ਦਾ ਸ਼ੁਕਰੀਆ ਅਦਾ ਕੀਤਾ। ਗਰੀਨਲੈਂਡ ਬਾਰੇ ਵਧਦੇ ਵਿਵਾਦ ਦਰਮਿਆਨ ਟਰੰਪ ਵੱਲੋਂ ਨੌਰਥ ਅਮੈਰਿਕਨ ਐਰੋਸਪੇਸ ਡਿਫੈਂਸ ਕਮਾਨ ਦਾ ਇਕ ਫੌਜੀ ਜਹਾਜ਼ ਗਰੀਨਲੈਂਡ ਭੇਜਿਆ ਗਿਆ ਹੈ। ਦੂਜੇ ਪਾਸੇ ਟਰੰਪ ਦੀਆਂ ਧਮਕੀਆਂ ਨੂੰ ਵੇਖਦਿਆਂ ਡੈਨਮਾਰਕ ਵੱਲੋਂ ਵੀ ਗਰੀਨਲੈਂਡ ਵਿਖੇ ਵਾਧੂ ਫੌਜੀ ਤੈਨਾਤ ਕੀਤੇ ਗਏ ਹਨ। ਫਾਇਨੈਂਸ਼ੀਅਲ ਟਾਈਮਜ਼ ਦੀ ਰਿਪੋਰਟ ਮੁਤਾਬਕ ਸੋਮਵਾਰ ਨੂੰ ਕਈ ਜਹਾਜ਼ ਡੈਨਮਾਰਕ ਦੇ ਫੌਜੀਆਂ ਅਤੇ ਹੋਰ ਸਾਜ਼ੋ ਸਮਾਨ ਲੈਕੇ ਗਰੀਨਲੈਂਡ ਪੁੱਜੇ।

## ਗ੍ਰੀਨਲੈਂਡ ਨੂੰ ਪ੍ਰਾਪਤ ਕਰਨ...

ਅਮਰੀਕਾ ਨੂੰ ਡੈਨਮਾਰਕ ਤੋਂ ਗ੍ਰੀਨਲੈਂਡ ਲੈਣ ਦੀ ਇਜਾਜ਼ਤ ਦੇਵੇ। ਇਕ ਅਸਾਧਾਰਣ ਚੇਤਾਵਨੀ ਦਿੰਦਿਆਂ ਉਨ੍ਹਾਂ ਕਿਹਾ ਕਿ ਨਾਟੋ ਦੇ ਮੈਂਬਰ ਹਾਂ ਕਹਿ ਸਕਦੇ ਹਨ, 'ਅਤੇ ਅਸੀਂ ਬਹੁਤ ਪ੍ਰਸ਼ੰਸਾ ਕਰਾਂਗੇ। ਜਾਂ ਤੁਸੀਂ ਨਾਂਹ ਕਹਿ ਸਕਦੇ ਹੋ, ਅਤੇ ਅਸੀਂ ਯਾਦ ਰੱਖਾਂਗੇ।' ਟਰੰਪ ਨੇ ਕਿਹਾ, ''ਇਹ ਵਿਸ਼ਾਲ ਅਸੁਰੱਖਿਅਤ ਟਾਪੂ ਅਸਲ ਵਿਚ ਉੱਤਰੀ ਅਮਰੀਕਾ ਦਾ ਹਿੱਸਾ ਹੈ। ਇਹ ਸਾਡਾ ਖੇਤਰ ਹੈ।'' ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਤੇਜ਼ੀ ਨਾਲ ਵਧ ਰਿਹਾ ਹੈ ਪਰ ਯੂਰਪ 'ਸਹੀ ਦਿਸ਼ਾ ਵਲ ਨਹੀਂ ਜਾ ਰਿਹਾ।' ਨਾਟੋ ਸਹਿਯੋਗੀ ਡੈਨਮਾਰਕ ਤੋਂ ਗ੍ਰੀਨਲੈਂਡ ਦਾ ਨਿਯੰਤਰਣ ਖੋਹਣ ਦੀਆਂ ਉਸ ਦੀਆਂ ਇੱਛਾਵਾਂ ਵਾਸ਼ਿੰਗਟਨ ਦੇ ਬਹੁਤ ਸਾਰੇ ਨਜ਼ਦੀਕੀ ਸਹਿਯੋਗੀਆਂ ਨਾਲ ਸਬੰਧਾਂ ਨੂੰ ਤੋੜਨ ਦੀ ਧਮਕੀ ਦਿੰਦੀਆਂ ਹਨ। ਅਪਣੇ ਸੰਬੋਧਨ ਵਿਚ ਉਨ੍ਹਾਂ ਨੇ ਡੈਨਮਾਰਕ ਤੋਂ ਗ੍ਰੀਨਲੈਂਡ ਪ੍ਰਾਪਤ ਕਰਨ ਲਈ ਅਮਰੀਕਾ ਨੂੰ 'ਤੁਰਤ ਗੱਲਬਾਤ' ਦੀ ਮੰਗ ਕੀਤੀ, ਦੂਜੇ ਵਿਸ਼ਵ ਜੰਗ ਦੌਰਾਨ ਆਰਕਟਿਕ ਟਾਪੂ ਦੀ ਅਮਰੀਕਾ ਵਲੋਂ ਸੁਰੱਖਿਆ ਲਈ 'ਅਕ੍ਰਿਤਘਣ' ਹੋਣ ਲਈ ਸਕੈਨਡੇਨੇਵੀਅਨ ਦੇਸ਼ ਦੀ ਨਿੰਦਾ ਕੀਤੀ, ਅਤੇ ਅਪਣਾ ਦਾਅਵਾ ਜਾਰੀ ਰੱਖਿਆ ਕਿ ਅਮਰੀਕਾ ਦੀ ਕੌਮੀ ਸੁਰੱਖਿਆ ਲਈ ਟਾਪੂ ਨੂੰ ਨਿਯੰਤਰਿਤ ਕਰਨ ਦੀ ਜ਼ਰੂਰਤ ਹੈ। ਟਰੰਪ ਨੇ ਦਾਅਵਾ ਕੀਤਾ ਕਿ 'ਸਾਡੇ ਬਿਨਾਂ, ਜ਼ਿਆਦਾਤਰ ਦੇਸ਼ ਕੰਮ ਵੀ ਨਹੀਂ ਕਰਦੇ'।

## 2 ਸਾਲ ਪਹਿਲਾ ਕੈਨੇਡਾ ਗਏ ਕਿਸਾਨ ਪਰਿਵਾਰ ਦੇ ਇਕਲੌਤੇ ਪੁੱਤ ਦੀ ਸ਼ੱਕੀ ਹਾਲਤਾਂ 'ਚ ਮੌਤ

ਸੁਨਹਿਰੀ ਭਵਿੱਖ ਦਾ ਸੁਪਨਾ ਲੈ ਕੇ ਵਿਦੇਸ਼ ਗਏ ਇਕ ਹੋਰ ਨੌਜਵਾਨ ਦੀ ਮੌਤ ਦੀ ਖਬਰ ਆਈ ਹੈ। ਤਾਜ਼ਾ ਜਾਣਕਾਰੀ ਅਨੁਸਾਰ 24 ਸਾਲਾ ਪੰਜਾਬੀ ਨੌਜਵਾਨ ਰਾਜਪ੍ਰੀਤ ਸਿੰਘ ਦੀ ਕੈਨੇਡਾ ਵਿੱਚ ਸ਼ੱਕੀ ਹਾਲਾਤਾਂ ਵਿੱਚ ਹੋ ਗਈ। ਰਾਜਪ੍ਰੀਤ ਬਰਨਾਲਾ ਦੇ ਮਹਿਲ ਕਲਾਂ ਦੇ ਗੁਰਮ ਪਿੰਡ ਦੇ ਰਹਿਣ ਵਾਲਾ ਸੀ ਉਸਦੀ ਮੌਤ ਨਾਲ ਪਰਿਵਾਰ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਰਾਜਪ੍ਰੀਤ ਸਿੰਘ ਕਰੀਬ ਦੋ ਸਾਲ ਪਹਿਲਾ ਕੈਨੇਡਾ ਗਿਆ ਸੀ। ਰਾਜਪ੍ਰੀਤ ਸਿੰਘ ਕੈਨੇਡਾ ਦੇ ਸਰੀ ਵਿੱਚ ਰਹਿੰਦਾ ਸੀ। ਪਰਿਵਾਰ ਦਾ ਕਹਿਣਾ ਹੈ ਕਿ ਬੀਤੀ 17 ਜਨਵਰੀ ਨੂੰ, ਕੈਨੇਡਾ ਵਿੱਚ ਰਹਿਣ ਵਾਲੇ ਇੱਕ ਰਿਸ਼ਤੇਦਾਰ ਨੇ ਉਨ੍ਹਾਂ ਨੂੰ ਉਸਦੀ ਮੌਤ ਬਾਰੇ ਸੂਚਿਤ ਕਰਨ ਲਈ ਫ਼ੋਨ ਕੀਤਾ। ਹਾਲਾਂਕਿ, ਉਸਦੀ ਮੌਤ ਦੇ ਕਾਰਨਾਂ ਬਾਰੇ ਅਜੇ ਤੱਕ ਕੋਈ ਸਪੱਸ਼ਟ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

ਮ੍ਰਿਤਕ ਰਾਜਪ੍ਰੀਤ ਸਿੰਘ ਦੇ ਮਾਪਿਆਂ ਨੇ ਕਿਹਾ ਕਿ ਉਹ ਇੱਕ ਛੋਟੇ ਕਿਸਾਨ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਨੇ ਆਪਣੇ ਇਕਲੌਤੇ ਪੁੱਤਰ ਦੇ ਉੱਜਵਲ ਭਵਿੱਖ ਅਤੇ ਵੱਡੇ ਸੁਪਨਿਆਂ ਨੂੰ ਪੂਰਾ ਕਰਨ ਲਈ 18 ਲੱਖ ਦਾ ਕਰਜ਼ਾ ਲਿਆ ਸੀ ਅਤੇ ਅਪ੍ਰੈਲ 2024 ਵਿੱਚ ਉਸਨੂੰ ਸਟੱਡੀ ਵੀਜ਼ੇ 'ਤੇ ਵਿਦੇਸ਼ ਭੇਜਿਆ ਸੀ। ਉਨ੍ਹਾਂ ਕਿਹਾ ਕਿ ਪਰਿਵਾਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚਲਦਾ ਹੈ। ਪਹਿਲਾਂ ਹੀ ਭਾਰੀ ਕਰਜ਼ੇ ਦੇ ਬੋਝ ਹੇਠ ਦਬੇ ਹੋਣ ਕਰਕੇ ਉਹ ਆਪਣੇ ਪੁੱਤਰ ਦੀ ਲਾਸ਼ ਨੂੰ ਪੰਜਾਬ ਵਾਪਸ ਲਿਆਉਣ ਤੋਂ ਵੀ ਅਸਮਰੱਥ ਹਨ। ਦੁਖੀ ਪਰਿਵਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਇਲਾਕੇ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਮਦਦ ਦੀ ਅਪੀਲ ਕੀਤੀ ਹੈ ਅਤੇ ਕਿਹਾ ਹੈ ਕਿ ਉਹ ਰਾਜਪ੍ਰੀਤ ਸਿੰਘ ਦੀ ਲਾਸ਼ ਨੂੰ ਪੰਜਾਬ ਲਿਆਉਣ ਵਿੱਚ ਸਹਾਇਤਾ ਕਰਨ।

# ਅਮਰੀਕਾ 'ਚ ਭਾਰੀ ਬਰਫ਼ੀਲੇ ਤੂਫ਼ਾਨ ਨੇ ਮਚਾਈ ਤਬਾਹੀ

## ਮਿਸ਼ੀਗਨ 'ਚ ਅੰਤਰਰਾਜੀ ਹਾਈਵੇਅ 'ਤੇ 100 ਤੋਂ ਵੱਧ ਵਾਹਨ ਟਕਰਾਏ, ਕਈ ਜ਼ਖਮੀ



ਗ੍ਰੇਟ ਲੇਕਸ ਖੇਤਰ ਤੋਂ ਆਏ ਇੱਕ ਭਿਆਨਕ ਬਰਫੀਲੇ ਤੂਫਾਨ ਨੇ ਅਮਰੀਕਾ ਦੇ ਮਿਸ਼ੀਗਨ ਰਾਜ ਵਿੱਚ ਤਬਾਹੀ ਮਚਾ ਦਿੱਤੀ ਹੈ। ਸੋਮਵਾਰ ਸਵੇਰੇ ਇੰਟਰਸਟੇਟ 196 'ਤੇ 100 ਤੋਂ ਵੱਧ ਵਾਹਨ ਟਕਰਾ ਗਏ ਜਾਂ ਸੜਕ ਤੋਂ ਖਿਸਕ ਗਏ। ਇਹ ਹਾਦਸਾ ਗ੍ਰੈਂਡ ਰੈਪਿਡਸ ਨੇੜੇ ਹਡਸਨਵਿਲੇ ਇਲਾਕੇ ਵਿੱਚ ਵਾਪਰਿਆ ਹੈ। ਸੂਬਾ ਪੁਲਿਸ ਦੇ ਅਨੁਸਾਰ, ਹਾਦਸੇ ਵਿੱਚ ਕਈ ਲੋਕ ਜ਼ਖਮੀ ਹੋਏ ਹਨ। ਹਾਲਾਂਕਿ ਹੁਣ ਤੱਕ ਕਿਸੇ ਦੀ ਮੌਤ ਦੀ ਖ਼ਬਰ ਨਹੀਂ ਹੈ। ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਓਟਾਵਾ ਕਾਊਂਟੀ ਸ਼ੈਰਿਫ਼ ਦੇ ਦਫ਼ਤਰ ਨੇ ਰਿਪੋਰਟ ਦਿੱਤੀ ਕਿ ਕਈ ਵਾਹਨ ਸੜਕ 'ਤੇ ਫਿਸਲ ਗਏ ਅਤੇ ਪਲਟ ਗਏ, ਅਤੇ ਕਈ ਟਰੱਕ ਜੈਕਨੀਫ਼ ਵਾਲੀ ਸਥਿਤੀ ਵਿੱਚ ਫਸ ਗਏ ਹਨ। ਹਾਈਵੇਅ 'ਤੇ ਫਸੇ ਯਾਤਰੀਆਂ ਨੂੰ ਬੱਸਾਂ ਰਾਹੀਂ ਹਡਸਨਵਿਲ ਹਾਈ ਸਕੂਲ ਲਿਜਾਇਆ ਗਿਆ, ਜਿੱਥੇ ਉਹ ਆਪਣੇ ਪਰਿਵਾਰਾਂ ਨਾਲ ਸੰਪਰਕ ਕਰ ਸਕਦੇ ਸਨ ਜਾਂ ਵਿਕਲਪਿਕ ਯਾਤਰਾ ਪ੍ਰਬੰਧ ਕਰ ਸਕਦੇ ਸਨ। ਇਸ ਵੱਡੇ ਹਾਦਸੇ ਤੋਂ ਬਾਅਦ, ਮਿਸ਼ੀਗਨ ਸਟੇਟ ਪੁਲਿਸ ਨੇ ਸੁਰੱਖਿਆ ਕਾਰਨਾਂ ਕਰਕੇ ਇੰਟਰਸਟੇਟ 196 ਨੂੰ ਦੋਵਾਂ ਦਿਸ਼ਾਵਾਂ ਵਿੱਚ ਬੰਦ ਕਰ ਦਿੱਤਾ ਹੈ। ਬਚਾਅ ਅਤੇ ਰਾਹਤ ਟੀਮਾਂ ਨੂੰ ਸੜਕ ਤੋਂ ਵਾਹਨਾਂ ਨੂੰ ਹਟਾਉਣ ਲਈ ਸੰਘਰਸ਼ ਕਰਨਾ ਪਿਆ। ਇਸ ਹਾਦਸੇ ਵਿੱਚ 30 ਤੋਂ ਵੱਧ ਸੈਮੀ-ਟ੍ਰੇਲਰ ਟਰੱਕ ਵੀ ਸ਼ਾਮਿਲ ਸਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਫਾਈ ਕਾਰਨ ਇੰਟਰਸਟੇਟ 196 ਕਈ ਘੰਟਿਆਂ ਲਈ ਬੰਦ ਹੋ ਸਕਦਾ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਖਰਾਬ ਮੌਸਮ ਦੌਰਾਨ ਬੇਲੋੜੀ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਹੈ।

# ਅਮਰੀਕਾ 'ਚ ਘੇਰੇ 390 ਟਰੱਕ ਡਰਾਈਵਰ

## 80 ਟਰੱਕ ਕੀਤੇ ਜ਼ਬਤ, ਵੱਡੀਆਂ ਖਾਮੀਆਂ ਬਣੀਆਂ ਕਾਰਨ



ਅਮਰੀਕਾ ਵਿਚ ਟਰੱਕ ਡਰਾਈਵਰਾਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਦਰਮਿਆਨ ਮੇਨ ਸਟੇਟ ਪੁਲਿਸ ਵੱਲੋਂ 390 ਟਰੱਕਾਂ ਦੀ ਚੈਕਿੰਗ ਕੀਤੀ ਗਈ ਜਿਨ੍ਹਾਂ ਵਿਚੋਂ 80 ਸੜਕ 'ਤੇ ਚਲਾਉਣ ਦੇ ਬਿਲਕੁਲ ਵੀ ਕਾਬਲ ਨਾ ਹੋਣ ਕਰ ਕੇ ਜ਼ਬਤ ਹੋ ਗਏ। ਇਕ ਟਰੱਕ ਅਜਿਹਾ ਨਿਕਲਿਆ ਵਿਚ ਇਕ ਜਾਂ ਦੋ ਨਹੀਂ ਸਗੋਂ 37 ਵੱਡੇ ਨੁਕਸ ਨਜ਼ਰ ਆਏ। ਮੇਨ ਸਟੇਟ ਪੁਲਿਸ ਨੇ ਦੱਸਿਆ ਕਿ ਹਰ ਸਾਲ ਸੂਬੇ ਵਿਚੋਂ ਲੰਘਣ ਵਾਲੇ ਤਕਰੀਬਨ 6 ਲੱਖ ਟਰੱਕਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਅਤੇ ਯਕੀਨੀ ਬਣਾਇਆ ਜਾਂਦਾ ਹੈ ਕਿ ਕੋਈ ਵੀ ਡਰਾਈਵਰ ਸੜਕ ਹਾਦਸੇ ਦਾ ਕਾਰਨ ਬਣਨ ਵਾਲਾ ਟਰੱਕ ਨਾ ਚਲਾ ਰਿਹਾ ਹੋਵੇ। ਅਪ੍ਰੇਸ਼ਨ ਸੇਫ਼ ਡਰਾਈਵ ਦੌਰਾਨ ਖ਼ਤਰਨਾਕ ਤਰੀਕੇ ਨਾਲ ਡਰਾਈਵਿੰਗ ਕਰਨ ਵਾਲਿਆਂ ਨੂੰ ਵੀ ਡੱਕਿਆ ਜਾਂਦਾ ਹੈ ਅਤੇ ਕਮਰਸ਼ੀਅਲ ਵ੍ਹੀਕਲਜ਼ ਦੀ ਸ਼ਮੂਲੀਅਤ ਵਾਲੇ ਹਾਦਸੇ ਘਟਾਉਣੇ ਮੁੱਖ ਮਕਸਦ ਹੈ। ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ ਵੱਲੋਂ ਟਰੱਕਾਂ ਦੀ ਪੜਤਾਲ ਵਿਚ ਅਹਿਮ ਭੂਮਿਕਾ ਅਦਾ ਕੀਤੀ ਜਾਂਦੀ ਹੈ ਅਤੇ ਵੱਖ ਵੱਖ ਰਾਜਾਂ ਦੀ ਪੁਲਿਸ ਦੇ ਸਹਿਯੋਗ ਨਾਲ ਕਮਰਸ਼ੀਅਲ ਵ੍ਹੀਕਲਜ਼ ਦੀ ਪੜਤਾਲ ਕੀਤੀ ਜਾਂਦੀ ਹੈ।









# ਦੱਖਣੀ ਕੋਰੀਆ ਦੇ ਸਾਬਕਾ ਪ੍ਰਧਾਨ ਮੰਤਰੀ ਨੂੰ ਹੋਈ 23 ਸਾਲ ਦੀ ਕੈਦ ਦੀ ਸਜ਼ਾ



ਦੱਖਣੀ ਕੋਰੀਆ ਦੀ ਇੱਕ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਯੂਨ ਸੁਕ-ਯੋਲ ਵੱਲੋਂ ਮਾਰਸ਼ਲ ਲਾਅ ਲਗਾਉਣ ਨੂੰ ਸੰਵਿਧਾਨ ਵਿਰੁੱਧ ਬਗਾਵਤ ਕਰਾਰ ਦਿੱਤਾ ਹੈ। ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਹਾਨ ਡੁਕ-ਸੂ, ਜੋ ਕਿ ਸਾਬਕਾ ਰਾਸ਼ਟਰਪਤੀ ਦੇ ਕਰੀਬੀ ਸਹਿਯੋਗੀ ਸਨ, ਨੂੰ ਵੀ 23 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਸ ਫੈਸਲੇ ਨੂੰ ਯੂਨ ਪ੍ਰਸ਼ਾਸਨ ਨਾਲ ਜੁੜੇ ਵਿਦਰੋਹ ਦੇ ਮਾਮਲੇ ਵਿੱਚ ਪਹਿਲੀ ਵੱਡੀ ਸਜ਼ਾ ਮੰਨਿਆ ਜਾ ਰਿਹਾ ਹੈ। ਸਿਓਲ ਸੈਂਟਰਲ ਡਿਸਟ੍ਰਿਕਟ ਕੋਰਟ ਨੇ ਬੁੱਧਵਾਰ ਨੂੰ ਇੱਕ ਫੈਸਲੇ ਵਿੱਚ ਕਿਹਾ ਕਿ ਯੂਨ ਸੁਕ-ਯੋਲ ਦਾ ਮਾਰਸ਼ਲ ਲਾਅ ਆਰਡਰ ਇੱਕ ਤਰ੍ਹਾਂ ਦਾ "ਸਵੈ-ਤਖ਼ਲਾਫ" ਸੀ ਜਿਸਦਾ ਉਦੇਸ਼ ਸੰਵਿਧਾਨਕ ਵਿਵਸਥਾ ਨੂੰ ਕਮਜ਼ੋਰ ਕਰਨਾ ਸੀ। ਅਦਾਲਤ ਨੇ ਸੰਸਦ ਅਤੇ ਚੋਣ ਦਫਤਰਾਂ ਵਿੱਚ ਫੌਜ ਅਤੇ ਪੁਲਿਸ ਦੀ ਤਾਇਨਾਤੀ ਨੂੰ ਇੱਕ ਅਜਿਹਾ ਕਦਮ ਦੱਸਿਆ ਜੋ ਗੰਭੀਰ ਅਸਥਿਰਤਾ ਪੈਦਾ ਕਰੇਗਾ।

ਹਾਨ ਡੁਕ-ਸੂ ਨੂੰ ਸਜ਼ਾ ਕਿਉਂ ਦਿੱਤੀ ਗਈ?

ਅਦਾਲਤ ਦੇ ਅਨੁਸਾਰ, ਤਤਕਾਲੀ ਪ੍ਰਧਾਨ ਮੰਤਰੀ ਹਾਨ ਡੁਕ-ਸੂ ਨੇ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਰਾਹੀਂ ਮਾਰਸ਼ਲ ਲਾਅ ਆਰਡਰ ਨੂੰ ਪ੍ਰਕਿਰਿਆਤਮਕ ਜਾਇਜ਼ਤਾ ਦੇਣ ਦੀ ਕੋਸ਼ਿਸ਼ ਕੀਤੀ ਅਤੇ ਇਸ ਤਰ੍ਹਾਂ ਬਗਾਵਤ ਵਿੱਚ ਮੁੱਖ ਭੂਮਿਕਾ ਨਿਭਾਈ। ਉਸਨੂੰ ਮਾਰਸ਼ਲ ਲਾਅ ਘੋਸ਼ਣਾ ਨੂੰ ਝੂਠਾ ਸਾਬਿਤ ਕਰਨ, ਦਸਤਾਵੇਜ਼ਾਂ ਨੂੰ ਨਸ਼ਟ ਕਰਨ ਅਤੇ ਸਹੁੰ ਖਾ ਕੇ ਝੂਠ ਬੋਲਣ ਦਾ ਵੀ ਦੋਸ਼ੀ ਠਹਿਰਾਇਆ ਗਿਆ ਹੈ। ਅਦਾਲਤ ਦੇ ਫੈਸਲੇ ਵਿੱਚ ਕਿਹਾ ਗਿਆ ਹੈ ਕਿ ਹਾਨ ਨੇ ਸੰਵਿਧਾਨ ਦੀ ਰੱਖਿਆ ਕਰਨ ਦੇ ਆਪਣੇ ਫਰਜ਼ ਨੂੰ ਨਜ਼ਰਅੰਦਾਜ਼ ਕੀਤਾ ਅਤੇ ਇਹ ਸੋਚ ਕੇ ਬਗਾਵਤ ਵਿੱਚ ਸ਼ਾਮਲ ਹੋ ਗਿਆ ਕਿ ਇਹ ਸਫਲ ਹੋ ਸਕਦਾ ਹੈ। ਅਦਾਲਤ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਕੰਮ ਦੇਸ਼ ਨੂੰ ਇੱਕ ਅਜਿਹੇ ਯੁੱਗ ਵਿੱਚ ਵਾਪਸ ਲੈ ਜਾ ਸਕਦੇ ਹਨ ਜਿੱਥੇ ਨਾਗਰਿਕ ਅਧਿਕਾਰਾਂ ਅਤੇ ਲੋਕਤੰਤਰੀ ਪ੍ਰਣਾਲੀ ਨੂੰ ਕੁਚਲਿਆ ਜਾਂਦਾ ਹੈ।

ਸਜ਼ਾ ਸੁਣਾਏ ਜਾਣ ਤੋਂ ਤੁਰੰਤ ਬਾਅਦ ਹਾਨ ਡੁਕ-ਸੂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਉਹ ਪਹਿਲਾਂ ਕਦੇ ਹਿਰਾਸਤ ਵਿੱਚ ਨਹੀਂ ਸੀ। 23 ਸਾਲ ਦੀ ਸਜ਼ਾ ਨੂੰ ਅਣਕਿਆਸੀ ਮੰਨਿਆ ਜਾ ਰਿਹਾ ਹੈ, ਕਿਉਂਕਿ ਸੁਤੰਤਰ ਸਰਕਾਰੀ ਵਕੀਲ ਨੇ 15 ਸਾਲ ਦੀ ਸਜ਼ਾ ਦੀ ਮੰਗ ਕੀਤੀ ਸੀ। ਹਾਨ ਫੈਸਲੇ ਵਿਰੁੱਧ ਅਪੀਲ ਕਰ ਸਕਦਾ ਹੈ।

# ਈਰਾਨ 'ਚ ਫਸੇ ਭਾਰਤੀ ਵਿਦਿਆਰਥੀਆਂ ਦੀ ਵਤਨ ਵਾਪਸੀ ਜਾਰੀ

## ਸੁਰੱਖਿਅਤ ਦਿੱਲੀ ਹਵਾਈ ਅੱਡੇ ਪੁੱਜਿਆ ਦੂਜਾ ਬੈਚ



ਨਵੀ ਦਿੱਲੀ: ਈਰਾਨ ਵਿੱਚ ਫਸੇ ਭਾਰਤੀ ਵਿਦਿਆਰਥੀਆਂ ਦਾ ਦੂਜਾ ਬੈਚ ਸੁਰੱਖਿਅਤ ਭਾਰਤ ਵਾਪਸ ਪਰਤਿਆ ਹੈ। ਜੰਮੂ ਅਤੇ ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ (ਜੇਕੇਐਸਏ) ਦੇ ਅਨੁਸਾਰ, ਮੌਜੂਦਾ ਸਥਿਤੀ ਦੇ ਵਿਚਕਾਰ ਇਸ ਵਾਪਸੀ ਨਾਲ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਹੁਤ ਰਾਹਤ ਮਿਲੀ ਹੈ। ਇਸ ਤੋਂ ਪਹਿਲਾਂ, 17 ਜਨਵਰੀ ਨੂੰ, ਕਈ ਭਾਰਤੀ ਈਰਾਨ ਤੋਂ ਦਿੱਲੀ ਹਵਾਈ ਅੱਡੇ 'ਤੇ ਪਹੁੰਚੇ। ਉਨ੍ਹਾਂ ਵਿੱਚ ਵੀ ਜ਼ਿਆਦਾਤਰ ਵਿਦਿਆਰਥੀ ਸਨ।

ਦੂਜੇ ਬੈਚ ਦੇ ਵਿਦਿਆਰਥੀ ਏਅਰ ਇੰਡੀਆ ਦੀਆਂ ਉਡਾਣਾਂ AI-996 ਅਤੇ AI-930 ਰਾਹੀਂ ਦੁਬਈ ਅਤੇ ਸ਼ਾਰਜਾਹ ਹੁੰਦੇ ਹੋਏ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੇ। ਸਾਰੇ ਵਿਦਿਆਰਥੀ ਆਪਣੇ ਖਰਚੇ 'ਤੇ ਭਾਰਤ ਵਾਪਸ ਆਏ। ਹੁਣ ਤੱਕ 200 ਤੋਂ ਵੱਧ ਭਾਰਤੀ ਵਿਦਿਆਰਥੀ ਈਰਾਨ ਤੋਂ ਭਾਰਤ ਵਾਪਸ ਆ ਚੁੱਕੇ ਹਨ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਜੰਮੂ ਅਤੇ ਕਸ਼ਮੀਰ ਦੇ ਵਿਦਿਆਰਥੀ ਹਨ। ਜੇਕੇਐਸਏ ਨੇ ਕਿਹਾ ਕਿ ਬਹੁਤ ਸਾਰੇ ਵਿਦਿਆਰਥੀ ਪਹਿਲਾਂ ਸਿਵਲ ਹਵਾਬਾਜ਼ੀ ਸੇਵਾਵਾਂ, ਜਿਸ ਵਿੱਚ ਅਜ਼ਰਬਾਈਜਾਨ ਅਤੇ ਮਸਕਟ ਰਾਹੀਂ ਜੁੜਨ ਵਾਲੀਆਂ ਉਡਾਣਾਂ ਸ਼ਾਮਲ ਹਨ, ਰੱਦ ਕਰਨ ਕਾਰਨ ਸਮੇਂ ਸਿਰ ਵਾਪਸ ਨਹੀਂ ਆ ਸਕੇ।

ਦੱਸ ਦਈਏ ਕਿ ਈਰਾਨੀ ਮੁਦਰਾ ਰਿਆਲ 'ਚ ਇਤਿਹਾਸਕ ਗਿਰਾਵਟ ਅਤੇ ਮਹਿੰਗਾਈ ਦੇ ਵਿਰੋਧ ਵਿੱਚ 28 ਦਸੰਬਰ, 2025 ਨੂੰ ਈਰਾਨ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਏ। ਹਿੰਸਾ ਦੇਸ਼ ਦੇ ਸਾਰੇ 31 ਪ੍ਰਾਂਤਾਂ ਵਿੱਚ ਫੈਲ ਗਈ, ਜਿਸ ਦੇ ਨਤੀਜੇ ਵਜੋਂ 3,000 ਤੋਂ ਵੱਧ ਲੋਕ ਮਾਰੇ ਗਏ। ਈਰਾਨ ਵਿੱਚ ਹਿੰਸਾ ਭੜਕਣ ਤੋਂ ਤੁਰੰਤ ਬਾਅਦ, ਭਾਰਤੀ ਵਿਦੇਸ਼ ਮੰਤਰਾਲੇ ਨੇ ਲੋਕਾਂ ਨੂੰ ਜਲਦੀ ਤੋਂ ਜਲਦੀ ਈਰਾਨ ਛੱਡਣ ਦੀ ਅਪੀਲ ਕੀਤੀ ਸੀ।

ਇਸ ਤੋਂ ਪਹਿਲਾਂ, 17 ਜਨਵਰੀ ਨੂੰ, ਕਈ ਭਾਰਤੀ ਈਰਾਨ ਤੋਂ ਦਿੱਲੀ ਹਵਾਈ ਅੱਡੇ 'ਤੇ ਪਹੁੰਚੇ। ਕੁਝ ਭਾਰਤ ਸਰਕਾਰ ਦੀ ਪਹਿਲਕਦਮੀ ਰਾਹੀਂ ਵਾਪਸ ਆਏ, ਜਦੋਂ ਕਿ ਕੁਝ ਆਪਣੇ ਖਰਚੇ 'ਤੇ ਵਾਪਸ ਆਏ। ਉਡਾਣ ਸੰਚਾਲਨ ਹੌਲੀ-ਹੌਲੀ ਆਮ ਵਾਂਗ ਹੋਣ ਦੇ ਨਾਲ, ਆਉਣ ਵਾਲੇ ਦਿਨਾਂ ਵਿੱਚ ਹੋਰ ਵਿਦਿਆਰਥੀਆਂ ਦੇ ਭਾਰਤ ਵਾਪਸ ਆਉਣ ਦੀ ਉਮੀਦ ਹੈ।

# ਸਪੇਨ 'ਚ ਇਕ ਹੋਰ ਰੇਲ ਹਾਦਸਾ

## ਬਾਰਸੀਲੋਨਾ 'ਚ ਪਟੜੀ ਤੋਂ ਉਤਰੀ ਟ੍ਰੇਨ, ਕਈ ਯਾਤਰੀ ਜ਼ਖਮੀ



ਬਾਰਸੀਲੋਨਾ: ਸਪੇਨ ਵਿੱਚ ਰੇਲ ਯਾਤਰਾ ਇਨ੍ਹੀਂ ਦਿਨੀਂ ਬਹੁਤ ਹੀ ਅਸੁਰੱਖਿਅਤ ਅਤੇ ਡਰਾਉਣੀ ਸਾਬਤ ਹੋ ਰਹੀ ਹੈ, ਇੱਕ ਤੋਂ ਬਾਅਦ ਇੱਕ ਦੋ ਵੱਡੇ ਹਾਦਸੇ ਵਾਪਰੇ ਹਨ। ਤਾਜ਼ਾ ਜਾਣਕਾਰੀ ਅਨੁਸਾਰ ਹੁਣ ਬਾਰਸੀਲੋਨਾ ਦੇ ਨੇੜੇ ਇੱਕ ਕੰਧ ਢਹਿ ਗਈ, ਜਿਸ ਕਾਰਨ ਇੱਕ ਯਾਤਰੀ ਰੇਲਗੱਡੀ ਮਲਬੇ ਨਾਲ ਟਕਰਾਉਣ ਤੋਂ ਬਾਅਦ ਪਟੜੀ ਤੋਂ ਉਤਰ ਗਈ। ਇਹ ਘਟਨਾ ਉਦੋਂ ਵਾਪਰੀ ਹੈ ਜਦੋਂ ਦੇਸ਼ ਪਹਿਲਾਂ ਹੀ ਦੋ ਦਿਨ ਪੁਰਾਣੇ ਹਾਦਸੇ ਵਿੱਚ ਹੋਈਆਂ ਮੌਤਾਂ 'ਤੇ ਸੋਗ ਮਨਾ ਰਿਹਾ ਹੈ। ਸਪੇਨ ਰੇਲ ਸੁਰੱਖਿਆ ਚਿੰਤਾਵਾਂ 2026 ਵਧਦੀਆਂ ਚੁਣੌਤੀਆਂ ਦੇ ਵਿਚਕਾਰ, ਸਰਕਾਰ ਹੁਣ ਬੁਨਿਆਦੀ ਢਾਂਚੇ ਦੀ ਸੁਰੱਖਿਆ ਦੀ ਪੂਰੀ ਸਮੀਖਿਆ ਕਰ ਰਹੀ ਹੈ। ਇਹ ਦੁਖਦਾਈ ਹਾਦਸਾ ਬਾਰਸੀਲੋਨਾ ਤੋਂ ਲਗਭਗ 35 ਮਿੰਟ ਦੀ ਦੂਰੀ 'ਤੇ ਗੇਲੀਡਾ ਸ਼ਹਿਰ ਦੇ ਨੇੜੇ ਵਾਪਰਿਆ। ਰੇਲਵੇ ਆਪਰੇਟਰ ADIF ਦੇ ਅਨੁਸਾਰ, ਖੇਤਰ ਵਿੱਚ ਭਾਰੀ ਮੀਂਹ ਕਾਰਨ ਇੱਕ ਰਿਟੇਨਿੰਗ ਵਾਲ ਢਹਿ ਗਈ। ਕੰਧ ਦਾ ਭਾਰੀ ਮਲਬਾ ਸਿੱਧਾ ਰੇਲਵੇ ਟਰੈਕ 'ਤੇ ਡਿੱਗ ਪਿਆ, ਜਿਸ ਕਾਰਨ ਉੱਥੋਂ ਲੰਘ ਰਹੀ ਲੋਕਲ ਟ੍ਰੇਨ ਪਟੜੀ ਤੋਂ ਉਤਰ ਗਈ। ਇਸ ਤਾਜ਼ਾ ਰੇਲ ਹਾਦਸੇ ਵਿੱਚ ਘੱਟੋ-ਘੱਟ 15 ਯਾਤਰੀ ਜ਼ਖਮੀ ਹੋ ਗਏ, ਅਤੇ ਐਮਰਜੈਂਸੀ ਟੀਮਾਂ ਉਨ੍ਹਾਂ ਦੀ ਮਦਦ ਲਈ ਪਹੁੰਚੀਆਂ। ਮੈਡੀਕਲ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਜ਼ਖਮੀਆਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਬਣੀ ਹੋਈ ਹੈ। ਬਾਕੀ ਜ਼ਖਮੀ ਯਾਤਰੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਉਨ੍ਹਾਂ ਨੂੰ ਨੇੜਲੇ ਹਸਪਤਾਲ ਵਿੱਚ ਮੁੱਢਲੀ ਸਹਾਇਤਾ ਦਿੱਤੀ ਗਈ। ਦੱਸ ਦਈਏ ਕਿ ਇਹ ਹਾਦਸਾ ਦੱਖਣੀ ਸਪੇਨ ਵਿੱਚ ਹੋਏ ਇੱਕ ਭਿਆਨਕ ਰੇਲ ਹਾਦਸੇ ਤੋਂ ਦੋ ਦਿਨ ਬਾਅਦ ਹੋਇਆ ਹੈ ਜਿਸ ਵਿੱਚ 42 ਲੋਕ ਮਾਰੇ ਗਏ ਸਨ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਸਿਰਫ਼ ਦੋ ਦਿਨ ਪਹਿਲਾਂ ਦੱਖਣੀ ਸਪੇਨ ਵਿੱਚ ਇੱਕ ਭਿਆਨਕ ਰੇਲ ਟੱਕਰ ਹੋਈ ਸੀ। ਐਮਰਜੈਂਸੀ ਕਰਮਚਾਰੀ ਦੱਖਣੀ ਸਪੇਨ ਵਿੱਚ ਹੋਏ ਭਿਆਨਕ ਰੇਲ ਹਾਦਸੇ ਦੇ ਮਲਬੇ 'ਚੋਂ ਅਜੇ ਵੀ ਹੋਰ ਪੀੜਤਾਂ ਦੀ ਭਾਲ ਕਰ ਰਹੇ ਹਨ। ਉਸ ਘਟਨਾ ਕਾਰਨ ਦੇਸ਼ 'ਚ ਤਿੰਨ ਦਿਨਾਂ ਦਾ ਸੋਗ ਐਲਾਨਿਆ ਗਿਆ ਹੈ।

# ਜਲੰਧਰ 'ਚ ਵਾਪਰੀ ਬੇਅਦਬੀ ਦੀ ਘਟਨਾ; ਮਾਹੌਲ ਬਣਿਆ ਤਣਾਅਪੂਰਨ!

## ਜਥੇਦਾਰ ਗੜਗੱਜ ਵੱਲੋਂ ਜਾਂਚ ਦੇ ਆਦੇਸ਼



ਜਲੰਧਰ: ਮਾਹਲ ਪਿੰਡ ਵਿਖੇ ਅੱਜ ਸਵੇਰ 6 ਵਜੇ ਦੇ ਕਰੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਵਾਪਰੀ ਹੈ। ਜਾਣਕਾਰੀ ਅਨੁਸਾਰ ਕੁਝ ਸ਼ਰਾਰਤੀ ਅਨਸਰਾਂ ਨੇ ਗੁਰਦੁਆਰੇ ਦੇ ਬਾਹਰ ਗੁਰੂ ਸਾਹਿਬ ਜੀ ਦੇ ਪਾਵਨ ਅੰਗ ਪਾੜ ਕੇ ਬੇਅਦਬੀ ਕੀਤੀ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਤਣਾਅ ਪੈਦਾ ਹੋ ਗਿਆ। ਮਾਮਲੇ ਦਾ ਪਤਾ ਲਗਦੇ ਹੀ ਵੱਡੀ ਗਿਣਤੀ 'ਚ ਨਿਹੰਗ ਸਿੰਘ ਵੀ ਪਿੰਡ ਪੁੱਜੇ। ਇਲਾਕੇ ਵਿੱਚ ਤਣਾਅ ਵਧਣ ਅਤੇ ਸਿੱਖ ਸਮੂਹਾਂ ਵੱਲੋਂ ਵਿਰੋਧ ਪ੍ਰਦਰਸ਼ਨ ਕਾਰਨ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ। ਦੱਸ ਦਈਏ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਚਨੇ ਜਲੰਧਰ ਜ਼ਿਲ੍ਹੇ ਦੇ ਮਾਹਲ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਪਾੜ ਕੇ ਕੀਤੀ ਗਈ ਬੇਅਦਬੀ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਘਟਨਾ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਜਾਗਤ ਜੋਤ ਗੁਰੂ ਹਨ, ਜਿਨ੍ਹਾਂ ਕਰਕੇ ਸਾਡੀ ਹੋਂਦ ਹੈ, ਇਸ ਲਈ ਗੁਰੂ ਸਾਹਿਬ ਜੀ ਦੇ ਮਾਣ ਸਤਿਕਾਰ ਨਾਲ ਸਾਨੂੰ ਕਿਸੇ ਤਰ੍ਹਾਂ ਦਾ ਵੀ ਸਮਝੌਤਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਗੁਰਦੁਆਰਾ ਸਾਹਿਬ ਅੰਦਰ ਹਰ ਸਮੇਂ ਪਹਿਰੇਦਾਰੀ, ਗੁਰੂ ਘਰ ਦੇ ਪ੍ਰਬੰਧ ਪੁਖਤਾ ਅਤੇ ਸੁਰੱਖਿਅਤ ਬਣਾਉਣ ਵਿੱਚ ਸਾਨੂੰ ਆਪਣੀ ਜਿੰਮੇਵਾਰੀ ਸਮਝਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਕਈ ਥਾਵਾਂ ਉੱਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਵਿੱਚ ਅਜੇ ਵੀ ਢਿਲਾਈ ਵਰਤੀ ਜਾ ਰਹੀ ਹੈ, ਜੋ ਦਰਸਾਉਂਦਾ ਹੈ ਕਿ ਪ੍ਰਬੰਧਕਾਂ ਲਈ ਗੁਰੂ ਸਾਹਿਬ ਜੀ ਦੇ ਮਾਣ ਸਤਿਕਾਰ ਨਾਲੋਂ ਵਧੇਰੇ ਜ਼ਰੂਰੀ ਆਪਣੀ ਚੌਧਰ ਹੈ। ਉਨ੍ਹਾਂ ਸਿੱਖ ਸੰਗਤ ਨੂੰ ਤਾਕੀਦ ਕੀਤੀ ਕਿ ਆਪੋ-ਆਪਣੇ ਗੁਰਦੁਆਰਾ ਸਾਹਿਬਾਨ ਵਿਖੇ ਹਰ ਸਮੇਂ ਪਹਿਰੇਦਾਰੀ, ਚੱਲਦੀ ਹਾਲਤ ਵਿੱਚ ਕੈਮਰਿਆਂ ਦਾ ਪ੍ਰਬੰਧ ਯਕੀਨੀ ਬਣਾਉਣ।

ਪ੍ਰਾਪਤ ਮੁੱਢਲੀ ਜਾਣਕਾਰੀ ਅਨੁਸਾਰ ਬੀਤੇ ਕੱਲ੍ਹ ਸੰਧਿਆ ਵੇਲੇ ਸ਼ਰਾਰਤੀ ਅਨਸਰਾਂ ਵੱਲੋਂ ਮਾਹਲ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਇੱਕ ਬੱਚੇ ਵੱਲੋਂ ਗੁਰੂ ਸਾਹਿਬ ਜੀ ਦੇ ਪਾਵਨ ਅੰਗਾਂ ਦੀ ਬੇਅਦਬੀ ਕਰਵਾ ਕੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਗਈ ਹੈ, ਜਿਸ ਨਾਲ ਸੰਗਤਾਂ ਦੇ ਮਨਾਂ ਅੰਦਰ ਭਾਰੀ ਰੋਸ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਅਤੇ ਇਲਾਕੇ ਦੇ ਮੈਂਬਰਾਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਸਮੁੱਚੀ ਘਟਨਾ ਦੀ ਨਿਰਪੱਖ ਜਾਂਚ ਯਕੀਨੀ ਬਣਾਉਣ ਲਈ ਆਖਿਆ ਹੈ। ਜਥੇਦਾਰ ਗੜਗੱਜ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਤਖ਼ਤ ਸਾਹਿਬ ਤੋਂ ਇੱਕ ਟੀਮ ਅੱਜ ਹੀ ਲੈ ਕੇ ਘਟਨਾ ਵਾਲੇ ਸਥਾਨ ਉੱਤੇ ਪਹੁੰਚਣ ਅਤੇ ਗੁਰਦੁਆਰਾ ਸਾਹਿਬ ਦੇ ਸਮੁੱਚੇ ਪ੍ਰਬੰਧਾਂ ਅਤੇ ਬੇਅਦਬੀ ਸਬੰਧੀ ਰਿਪੋਰਟ ਭੇਜਣ। ਉਨ੍ਹਾਂ ਕਿਹਾ ਕਿ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਵੀ ਘਟਨਾ ਵਾਲੀ ਥਾਂ ਉੱਤੇ ਪਹੁੰਚ ਕੇ ਸਮੁੱਚਾ ਜਾਇਜ਼ਾ ਲੈਣਗੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਨੂੰ ਇਹ ਬੇਅਦਬੀ ਕਰਵਾਉਣ ਵਾਲੇ ਸਾਜ਼ਸ਼ਘਾੜਿਆਂ ਅਤੇ ਮੁੱਖ ਦੋਸ਼ੀਆਂ ਦੀ ਪਛਾਣ ਜਲਦ ਹੀ ਨਸ਼ਰ ਕਰਨ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਇਹ ਜਾਣਕਾਰੀ ਵੀ ਪ੍ਰਾਪਤ ਹੋ ਰਹੀ ਹੈ ਕਿ ਸਬੰਧਤ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਪ੍ਰਬੰਧ ਪੁਖਤਾ ਨਹੀਂ ਹਨ ਅਤੇ ਜੇਕਰ ਅਜਿਹਾ ਪਾਇਆ ਜਾਂਦਾ ਹੈ ਤਾਂ ਇਸ ਮਾਮਲੇ ਵਿੱਚ ਪ੍ਰਬੰਧਕਾਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗੜਗੱਜ ਵੱਲੋਂ ਜਲੰਧਰ ਬੇਅਦਬੀ ਘਟਨਾ ਦੀ ਜਾਂਚ ਦੇ ਹੁਕਮ



ਸ੍ਰੀ ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਲੰਧਰ ਜ਼ਿਲ੍ਹੇ ਦੇ ਮਾਹਲ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਪਾੜ ਕੇ ਕੀਤੀ ਗਈ ਬੇਅਦਬੀ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਘਟਨਾ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਜਾਗਤ ਜੋਤ ਗੁਰੂ ਹਨ, ਜਿਨ੍ਹਾਂ ਕਰਕੇ ਸਾਡੀ ਹੋਂਦ ਹੈ, ਇਸ ਲਈ ਗੁਰੂ ਸਾਹਿਬ ਜੀ ਦੇ ਮਾਣ ਸਤਿਕਾਰ ਨਾਲ ਸਾਨੂੰ ਕਿਸੇ ਤਰ੍ਹਾਂ ਦਾ ਵੀ ਸਮਝੌਤਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਗੁਰਦੁਆਰਾ ਸਾਹਿਬ ਅੰਦਰ ਹਰ ਸਮੇਂ ਪਹਿਰੇਦਾਰੀ, ਗੁਰੂ ਘਰ ਦੇ ਪ੍ਰਬੰਧ ਪੁਖਤਾ ਅਤੇ ਸੁਰੱਖਿਅਤ ਬਣਾਉਣ ਵਿੱਚ ਸਾਨੂੰ ਆਪਣੀ ਜਿੰਮੇਵਾਰੀ ਸਮਝਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਈ ਥਾਵਾਂ ਉੱਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਵਿੱਚ ਅਜੇ ਵੀ ਢਿਲਾਈ ਵਰਤੀ ਜਾ ਰਹੀ ਹੈ, ਜੋ ਦਰਸਾਉਂਦਾ ਹੈ ਕਿ ਪ੍ਰਬੰਧਕਾਂ ਲਈ ਗੁਰੂ ਸਾਹਿਬ ਜੀ ਦੇ ਮਾਣ ਸਤਿਕਾਰ ਨਾਲੋਂ ਵਧੇਰੇ ਜ਼ਰੂਰੀ ਆਪਣੀ ਚੌਧਰ ਹੈ। ਉਨ੍ਹਾਂ ਸਿੱਖ ਸੰਗਤ ਨੂੰ ਤਾਕੀਦ ਕੀਤੀ ਕਿ ਆਪੋ-ਆਪਣੇ ਗੁਰਦੁਆਰਾ ਸਾਹਿਬਾਨ ਵਿਖੇ ਹਰ ਸਮੇਂ ਪਹਿਰੇਦਾਰੀ, ਚੱਲਦੀ ਹਾਲਤ ਵਿੱਚ ਕੈਮਰਿਆਂ ਦਾ ਪ੍ਰਬੰਧ ਯਕੀਨੀ ਬਣਾਉਣ।

ਪ੍ਰਾਪਤ ਮੁੱਢਲੀ ਜਾਣਕਾਰੀ ਅਨੁਸਾਰ ਬੀਤੇ ਕੱਲ੍ਹ ਸੰਧਿਆ ਵੇਲੇ ਸ਼ਰਾਰਤੀ ਅਨਸਰਾਂ ਵੱਲੋਂ ਮਾਹਲ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਇੱਕ ਬੱਚੇ ਵੱਲੋਂ ਗੁਰੂ ਸਾਹਿਬ ਜੀ ਦੇ ਪਾਵਨ ਅੰਗਾਂ ਦੀ ਬੇਅਦਬੀ ਕਰਵਾ ਕੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਗਈ ਹੈ, ਜਿਸ ਨਾਲ ਸੰਗਤਾਂ ਦੇ ਮਨਾਂ ਅੰਦਰ ਭਾਰੀ ਰੋਸ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਅਤੇ ਇਲਾਕੇ ਦੇ ਮੈਂਬਰਾਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਸਮੁੱਚੀ ਘਟਨਾ ਦੀ ਨਿਰਪੱਖ ਜਾਂਚ ਯਕੀਨੀ ਬਣਾਉਣ ਲਈ ਆਖਿਆ ਹੈ।

ਜਥੇਦਾਰ ਗੜਗੱਜ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਤਖ਼ਤ ਸਾਹਿਬ ਤੋਂ ਇੱਕ ਟੀਮ ਅੱਜ ਹੀ ਲੈ ਕੇ ਘਟਨਾ ਵਾਲੇ ਸਥਾਨ ਉੱਤੇ ਪਹੁੰਚਣ ਅਤੇ ਗੁਰਦੁਆਰਾ ਸਾਹਿਬ ਦੇ ਸਮੁੱਚੇ ਪ੍ਰਬੰਧਾਂ ਅਤੇ ਬੇਅਦਬੀ ਸਬੰਧੀ ਰਿਪੋਰਟ ਭੇਜਣ। ਉਨ੍ਹਾਂ ਕਿਹਾ ਕਿ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਵੀ ਘਟਨਾ ਵਾਲੀ ਥਾਂ ਉੱਤੇ ਪਹੁੰਚ ਕੇ ਸਮੁੱਚਾ ਜਾਇਜ਼ਾ ਲੈਣਗੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਨੂੰ ਇਹ ਬੇਅਦਬੀ ਕਰਵਾਉਣ ਵਾਲੇ ਸਾਜ਼ਸ਼ਘਾੜਿਆਂ ਅਤੇ ਮੁੱਖ ਦੋਸ਼ੀਆਂ ਦੀ ਪਛਾਣ ਜਲਦ ਹੀ ਨਸ਼ਰ ਕਰਨ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਇਹ ਜਾਣਕਾਰੀ ਵੀ ਪ੍ਰਾਪਤ ਹੋ ਰਹੀ ਹੈ ਕਿ ਸਬੰਧਤ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਪ੍ਰਬੰਧ ਪੁਖਤਾ ਨਹੀਂ ਹਨ ਅਤੇ ਜੇਕਰ ਅਜਿਹਾ ਪਾਇਆ ਜਾਂਦਾ ਹੈ ਤਾਂ ਇਸ ਮਾਮਲੇ ਵਿੱਚ ਪ੍ਰਬੰਧਕਾਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਪਾਵਨ ਸਰੂਪਾਂ ਦੇ ਮਾਮਲੇ 'ਚ 'ਆਪ' ਦਾ ਵੱਡਾ ਬਿਆਨ, "ਸਾਰਾ ਰਿਕਾਰਡ ਪਾਇਆ ਗਿਆ ਦਰੁਸਤ"



ਚੰਡੀਗੜ੍ਹ: ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਹਰਜੋਤ ਸਿੰਘ ਬੈਂਸ ਸਮੇਤ ਸਾਂਸਦ ਮਾਲਵਿੰਦਰ ਸਿੰਘ ਕੰਗ ਨੇ ਗੁਰੂਦੁਆਰਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਕਮੇਟੀ ਨਾਲ਼ ਮੁਲਾਕਾਤ ਕੀਤੀ। ਕਮੇਟੀ ਨਾਲ਼ ਮੁਲਾਕਾਤ ਤੋਂ ਬਾਅਦ ਮੰਤਰੀ ਹਰਪਾਲ ਸਿੰਘ ਚੀਮਾ ਨੇ 169 ਪਾਵਨ ਸਰੂਪਾਂ ਬਾਰੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਰਾ ਰਿਕਾਰਡ ਦਰੁਸਤ ਪਾਇਆ ਗਿਆ ਹੈ ਅਤੇ ਪ੍ਰਬੰਧਕ ਕਮੇਟੀ 'ਤੇ ਕੋਈ ਮਾਮਲਾ ਦਰਜ ਨਹੀਂ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੀ 14 ਜਨਵਰੀ ਨੂੰ ਦਾਅਵਾ ਕੀਤਾ ਸੀ ਕਿ ਲਾਪਤਾ 328 ਸਰੂਪਾਂ ਦੇ ਮਾਮਲੇ 'ਚ ਬਣਾਈ ਗਈ ਜਾਂਚ ਕਮੇਟੀ ਨੂੰ ਬੰਗਾ ਦੇ ਇੱਕ ਧਾਰਮਿਕ ਅਸਥਾਨ ਤੋਂ 169 ਸਰੂਪ ਮਿਲੇ ਹਨ ਤੇ ਇਨ੍ਹਾਂ 'ਚੋਂ ਸਿਰਫ਼ 30 ਸਰੂਪਾਂ ਦਾ ਹੀ ਰਿਕਾਰਡ ਮਿਲਿਆ ਹੈ। ਜਿਸ ਤੋਂ ਬਾਅਦ ਕਾਫੀ ਵਿਵਾਦ ਪੈਦਾ ਹੋ ਗਿਆ ਸੀ। ਪਰ ਹੁਣ ਪੰਜਾਬ ਸਰਕਾਰ ਨੇ ਸਪਸ਼ਟ ਕੀਤਾ ਹੈ ਸਾਰੇ ਸਰੂਪਾਂ ਦਾ ਰਿਕਾਰਡ ਮਿਲ ਗਿਆ ਹੈ। 328 ਪਾਵਨ ਸਰੂਪਾਂ ਦੇ ਮਾਮਲੇ 'ਚ ਸ਼ੀਠ ਦੀ ਕਾਰਵਾਈ ਜਾਰੀ ਰਹੇਗੀ।

ਹਰਪਾਲ ਸਿੰਘ ਚੀਮਾ ਨੇ ਕਿਹਾ ਕਿ "ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਮਾਮਲੇ 'ਚ ਜਾਂਚ ਬੈਠਾਈ ਤੇ ਸਾਡੀ ਜਾਂਚ ਟੀਮ ਰਾਜਾ ਸਾਹਿਬ ਰਸੋਖਾਨਾ ਬੰਗਾ ਪਹੁੰਚੀ ਤੇ ਉਨ੍ਹਾਂ ਨੂੰ 169 ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਬਾਰੇ ਜਾਣਕਾਰੀ ਮਿਲੀ। ਹੁਣ ਉਹ ਜਾਂਚ ਪੂਰੀ ਤਰ੍ਹਾਂ ਹੋ ਚੁੱਕੀ ਹੈ। ਇਸ ਅਸਥਾਨ ਤੋਂ ਕੁਝ ਵੀ ਗ਼ਲਤ ਨਹੀਂ ਮਿਲਿਆ, ਰਿਕਾਰਡ ਸਾਰਾ ਦੁਰਸਤ ਪਾਇਆ ਗਿਆ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਹਰ ਧਰਮ ਅਤੇ ਹਰ ਧਾਰਮਿਕ ਅਸਥਾਨ ਦਾ ਪੂਰਾ ਸਤਿਕਾਰ ਕਰਦੀ ਹੈ, ਇਸ ਮਾਮਲੇ ਵਿੱਚ ਸੱਚ ਸਾਹਮਣੇ ਲਿਆਉਣਾ ਬਹੁਤ ਜ਼ਰੂਰੀ ਹੈ।

ਐਸਆਈਟੀ ਅਧਿਕਾਰੀਆਂ ਅਨੁਸਾਰ, ਇਸ ਮਾਮਲੇ ਵਿੱਚ ਹੁਣ ਤੱਕ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚ ਸਤਿੰਦਰ ਕੋਹਲੀ ਅਤੇ ਕਮਲਜੀਤ ਸਿੰਘ ਸ਼ਾਮਲ ਹਨ। ਐਸਆਈਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਤੋਂ ਵੀ ਸਹਿਯੋਗ ਮੰਗਿਆ ਹੈ ਅਤੇ ਇਸਨੂੰ ਸਾਰੇ ਸੰਬੰਧਿਤ ਰਿਕਾਰਡ ਮੁਹੱਈਆ ਕਰਵਾਉਣ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਨੇ ਭਰੋਸਾ ਦਿੱਤਾ ਹੈ ਕਿ ਰਿਕਾਰਡ ਜਲਦੀ ਹੀ ਉਪਲਬਧ ਕਰਵਾਏ ਜਾਣਗੇ। ਪੰਜਾਬ ਸਰਕਾਰ ਇਸ ਮਾਮਲੇ ਦੀ ਤਹਿ ਤੱਕ ਜਾਣਾ ਚਾਹੁੰਦੀ ਹੈ।

# 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ 'ਚ ਮੁਆਫ਼ੀ ਮੰਗਣ CM ਮਾਨ, ਕਰਨ ਪਛਤਾਵਾ: ਪਰਗਟ ਸਿੰਘ

ਚੰਡੀਗੜ੍ਹ: ਸਾਬਕਾ ਸਿੱਖਿਆ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਰਾਜਾ ਸਾਹਿਬ ਗੁਰਦੁਆਰਾ ਬੰਗਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਗੁੰਮ ਹੋਣ ਦੇ ਚੱਲ ਰਹੇ ਵਿਵਾਦ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨਾ ਸਿਰਫ਼ ਪੰਜਾਬ ਦੇ ਲੋਕਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ, ਸਗੋਂ ਪਛਤਾਵਾ ਵੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲਾਪਤਾ ਸਵਰੂਪਾਂ ਦਾ ਮੁੱਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦਾ ਅੰਦਰੂਨੀ ਮਾਮਲਾ ਹੈ, ਬੇਅਦਬੀ ਦਾ ਮਾਮਲਾ ਨਹੀਂ। ਪਰਗਟ ਸਿੰਘ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 169 ਲਾਪਤਾ ਸਰੂਪਾਂ ਦੀ ਬਰਾਮਦਗੀ ਬਾਰੇ ਗੁੰਮਰਾਹਕੁੰਨ ਬਿਆਨ ਦਿੱਤਾ, ਅਤੇ ਸਰਕਾਰ ਨੇ ਇਸ ਮੁੱਦੇ 'ਤੇ ਯੂ-ਟਰਨ ਲੈ ਲਿਆ। ਉਨ੍ਹਾਂ ਕਿਹਾ ਕਿ ਸਰਕਾਰ ਹਰ ਰੋਜ਼ ਨਹੀਂ, ਕਿਸੇ ਨਾ ਕਿਸੇ ਮੁੱਦੇ 'ਤੇ ਯੂ-ਟਰਨ ਲੈਂਦੀ ਹੈ। ਇਹ ਉਨਾਂ ਦਾ ਪਖੰਡ ਹੈ। ਮਾਘੀ ਮੇਲੇ ਦੌਰਾਨ, ਸੀਐਮ ਮਾਨ ਨੇ ਦਾਅਵਾ ਕੀਤਾ ਕਿ ਰਾਜਾ ਸਾਹਿਬ ਦੀਆਂ ਗੁੰਮ ਹੋਈਆਂ 328 ਸਰੂਪਾਂ ਵਿੱਚੋਂ 169 ਬੰਗਾ ਨੇੜੇ ਬਰਾਮਦ ਹੋ ਗਏ ਹਨ, ਪਰ ਇਸ ਵਿੱਚ ਕੋਈ ਸੱਚਾਈ ਨਹੀਂ ਸੀ। ਸੀਐਮ ਮਾਨ ਨੇ ਝੂਠੇ ਬਿਆਨਾਂ ਨਾਲ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕੀਤਾ। ਬਾਅਦ ਵਿੱਚ, ਪੰਜਾਬ ਸਰਕਾਰ ਨੂੰ ਇਸ ਮਾਮਲੇ 'ਤੇ ਯੂ-ਟਰਨ ਲੈਣਾ ਪਿਆ। ਸਰਕਾਰ ਨੇ ਮੰਨਿਆ ਕਿ ਸਵਰੂ ਨਹੀਂ ਮਿਲੇ। ਇਸ ਮਾਮਲੇ ਵਿੱਚ ਝੂਠ ਬੋਲਣ ਵਾਲੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਪਰਗਟ ਸਿੰਘ ਨੇ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਆਪ੍ਰੇਸ਼ਨ ਪ੍ਰਹਾਰ 'ਤੇ ਵੀ ਚੁਟਕੀ ਲੈਂਦੇ ਹੋਏ ਕਿਹਾ ਕਿ ਸਰਕਾਰ ਇੱਕ ਹੋਰ ਦਾਵਾ ਖੋਖਲਾ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਨਸ਼ਾ ਮੁਕਤ ਪੰਜਾਬ ਬਣਾਉਣ ਦਾ ਦਾਅਵਾ ਕਰਦੇ ਹੋਏ ਨਸ਼ਿਆਂ ਵਿਰੁੱਧ ਜੰਗ ਸ਼ੁਰੂ ਕੀਤੀ ਸੀ। ਦੋ-ਪੜਾਅ ਦੀ ਮੁਹਿੰਮ ਦੇ ਬਾਵਜੂਦ, ਨੌਜਵਾਨ ਨਸ਼ੇ ਦੀ ਦੁਰਵਰਤੋਂ ਨਾਲ ਮਰ ਰਹੇ ਹਨ। ਜਗਰਾਓ ਦੇ ਕੋਲ ਇੱਕ ਪਿੰਡ ਵਿੱਚ ਇੱਕੋ ਪਰਿਵਾਰ ਦੇ 6 ਮੈਂਬਰ ਨਸ਼ੇ ਦਾ ਸ਼ਿਕਾਰ ਹੋ ਗਏ। ਸਰਕਾਰ ਇਸ ਮੁੱਦੇ 'ਤੇ ਕਿਉਂ ਚੁੱਪ ਹੈ ਅਤੇ ਇਸਦਾ ਜਵਾਬ ਦੇਣ ਤੋਂ ਅਸਮਰੱਥ ਹੈ। ਪੰਜਾਬ ਦੀ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਹੱਲ ਕਰਨ ਲਈ ਹੁਣ ਆਪ੍ਰੇਸ਼ਨ ਪ੍ਰਹਾਰ ਸ਼ੁਰੂ ਕੀਤਾ ਗਿਆ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਗੈਂਗਸਟਰਾਂ ਦਾ ਖਾਤਮਾ ਕਰ ਦਿੱਤਾ ਜਾਵੇਗਾ।

# ਰਾਹੁਲ ਗਾਂਧੀ ਨੂੰ ਦਹਾਕਿਆਂ ਪੁਰਾਣਾ 'ਖਾਸ' ਤੋਹਫ਼ਾ ਮਿਲਿਆ



ਕਾਂਗਰਸ ਦੇ ਸੰਸਦ ਮੈਂਬਰ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਆਪਣੇ ਹਲਕੇ ਰਾਏਬਰੇਲੀ ਦੇ ਦੌਰੇ 'ਤੇ ਹਨ। ਉਨ੍ਹਾਂ ਨੇ ਉੱਥੇ ਕਈ ਸਮਾਗਮਾਂ ਵਿੱਚ ਹਿੱਸਾ ਲਿਆ ਹੈ। ਉਨ੍ਹਾਂ ਨੂੰ ਜ਼ਿਲ੍ਹੇ ਤੋਂ ਇੱਕ ਖਾਸ ਤੋਹਫ਼ਾ ਵੀ ਮਿਲਿਆ, ਜਿਸਨੇ ਉਨ੍ਹਾਂ ਨੂੰ ਹੰਝੂਆਂ ਨਾਲ ਭਰ ਦਿੱਤਾ। ਇੱਕ ਪ੍ਰੋਗਰਾਮ ਦੌਰਾਨ ਰਾਏਬਰੇਲੀ ਪਹੁੰਚੇ ਰਾਹੁਲ ਗਾਂਧੀ ਨੂੰ ਇੱਥੇ ਇੱਕ ਪਰਿਵਾਰ ਨੇ ਉਨ੍ਹਾਂ ਦੇ ਦਾਦਾ ਫਿਰੋਜ਼ ਗਾਂਧੀ ਦਾ ਡਰਾਈਵਿੰਗ ਲਾਇਸੈਂਸ ਸੌਂਪਿਆ। ਦੱਸਿਆ ਜਾ ਰਿਹਾ ਹੈ ਕਿ ਪਰਿਵਾਰ ਨੇ ਇਸ ਕੀਮਤੀ ਯਾਦਗਾਰੀ ਚਿੰਨ੍ਹ ਨੂੰ ਸੰਭਾਲ ਕੇ ਰੱਖਿਆ ਸੀ, ਅਤੇ ਜਦੋਂ ਉਨ੍ਹਾਂ ਨੇ ਅੱਜ ਇਹ ਰਾਹੁਲ ਗਾਂਧੀ ਨੂੰ ਭੇਟ ਕੀਤਾ ਤਾਂ ਉਹ ਭਾਵੁਕ ਹੋ ਗਏ। ਰਾਹੁਲ ਨੇ ਤੁਰੰਤ ਇਸਦੀ ਇੱਕ ਫੋਟੋ ਖਿੱਚੀ ਅਤੇ ਇਸਨੂੰ ਵਟਸਐਪ ਰਾਹੀਂ ਆਪਣੀ ਮਾਂ ਸੋਨੀਆ ਗਾਂਧੀ ਨੂੰ ਭੇਜ ਦਿੱਤਾ।

ਦਰਅਸਲ, ਰਾਹੁਲ ਗਾਂਧੀ ਆਈਟੀਆਈ ਨੇੜੇ ਸਥਿਤ ਰਾਜੀਵ ਗਾਂਧੀ ਸਟੇਡੀਅਮ ਵਿੱਚ ਰਾਏਬਰੇਲੀ ਪ੍ਰੀਮੀਅਰ ਲੀਗ ਕ੍ਰਿਕਟ ਟੂਰਨਾਮੈਂਟ ਦਾ ਉਦਘਾਟਨ ਕਰਨ ਲਈ ਭੁਮਾਊ ਗੈਸਟ ਹਾਊਸ ਤੋਂ ਆਏ ਸਨ। ਇਸ ਦੌਰਾਨ ਰਾਹੁਲ ਗਾਂਧੀ ਬਹੁਤ ਭਾਵੁਕ ਦਿਖਾਈ ਦਿੱਤੇ ਅਤੇ ਕਾਫ਼ੀ ਦੇਰ ਤੱਕ ਲਾਇਸੈਂਸ ਵੱਲ ਦੇਖਦੇ ਰਹੇ। ਅਮੇਠੀ ਦੇ ਸੰਸਦ ਮੈਂਬਰ ਕਿਸ਼ੋਰੀ ਲਾਲ ਸ਼ਰਮਾ, ਜੋ ਰਾਹੁਲ ਗਾਂਧੀ ਨਾਲ ਸਟੇਜ ਸਾਂਝੀ ਕਰ ਰਹੇ ਸਨ, ਨੇ ਇਸ ਦੀ ਪੁਸ਼ਟੀ ਕੀਤੀ। ਰਾਹੁਲ ਗਾਂਧੀ ਨੇ ਜ਼ਿਲ੍ਹੇ ਦੇ ਰਾਜੀਵ ਗਾਂਧੀ ਸਟੇਡੀਅਮ ਵਿਖੇ ਯੂਥ ਸਪੋਰਟਸ ਅਕੈਡਮੀ ਦੁਆਰਾ ਆਯੋਜਿਤ ਰਾਏਬਰੇਲੀ ਪ੍ਰੀਮੀਅਰ ਲੀਗ ਟੀ-20 ਕ੍ਰਿਕਟ ਟੂਰਨਾਮੈਂਟ ਦਾ ਉਦਘਾਟਨ ਕੀਤਾ। ਇਸ ਦੌਰਾਨ ਰਾਹੁਲ ਗਾਂਧੀ ਨੇ ਕ੍ਰਿਕਟ ਟੂਰਨਾਮੈਂਟ ਵਿੱਚ ਹਿੱਸਾ ਲੈ ਰਹੀਆਂ ਟੀਮਾਂ ਅਤੇ ਉਨ੍ਹਾਂ ਦੇ ਖਿਡਾਰੀਆਂ ਨਾਲ ਵੀ ਮੁਲਾਕਾਤ ਕੀਤੀ।









ਪੰਜਾਬ ਸਟਾਰ
www.punjabstar.com

# ਪੁਲਾੜ ਯਾਤਰੀ ਸੁਨੀਤਾ ਵਿਲੀਅਮਸ ਹੋਈ ਰਿਟਾਇਰ, 27 ਸਾਲਾਂ ਦੇ ਕਰੀਅਰ ਮਗਰੋਂ NASA ਨੂੰ ਕਿਹਾ ਅਲਵਿਦਾ



ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਨਾਸਾ ਨੂੰ ਅਲਵਿਦਾ ਕਹਿ ਦਿੱਤਾ ਹੈ। ਉਹ 27 ਸਾਲਾਂ ਬਾਅਦ ਅਮਰੀਕੀ ਪੁਲਾੜ ਏਜੰਸੀ ਤੋਂ ਰਿਟਾਇਰ ਹੋ ਗਈ ਹੈ। ਨਾਸਾ ਨੇ ਐਲਾਨ ਕੀਤਾ ਕਿ ਵਿਲੀਅਮਜ਼ ਦੀ ਰਿਟਾਇਰਮੈਂਟ ਪਿਛਲੇ ਸਾਲ 27 ਦਸੰਬਰ ਨੂੰ ਲਾਗੂ ਹੋਈ ਸੀ। ਵਿਲੀਅਮਜ਼, ਜੋ ਆਪਣੇ ਆਖਰੀ ਅੱਠ ਦਿਨਾਂ ਦੇ ਮਿਸ਼ਨ 'ਤੇ ਪੁਲਾੜ ਵਿੱਚ ਗਈ ਸੀ, ਲਗਭਗ ਨੌਂ ਮਹੀਨਿਆਂ ਬਾਅਦ ਵਾਪਸ ਪਰਤ ਸਕੀ ਸੀ। ਉਹ ਇਸ ਵੇਲੇ ਭਾਰਤ ਵਿੱਚ ਹੈ।

ਬੋਇੰਗ ਦੀ ਅਸਫਲ ਕੈਪਸੂਲ ਟੈਸਟ ਉਡਾਣ 'ਤੇ ਸੁਨੀਤਾ ਵਿਲੀਅਮਜ਼ ਦੇ ਕਰੂ ਮੈਂਬਰ ਬੁੱਚ ਵਿਲਮੋਰ ਨੇ ਪਿਛਲੀ ਗਰਮੀਆਂ ਵਿੱਚ ਨਾਸਾ ਛੱਡ ਦਿੱਤਾ ਸੀ। ਸੁਨੀਤਾ ਅਤੇ ਵਿਲਮੋਰ 2024 ਵਿੱਚ ਪੁਲਾੜ ਸਟੇਸ਼ਨ ਗਏ ਸਨ। ਉਨ੍ਹਾਂ ਦਾ ਮਿਸ਼ਨ ਇੱਕ ਹਫ਼ਤੇ ਤੱਕ ਦਾ ਸੀ, ਪਰ ਸਟਾਰਲਾਈਨਰ ਵਿਚ ਸਮੱਸਿਆ ਕਰਕੇ ਉਨ੍ਹਾਂ ਨੂੰ ਨੌਂ ਮਹੀਨਿਆਂ ਤੋਂ ਵੱਧ ਸਮੇਂ ਲਈ ਸਟੇਸ਼ਨ 'ਤੇ ਰਹਿਣਾ ਪਿਆ। ਅਖੀਰ ਵਿੱਚ ਉਹ ਪਿਛਲੇ ਮਾਰਚ 2025 ਵਿੱਚ ਸਪੇਸਐਕਸ ਨਾਲ ਘਰ ਵਾਪਸ ਆ ਗਏ।

ਸੁਨੀਤਾ ਵਿਲੀਅਮਜ਼ 60 ਸਾਲ ਦੀ ਹੈ। ਉਹ ਪਹਿਲਾਂ ਨੇਵੀ ਵਿੱਚ ਇੱਕ ਕੈਪਟਨ ਸੀ ਅਤੇ ਨਾਸਾ ਨਾਲ 27 ਸਾਲ ਤੋਂ ਵੱਧ ਸਮਾਂ ਬਿਤਾਇਆ। ਉਸ ਨੇ ਤਿੰਨ ਸਟੇਸ਼ਨ ਮਿਸ਼ਨਾਂ ਦੌਰਾਨ ਸਪੇਸ ਵਿੱਚ 608 ਦਿਨ ਬਿਤਾਏ। ਉਸ ਦੇ ਕੋਲ ਇੱਕ ਔਰਤ ਦੁਆਰਾ ਸਭ ਤੋਂ ਵੱਧ ਸਪੇਸਵਾਕ ਸਮਾਂ: ਨੌਂ ਯਾਤਰਾਵਾਂ ਦੌਰਾਨ 62 ਘੰਟੇ ਦਾ ਰਿਕਾਰਡ ਵੀ ਹੈ। ਨਾਸਾ ਦੇ ਨਵੇਂ ਪ੍ਰਸ਼ਾਸਕ, ਜੇਰੇਡ ਇਸਹਾਕਮੈਨ, ਨੇ ਉਸਨੂੰ "ਮਨੁੱਖੀ ਪੁਲਾੜ ਉਡਾਣ ਵਿੱਚ ਇੱਕ ਰਾਹ ਵਿਖਾਉਣ ਵਾਲੀ" ਕਿਹਾ। ਉਨ੍ਹਾਂ ਨੇ ਇੱਕ ਬਿਆਨ ਵਿੱਚ ਕਿਹਾ, "ਤੁਹਾਡੀ ਯੋਗ ਰਿਟਾਇਰਮੈਂਟ 'ਤੇ ਵਧਾਈਆਂ।"

ਸੁਨੀਤਾ ਵਿਲੀਅਮਜ਼ ਦੇ ਪਰਿਵਾਰ ਦੀਆਂ ਜੜ੍ਹਾਂ ਭਾਰਤੀ ਹਨ। ਉਸ ਦਾ ਪਰਿਵਾਰ ਗੁਜਰਾਤੀ ਮੂਲ ਦਾ ਹੈ। ਵਿਆਹ ਤੋਂ ਪਹਿਲਾਂ ਉਸ ਦਾ ਨਾਮ ਪਾਂਡਿਆ ਸੀ, ਅਤੇ ਉਸਨੂੰ ਸਮੋਸੇ ਬਹੁਤ ਪਸੰਦ ਹਨ। ਜਦੋਂ ਉਹ ਪੁਲਾੜ ਮਿਸ਼ਨ 'ਤੇ ਗਈ ਸੀ ਤਾਂ ਉਹ ਆਪਣੇ ਨਾਲ ਭਗਵਾਨ ਗਣੇਸ਼ ਦੀ ਮੂਰਤੀ, ਸ਼੍ਰੀਮਦ ਭਗਵਦ ਗੀਤਾ ਦੀ ਇੱਕ ਕਾਪੀ ਅਤੇ ਕੁਝ ਭਾਰਤੀ ਸਨੈਕਸ ਲੈ ਕੇ ਗਈ ਸੀ। ਸੁਨੀਤਾ ਨੇ ਭਾਰਤ ਵਿੱਚ ਪੁਲਾੜ ਖੇਤਰ ਨੂੰ ਉਤਸ਼ਾਹਿਤ ਕਰਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਦੀ ਪ੍ਰਸ਼ੰਸਾ ਕੀਤੀ ਸੀ।

# ਪੈਰਿਸ 'ਚ ਹੋਣ ਵਾਲੀ ਐਮਰਜੈਂਸੀ G7 ਮੀਟਿੰਗ 'ਚ ਸ਼ਾਮਲ ਨਹੀਂ ਹੋਣਗੇ ਡੋਨਾਲਡ ਟਰੰਪ

## ਕਿਹਾ – "ਫਰਾਂਸੀਸੀ ਰਾਸ਼ਟਰਪਤੀ ਜਲਦੀ ਹੀ.."



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੁਆਰਾ ਪ੍ਰਸਤਾਵਿਤ ਐਮਰਜੈਂਸੀ ਜੀ–7 ਮੀਟਿੰਗ ਨੂੰ ਠੁਕਰਾ ਦਿੱਤਾ ਹੈ। ਇਹ ਮੀਟਿੰਗ ਗ੍ਰੀਨਲੈਂਡ ਨੂੰ ਲੈ ਕੇ ਵਧਦੇ ਤਣਾਅ ਦੇ ਵਿਚਕਾਰ ਬੁਲਾਈ ਗਈ ਸੀ, ਜਿਸਨੂੰ ਅਮਰੀਕਾ ਕਿਸੇ ਵੀ ਤਰੀਕੇ ਨਾਲ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਵਾਸ਼ਿੰਗਟਨ ਡੀਸੀ ਵਿੱਚ ਪ੍ਰੈਸ ਨਾਲ ਗੱਲ ਕਰਦੇ ਹੋਏ ਟਰੰਪ ਨੇ ਕਿਹਾ "ਨਹੀਂ, ਮੈਂ ਸ਼ਾਮਿਲ ਨਹੀਂ ਹੋਵਾਂਗਾ ਕਿਉਂਕਿ ਇਮੈਨੁਅਲ ਬਹੁਤ ਲੰਬੇ ਸਮੇਂ ਤੱਕ ਉੱਥੇ ਨਹੀਂ ਰਹਿਣ ਵਾਲੇ ਹਨ ਅਤੇ ਉੱਥੇ ਕੋਈ ਸਥਿਰਤਾ ਨਹੀਂ ਹੈ।" ਉਨ੍ਹਾਂ ਨੇ ਮੈਕਰੋਨ ਦੇ ਰਾਜਨੀਤਿਕ ਭਵਿੱਖ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਫਰਾਂਸੀਸੀ ਰਾਸ਼ਟਰਪਤੀ ਜਲਦੀ ਹੀ ਸੱਤਾ ਤੋਂ ਬਾਹਰ ਹੋ ਸਕਦੇ ਹਨ। ਟਰੰਪ ਨੇ ਇਹ ਬਿਆਨ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ਦੇ ਪੂਰੇ ਹੋਣ 'ਤੇ ਦਿੱਤਾ।

ਜ਼ਿਕਰਯੋਗ ਹੈ ਕਿ ਇਸਤੋਂ ਪਹਿਲਾਂ ਟਰੰਪ ਨੇ ਟਰੂਥ ਸੋਸ਼ਲ 'ਤੇ ਮੈਕਰੋਨ ਦੇ ਸੰਦੇਸ਼ ਦਾ ਸਕ੍ਰੀਨਸ਼ਾਟ ਪੋਸਟ ਕੀਤਾ ਸੀ। ਮੈਕਰੋਨ ਨੇ ਦਾਵੋਸ ਵਿੱਚ ਵਿਸ਼ਵ ਆਰਥਿਕ ਫੋਰਮ ਤੋਂ ਬਾਅਦ ਪੈਰਿਸ ਵਿੱਚ G-7 ਮੀਟਿੰਗ ਲਈ ਟਰੰਪ ਨੂੰ ਸੱਦਾ ਦਿੱਤਾ ਸੀ। ਮੈਕਰੋਨ ਦੇ ਪੂਰੇ ਸੰਦੇਸ਼ ਵਿੱਚ ਲਿਖਿਆ ਸੀ, "ਮੇਰੇ ਦੋਸਤ ਅਸੀਂ ਸੀਰੀਆ 'ਤੇ ਪੂਰੀ ਤਰ੍ਹਾਂ ਇੱਕਜੁੱਟ ਹਾਂ। ਅਸੀਂ ਈਰਾਨ 'ਤੇ ਵੱਡੇ ਕੰਮ ਕਰ ਸਕਦੇ ਹਾਂ। ਪਰ ਮੈਨੂੰ ਸਮਝ ਨਹੀਂ ਆ ਰਿਹਾ ਕਿ ਤੁਸੀਂ ਗ੍ਰੀਨਲੈਂਡ 'ਤੇ ਕੀ ਕਰ ਰਹੇ ਹੋ। ਆਓ ਵੱਡੇ ਕੰਮ ਕਰਨ ਦੀ ਕੋਸ਼ਿਸ਼ ਕਰੀਏ: ਮੈਂ ਦਾਵੋਸ 'ਚ ਵੀਰਵਾਰ ਦੁਪਹਿਰ ਨੂੰ ਪੈਰਿਸ ਵਿੱਚ G-7 ਮੀਟਿੰਗ ਬੁਲਾ ਸਕਦਾ ਹਾਂ। ਮੈਂ ਮੀਟਿੰਗ ਤੋਂ ਇਲਾਵਾ ਯੂਕਰੇਨ, ਡੈਨਮਾਰਕ, ਸੀਰੀਆ ਅਤੇ ਰੂਸ ਨੂੰ ਸੱਦਾ ਦੇ ਸਕਦਾ ਹਾਂ। ਇਮੈਨੁਅਲ, ਵੀਰਵਾਰ ਨੂੰ ਅਮਰੀਕਾ ਵਾਪਸ ਆਉਣ ਤੋਂ ਪਹਿਲਾਂ ਅਸੀਂ ਪੈਰਿਸ ਵਿੱਚ ਇਕੱਠੇ ਰਾਤ ਦਾ ਖਾਣਾ ਖਾ ਸਕਦੇ ਹਾਂ।"

ਇਸ ਤੋਂ ਇਲਾਵਾ ਮੈਕਰੋਨ ਨੇ ਦਾਵੋਸ ਵਿੱਚ ਅਮਰੀਕੀ ਵਪਾਰ ਨੀਤੀਆਂ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਵਾਸ਼ਿੰਗਟਨ ਦੀਆਂ ਟੈਰਿਫ ਧਮਕੀਆਂ "ਯੂਰਪ ਨੂੰ ਕਮਜ਼ੋਰ ਕਰਨ ਅਤੇ ਅਧੀਨ ਕਰਨ ਲਈ ਖੁੱਲ੍ਹੇਆਮ ਉਦੇਸ਼ ਰੱਖਦੀਆਂ ਹਨ।"

ਉਨ੍ਹਾਂ ਕਿਹਾ ਕਿ ਇਨ੍ਹਾਂ ਧਮਕੀਆਂ ਨੂੰ ਖੇਤਰੀ ਪ੍ਰਭੂਸੱਤਾ ਦੇ ਵਿਰੁੱਧ ਲਾਭ ਵਜੋਂ ਵਰਤਿਆ ਜਾ ਰਿਹਾ ਹੈ। ਅਮਰੀਕੀ ਵਪਾਰ ਨੀਤੀਆਂ ਨੂੰ "ਮੂਲ ਰੂਪ ਵਿੱਚ ਅਸਵੀਕਾਰਨਯੋਗ" ਦੱਸਦੇ ਹੋਏ, ਉਨ੍ਹਾਂ ਕਿਹਾ ਕਿ ਉਹ ਯੂਰਪੀਅਨ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ ਅਤੇ ਵੱਧ ਤੋਂ ਵੱਧ ਰਿਆਇਤਾਂ ਦੀ ਮੰਗ ਕਰ ਰਹੀਆਂ ਹਨ। ਮੈਕਰੋਨ ਨੇ "ਤਾਨਾਸ਼ਾਹੀ ਵੱਲ ਵਧ ਰਹੇ ਵਿਸ਼ਵਵਿਆਪੀ ਰੁਝਾਨ" ਬਾਰੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ 2024 ਦੇ ਮੁਕਾਬਲੇ ਹਿੰਸਾ ਅਤੇ ਯੁੱਧਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ, ਹਾਲਾਂਕਿ ਕੁਝ ਯੁੱਧਾਂ ਨਾਲ ਸਬੰਧਤ ਸਮੱਸਿਆਵਾਂ "ਹੱਲ" ਹੋ ਗਈਆਂ ਹਨ।

# MP ਅੰਮ੍ਰਿਤਪਾਲ ਸਿੰਘ ਵੱਲੋਂ ਹਾਈਕੋਰਟ 'ਚ ਪਟੀਸ਼ਨ ਦਾਇਰ, ਬਜਟ ਸੈਸ਼ਨ 'ਚ ਸ਼ਾਮਲ ਹੋਣ ਦੀ ਮੰਗੀ ਇਜਾਜ਼ਤ



ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵੱਲੋਂ ਇੱਕ ਵਾਰ ਫਿਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਰੁਖ ਕੀਤਾ ਗਿਆ। ਸਾਂਸਦ ਨੇ ਹਾਈਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਨੇ 28 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਮੰਗੀ ਹੈ। ਹਾਈ ਕੋਰਟ ਹੁਣ ਕੱਲ੍ਹ ਇਸ ਮਾਮਲੇ ਦੀ ਸੁਣਵਾਈ ਕਰੇਗੀ। ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਉਨ੍ਹਾਂ ਨੂੰ ਆਪਣੇ ਇਲਾਕੇ ਵਿੱਚ ਮੁੱਦੇ ਉਠਾਉਣ ਦੀ ਲੋੜ ਹੈ ਕਿਉਂਕਿ ਉਹ ਆਪਣੇ ਐਮਪੀ ਲੈਂਡ ਫੰਡ ਦੀ ਵਰਤੋਂ ਕਰਨ ਵਿੱਚ ਅਸਮਰੱਥ ਹਨ, ਜਿਸ ਕਾਰਨ ਇਲਾਕੇ ਦੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਪਹਿਲਾਂ ਵੀ ਇੱਕ ਪਟੀਸ਼ਨ ਦਾਇਰ ਕੀਤੀ ਹੈ, ਪਰ ਉਨ੍ਹਾਂ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਸੀ। ਇਹ ਪਟੀਸ਼ਨ ਅੰਮ੍ਰਿਤਪਾਲ ਸਿੰਘ ਵੱਲੋਂ ਆਪਣੇ ਵਕੀਲਾਂ ਰਾਹੀਂ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਹੈ। ਉਨ੍ਹਾਂ ਦੇ ਵਕੀਲ, ਇਮਾਨ ਸਿੰਘ ਖਾਰਾ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੇ 17 ਜਨਵਰੀ ਨੂੰ ਜੇਲ੍ਹ ਤੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ, ਪੰਜਾਬ ਦੇ ਗ੍ਰਹਿ ਸਕੱਤਰ, ਕੇਂਦਰੀ ਗ੍ਰਹਿ ਮੰਤਰੀ ਅਤੇ ਲੋਕ ਸਭਾ ਸਪੀਕਰ ਨੂੰ ਇੱਕ ਪੱਤਰ ਲਿਖਿਆ ਸੀ। ਇਸ ਵਿੱਚ, ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਨ੍ਹਾਂ ਨੂੰ ਸੰਸਦ ਵਿੱਚ ਸ਼ਾਮਲ ਹੋਣ ਦੀ ਲੋੜ ਹੈ ਕਿਉਂਕਿ ਉਹ ਆਪਣੇ ਐਮਪੀ ਲੈਂਡ ਫੰਡ ਦੀ ਵਰਤੋਂ ਨਹੀਂ ਕਰ ਸਕਦੇ। ਦੂਜਾ, ਉਸਦਾ ਇਲਾਕਾ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਇਆ ਸੀ, ਜਿਸ ਕਾਰਨ ਕਾਫ਼ੀ ਨੁਕਸਾਨ ਹੋਇਆ ਸੀ। ਉਸਨੂੰ ਇਹ ਮੁੱਦਾ ਵੀ ਉਠਾਉਣ ਦੀ ਲੋੜ ਸੀ। ਇਸ ਤੋਂ ਇਲਾਵਾ, ਸਰਹੱਦੀ ਖੇਤਰਾਂ ਵਿੱਚ ਨਸ਼ਿਆਂ ਦੀ ਸਮੱਸਿਆ ਬਹੁਤ ਮਹੱਤਵਪੂਰਨ ਹੈ। ਇਸ ਲਈ, ਉਸਨੂੰ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

# ਕਾਂਗਰਸ 'ਚ ਕੋਈ ਵੀ ਧੜੇਬੰਦੀ ਨਹੀਂ: ਰਾਜਾ ਵੜਿੰਗ



ਚੰਡੀਗੜ੍ਹ: ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਸੂਬਾ ਕਾਂਗਰਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਧੜੇਬੰਦੀ ਨਹੀਂ ਹੈ। ਇਸੇ ਦੌਰਾਨ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਭਾਜਪਾ ਵਾਂਗ ਕਾਂਗਰਸ ਲੋਕਾਂ ਨੂੰ ਵੰਡਣ ਲਈ ਜਾਤ ਜਾਂ ਧਰਮ ਦੇ ਆਧਾਰ 'ਤੇ ਸਿਆਸਤ ਨਹੀਂ ਕਰਦੀ ਹੈ। ਉਨ੍ਹਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੰਮ 'ਸਰੂਪਾਂ' ਦੇ ਮਾਮਲੇ ਵਿੱਚ ਆਮ ਆਦਮੀ ਪਾਰਟੀ ਸਰਕਾਰ ਦੇ ਯੂ–ਟਰਨ ਉਪਰ ਵੀ ਤੰਜ ਕੱਸਿਆ ਹੈ। ਇੱਥੇ ਪੱਤਰਕਾਰਾਂ ਨਾਲ ਇੱਕ ਗੈਰ–ਰਸਮੀ ਗੱਲਬਾਤ ਦੌਰਾਨ, ਵੜਿੰਗ ਨੇ ਕਿਹਾ ਕਿ ਭਾਜਪਾ ਤੋਂ ਉਲਟ ਕਾਂਗਰਸ ਲੋਕਾਂ ਨੂੰ ਜਾਤ ਜਾਂ ਧਰਮ ਦੇ ਨਾਂ 'ਤੇ ਵੰਡਣ 'ਚ ਯਕੀਨ ਨਹੀਂ ਰੱਖਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਖਾਸ ਕਰਕੇ ਕਦੇ ਵੀ ਜਾਤ ਜਾਂ ਫਿਰਕੇ ਦੇ ਅਧਾਰ ਉੱਤੇ ਵੰਡ 'ਚ ਵਿਸ਼ਵਾਸ ਨਹੀਂ ਕਰਦਾ ਰਿਹਾ ਹੈ।

ਸੂਬਾ ਕਾਂਗਰਸ ਵਿੱਚ ਧੜਾਬੰਦੀ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ, ਉਨ੍ਹਾਂ ਨੇ ਕਿਹਾ ਕਿ ਪਾਰਟੀ ਸੂਬੇ 'ਚ ਪੂਰੀ ਤਰ੍ਹਾਂ ਇਕਜੁੱਟ ਹੈ। ਉਨ੍ਹਾਂ ਕਿਹਾ ਕਿ ਹਰ ਜਥੇਬੰਦੀ, ਇੱਥੋਂ ਤੱਕ ਕਿ ਇੱਕ ਪਰਿਵਾਰ ਵਿੱਚ ਵੀ ਅਕਸਰ ਥੋੜ੍ਹੇ ਬਹੁਤੇ ਮਤਭੇਦ ਹੁੰਦੇ ਹਨ। ਉਨ੍ਹਾਂ ਨੇ ਸਵਾਲ ਕੀਤਾ ਕਿ ਕਿੱਥੇ ਸਾਡੇ ਕਿਸੇ ਆਗੂ ਵੱਲੋਂ ਇਕ–ਦੂਜੇ ਜਾਂ ਫਿਰ ਪਾਰਟੀ ਦੇ ਖ਼ਿਲਾਫ ਕੰਮ ਕੀਤਾ ਗਿਆ ਹੈ? ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਭਾਵੇਂ ਅਨੁਸੂਚਿਤ ਜਾਤੀਆਂ ਲਈ 34 ਸੀਟਾਂ ਰਾਖਵੀਆਂ ਹਨ, ਲੇਕਿਨ ਜੇਕਰ ਐੱਸ.ਸੀ. ਭਾਈਚਾਰੇ ਵਿੱਚ ਹੋਰ ਵੀ ਯੋਗ ਉਮੀਦਵਾਰ ਹਨ, ਤਾਂ ਉਨ੍ਹਾਂ ਨੂੰ ਵੀ ਟਿਕਟ ਦਿੱਤੀ ਜਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਪੰਜਾਹ ਯੋਗ ਐੱਸ.ਸੀ. ਉਮੀਦਵਾਰ ਹਨ, ਤਾਂ ਉਹ ਸਭ ਟਿਕਟਾਂ ਹਾਸਲ ਕਰਨਗੇ, ਫਿਰ ਭਾਵੇਂ 34 ਸੀਟਾਂ ਹੀ ਐੱਸ.ਸੀ. ਵਰਗ ਲਈ ਰਾਖਵੀਆਂ ਹੀ ਕਿਉਂ ਨਾ ਹੋਣ। ਇਸ ਮੌਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਹਾਲ ਹੀ ਵਿੱਚ ਕੀਤੀਆਂ ਟਿੱਪਣੀਆਂ ਬਾਰੇ ਸਵਾਲ ਉਪਰ ਵੜਿੰਗ ਨੇ ਕਿਹਾ ਕਿ ਉਹ ਇਸ ਮਸਲੇ ਵਿੱਚ ਟਿੱਪਣੀ ਨਹੀਂ ਕਰਨਾ ਚਾਹੁੰਦੇ ਹਨ। ਹਾਲਾਂਕਿ ਇਹ ਵੀ ਸਪੱਸ਼ਟ ਕੀਤਾ ਕਿ ਚੰਨੀ ਨੂੰ ਉੱਚ ਜਾਤੀ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹਟਾਉਣ ਤੋਂ ਬਾਅਦ ਮੁੱਖ ਮੰਤਰੀ ਬਣਾਇਆ ਗਿਆ ਸੀ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਉੱਚ ਜਾਤੀ ਦੇ ਆਗੂ ਸੁਨੀਲ ਜਾਖੜ ਨੂੰ ਹਟਾ ਕੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਲੀਡਰ ਬਣਾਇਆ ਗਿਆ ਸੀ। ਵੜਿੰਗ ਨੇ ਇਹ ਵੀ ਯਾਦ ਦਿਵਾਇਆ ਕਿ 2021 ਵਿੱਚ ਖਾਸ ਤੌਰ 'ਤੇ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਗਿਆ ਸੀ, ਜਦਕਿ ਕਿਸੇ ਵੀ ਵਿਧਾਇਕ ਨੇ ਪਹਿਲਾਂ ਉਨ੍ਹਾਂ ਦਾ ਸਮਰਥਨ ਨਹੀਂ ਕੀਤਾ ਸੀ। ਇਸਦੇ ਬਾਵਜੂਦ ਪਾਰਟੀ ਦੇ ਹਰ ਆਗੂ ਅਤੇ ਵਿਧਾਇਕ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਸੀ। ਇਸ ਸਵਾਲ 'ਤੇ ਕਿ ਕੀ ਚੰਨੀ ਭਾਜਪਾ ਦਾ ਏਜੰਡਾ ਅੱਗੇ ਵਧਾ ਰਹੇ ਹਨ ਅਤੇ ਕੁਝ ਭਾਜਪਾ ਆਗੂਆਂ ਨੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ, ਦੇ ਸਬੰਧ ਵਿੱਚ ਵੜਿੰਗ ਨੇ ਉਕਤ ਮਾਮਲੇ 'ਚ ਪੈਣ ਤੋਂ ਇਨਕਾਰ ਕਰ ਦਿੱਤਾ। ਜਦਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੰਮ 'ਸਰੂਪਾਂ' ਦੇ ਮਾਮਲੇ 'ਤੇ ਆਪ ਸਰਕਾਰ ਦੇ ਯੂ–ਟਰਨ ਬਾਰੇ ਇੱਕ ਹੋਰ ਸਵਾਲ ਦੇ ਜਵਾਬ ਵਿੱਚ, ਵੜਿੰਗ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਸੂਬਾ ਸਰਕਾਰ ਨੇ ਅਜਿਹਾ ਕੀਤਾ ਹੋਵੇ। ਸਾਨੂੰ ਖੁਦ ਨਹੀਂ ਪਤਾ ਕਿ ਇਸ ਮਾਮਲੇ ਵਿੱਚ ਮੁੱਖ ਮੰਤਰੀ ਦੀ ਗੱਲ ਮੰਨੀਏ ਜਾਂ ਫਿਰ ਵਿੱਤ ਮੰਤਰੀ ਦੀ ਗੱਲ ਮੰਨੀ ਜਾਵੇ। ਇਸੇ ਤਰ੍ਹਾਂ, ਉਨ੍ਹਾਂ ਨੇ 23 ਜਨਵਰੀ ਨੂੰ ਪਾਰਟੀ ਹਾਈਕਮਾਂਡ ਨਾਲ ਸੂਬਾ ਕਾਂਗਰਸ ਕਮੇਟੀ ਦੇ ਆਗੂਆਂ ਦੀ ਹੋਣ ਵਾਲੀ ਮੀਟਿੰਗ ਬਾਰੇ, ਕਿਹਾ ਕਿ ਇਸਦਾ ਏਜੰਡਾ ਆਪ ਨੂੰ ਸੱਤਾ ਤੋਂ ਹਟਾਉਣ, ਭਾਜਪਾ ਦੀ ਵੰਡਣ ਵਾਲੀ ਸਿਆਸਤ ਦਾ ਮੁਕਾਬਲਾ ਕਰਨ ਅਤੇ ਅਕਾਲੀ ਦਲ ਨੂੰ ਬੇਅਦਬੀ ਮਾਮਲਿਆਂ 'ਚ ਜਵਾਬਦੇਹ ਬਣਾਉਣ 'ਤੇ ਕੇਂਦਰਿਤ ਹੋਵੇਗਾ।

# ਪੰਜਾਬ ਕਾਂਗਰਸ ਲੀਡਰਸ਼ਿਪ ਇਕਜੁੱਟ ਹੈ: ਰੰਧਾਵਾ

## 'ਚਰਨਜੀਤ ਚੰਨੀ ਨੇ ਕੁਝ ਗ਼ਲਤ ਨਹੀਂ ਕਿਹਾ'



ਚੰਡੀਗੜ੍ਹ: ਰਾਜਾ ਵੜਿੰਗ ਨਾਲ ਮੁਲਾਕਾਤ ਤੋਂ ਬਾਅਦ ਸੁਖਜਿੰਦਰ ਸਿੰਘ ਰੰਧਾਵਾ ਨੇ ਚਰਨਜੀਤ ਚੰਨੀ ਦੇ ਮੁੱਦੇ 'ਤੇ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕੁਝ ਵੀ ਗਲਤ ਨਹੀਂ ਕਿਹਾ। ਮੁੱਦੇ ਦਾ ਮੁੱਖ ਕੇਂਦਰ ਬਿੰਦੂ ਇਹ ਹੈ ਕਿ ਕਾਂਗਰਸ ਪਾਰਟੀ ਪੰਜਾਬ ਵਿੱਚ ਕਿਵੇਂ ਅੱਗੇ ਵਧ ਸਕਦੀ ਹੈ, ਕਿਉਂਕਿ ਇੱਕ ਵਾਰ ਚੋਣਾਂ ਖਤਮ ਹੋ ਜਾਂਦੀਆਂ ਹਨ, ਤਾਂ ਅੰਦਰੂਨੀ ਲੜਾਈ ਲਈ ਕਾਫ਼ੀ ਸਮਾਂ ਹੁੰਦਾ ਹੈ। ਹਾਲਾਂਕਿ, ਅੱਜ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਸੁਖਜਿੰਦਰ ਰੰਧਾਵਾ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਸਭ ਤੋਂ ਚਿੰਤਾਜਨਕ ਸਥਿਤੀ ਸਿੰਥੈਟਿਕ ਨਸ਼ਿਆਂ ਦੀ ਹੈ, ਜਿਸ ਨੂੰ ਖਤਮ ਕਰਨ ਲਈ ਇੱਕ ਵੱਡੀ ਲੜਾਈ ਦੀ ਲੋੜ ਹੈ। ਰੰਧਾਵਾ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਦੀ ਦੁਰਵਰਤੋਂ ਨੂੰ ਕਿਵੇਂ ਰੋਕਣਾ ਹੈ ਇਸ ਬਾਰੇ ਸਰਕਾਰ ਦਾ ਫੈਸਲਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਅੱਗੇ ਕਿਹਾ ਕਿ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਇੱਕ ਵਿਸ਼ੇਸ਼ ਕਾਨੂੰਨ ਦੀ ਲੋੜ ਹੈ। ਗੈਂਗਸਟਰਾਂ ਵਿਰੁੱਧ ਸਰਕਾਰ ਦੀ ਕਾਰਵਾਈ ਬਾਰੇ ਬੋਲਦਿਆਂ ਰੰਧਾਵਾ ਨੇ ਕਿਹਾ ਕਿ ਡੀਜੀਪੀ ਨੂੰ ਪਹਿਲਾਂ ਇਹ ਦੱਸਣਾ ਚਾਹੀਦਾ ਹੈ ਕਿ ਉਹ ਕੀ ਕਾਰਵਾਈ ਕਰਨਗੇ, ਕਿਉਂਕਿ ਇਹ ਸਾਰਿਆਂ ਨੂੰ ਸਪੱਸ਼ਟ ਹੈ ਕਿ ਲੋਕ ਕਿਵੇਂ ਮਾਣਯੋਗ ਹਾਈ ਕੋਰਟ ਵਿੱਚ ਸੁਰੱਖਿਆ ਦੀ ਮੰਗ ਕਰ ਰਹੇ ਹਨ ਅਤੇ ਗੈਂਗਸਟਰਾਂ ਦੁਆਰਾ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਮੀਡੀਆ ਨੂੰ ਵੀ ਇਸ ਮੁੱਦੇ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਉਭਾਰਨਾ ਚਾਹੀਦਾ ਹੈ।

ਅਕਾਲੀ ਦਲ ਦੇ ਨਸ਼ੇ ਦੀ ਦੁਰਵਰਤੋਂ ਨੂੰ ਖਤਮ ਕਰਨ ਦੇ ਬਿਆਨ 'ਤੇ ਚੁਟਕੀ ਲੈਂਦੇ ਹੋਏ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਉਹ ਜ਼ਰੂਰ ਨਸ਼ੇ ਦੀ ਦੁਰਵਰਤੋਂ ਨੂੰ ਖਤਮ ਕਰਨਗੇ, ਕਿਉਂਕਿ ਉਹ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ, ਇਹ ਸਿੱਧਾ ਹਵਾਲਾ ਵਿਕਰਮ ਮਜੀਠੀਆ ਦਾ ਹੈ। ਰਾਜਸਥਾਨ ਵਿੱਚ ਚੱਲ ਰਹੇ ਐਸਏਆਰ ਸਰਵੇਖਣ ਬਾਰੇ ਰੰਧਾਵਾ ਨੇ ਕਿਹਾ ਕਿ ਜਿਸ ਦਰ ਨਾਲ ਹਜ਼ਾਰਾਂ ਵੋਟਾਂ ਰੱਦ ਕੀਤੀਆਂ ਜਾ ਰਹੀਆਂ ਹਨ ਉਹ ਹੈਰਾਨੀਜਨਕ ਹੈ, ਕਿਉਂਕਿ ਇੱਕ ਵੀ ਅਰਜ਼ੀ ਕਿਸੇ ਵੀ ਗਿਣਤੀ ਦੇ ਲੋਕਾਂ ਦੀਆਂ ਵੋਟਾਂ ਰੱਦ ਕਰਨ ਲਈ ਦਿੱਤੀ ਜਾ ਸਕਦੀ ਹੈ। ਭਾਜਪਾ ਇਸਦੀ ਵਰਤੋਂ ਆਪਣੀ ਵੋਟ ਕੱਟਣ ਦੀ ਰਣਨੀਤੀ ਨਾਲ ਛੇੜਛਾੜ ਕਰਨ ਲਈ ਕਰ ਰਹੀ ਹੈ। ਜਿਸ ਤਰ੍ਹਾਂ ਐਸਆਈਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਗੁੰਮ ਹੋਈਆਂ ਕਾਪੀਆਂ ਬਾਰੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਜਾਂਚ ਕਰ ਰਹੀ ਹੈ, ਦੂਜੇ ਪਾਸੇ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਸਿੱਖ ਮਰਿਆਦਾ ਤੋਂ ਜਾਣੂ ਨਹੀਂ ਹਨ, ਜਿਵੇਂ ਕਿ ਉਨ੍ਹਾਂ ਨੇ ਖੁਦ ਜਥੇਦਾਰ ਦੇ ਸਾਹਮਣੇ ਕਿਹਾ ਸੀ, ਫਿਰ ਇਹ ਕਿਵੇਂ ਸਮਝਿਆ ਜਾ ਸਕਦਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਨਾਜ਼ੁਕਤਾ ਨਾਲ ਸੋਚ ਰਹੇ ਹੋਣਗੇ।

ਰੰਧਾਵਾ ਨੇ ਸਖ਼ਤ ਰੁਖ਼ ਅਪਣਾਉਂਦੇ ਹੋਏ, ਪੁਲਿਸ ਮੁਲਾਜ਼ਮਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਡੇਰੇ 'ਤੇ ਛਾਪਾ ਮਾਰਨ ਅਤੇ ਫੋਟੋਆਂ ਖਿੱਚਣ ਦੇ ਤਰੀਕੇ 'ਤੇ ਸਪੱਸ਼ਟ ਤੌਰ 'ਤੇ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਮੁੱਖ ਮੰਤਰੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਜਿਹਾ ਰਵੱਈਆ ਰੱਖਣਾ ਸਹੀ ਨਹੀਂ ਹੈ ਅਤੇ ਜਿਸ ਤਰ੍ਹਾਂ ਮੁੱਖ ਮੰਤਰੀ ਇਸ ਪੂਰੇ ਮਾਮਲੇ ਵਿੱਚ ਜ਼ਿੰਮੇਵਾਰੀ ਨਿਭਾ ਰਹੇ ਹਨ, ਸਾਨੂੰ ਉਸ 'ਤੇ ਸ਼ਰਮ ਆਉਂਦੀ ਹੈ। ਰੰਧਾਵਾ ਨੇ ਗੋਲਕ ਬਾਰੇ ਦਿੱਤੇ ਗਏ ਬਿਆਨ 'ਤੇ ਵੀ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਇਸਦੀ ਵਰਤੋਂ ਗਰੀਬਾਂ ਦੇ ਲੰਗਰ ਲਈ ਕੀਤੀ ਜਾਂਦੀ ਹੈ, ਜਿਸ ਵਿੱਚ ਕੋਈ ਵੀ 'ਜੇ' ਅਤੇ 'ਪਰ' ਰੱਖਣਾ ਸਹੀ ਨਹੀਂ ਹੈ।

# ਪੰਜਾਬ ਕੈਬਨਿਟ ਵੱਲੋਂ ਸੂਬੇ 'ਚ 1000 ਯੋਗਾ ਟਰੇਨਰਾਂ ਦੀ ਭਰਤੀ ਨੂੰ ਮਨਜ਼ੂਰੀ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੰਡੀਗੜ੍ਹ ਵਿਚ ਹੋਈ ਮੰਤਰੀ ਮੰਡਲ ਦੀ ਮੀਟਿੰਗ 'ਚ ਪੰਜਾਬ ਵਿੱਚ ਭਗਵਾਨ ਰਾਮ ਦੇ ਜੀਵਨ ਉੱਤੇ ਆਧਾਰਿਤ 40 ਸ਼ੋਅ ਕਰਵਾਉਣ ਦਾ ਫੈਸਲਾ ਕੀਤਾ ਹੈ। ਮੰਤਰੀ ਮੰਡਲ ਨੇ ਸੂਬੇ ਵਿੱਚ 1000 ਯੋਗਾ ਟਰੇਨਰਾਂ ਦੀ ਭਰਤੀ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਪੰਜਾਬ ਮੰਤਰੀ ਮੰਡਲ ਨੇ ਨਗਰ ਨਿਗਮ ਦੀਆਂ ਜ਼ਮੀਨਾਂ ਦੇ ਤਬਾਦਲੇ ਸਬੰਧੀ ਫੈਸਲੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਕਮੇਟੀ ਵੱਲੋਂ ਲਏ ਜਾਣ ਦੀ ਮਨਜ਼ੂਰੀ ਦਿੱਤੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਚਾਰ ਸਿਵਲ ਹਸਪਤਾਲਾਂ ਨੂੰ ਬਾਬਾ ਫਰੀਦ ਯੂਨੀਵਰਸਿਟੀ ਅਧੀਨ ਲਿਆਂਦਾ ਗਿਆ ਹੈ ਤਾਂ ਜੋ ਪੰਜਾਬ ਦੇ ਵੱਡੀ ਗਿਣਤੀ ਵਿੱਚ ਲੋਕ ਸਿਵਲ ਹਸਪਤਾਲ ਵਿੱਚ ਪਹੁੰਚ ਕੇ ਆਪਣਾ ਇਲਾਜ ਕਰਵਾ ਸਕਣ।

ਪੰਜਾਬ ਮੰਤਰੀ ਮੰਡਲ ਨੇ ਫੈਸਲਾ ਕੀਤਾ ਕਿ ਪੰਜਾਬ ਸਿਵਲ ਸਰਵਿਸਿਜ਼ ਦੀ ਪ੍ਰੀਖਿਆ ਦੌਰਾਨ ਪਹਿਲਾਂ ਇਸ਼ਤਿਹਾਰ ਜਾਰੀ ਹੋਣ ਤੋਂ ਲੈ ਕੇ ਅਰਜ਼ੀਆਂ ਫਾਈਲ ਕਰਨ ਤੱਕ ਉਮੀਦਵਾਰਾਂ ਦੀ ਘੱਟੋ ਘੱਟ ਸਿੱਖਿਆ ਨੂੰ ਲੈ ਕੇ ਅਕਸਰ ਵਿਵਾਦ ਛਿੜੇ ਰਹਿੰਦੇ ਸੀ, ਪਰ ਹੁਣ ਪੰਜਾਬ ਪੰਜਾਬ ਸਿਵਲ ਸਰਵਿਸ ਦੇ ਫਾਰਮ ਭਰਨ ਦੀ ਆਖਰੀ ਤਰੀਕ ਵਾਲੇ ਦਿਨ ਤੱਕ ਸਿੱਖਿਆ ਪੂਰੀ ਹੋਣ ਨੂੰ ਮਨਜ਼ੂਰੀ ਦੇ ਦਿੱਤੀ। ਮੰਤਰੀ ਮੰਡਲ ਨੇ ਬਾਗਬਾਨੀ ਖੇਤਰ ਵਿੱਚ ਸੁਧਾਰ ਕਰਦਿਆਂ ਪੰਜਾਬ ਵਿੱਚ ਬਾਗਬਾਨੀ ਦਾ ਖੇਤਰ ਛੇ ਫੀਸਦ ਤੋਂ ਵਧਾ ਕੇ 15 ਫੀਸਦ ਕਰਨ ਦਾ ਟੀਚਾ ਮਿੱਥਿਆ ਹੈ।



# ਜੱਟ ਸਿੱਖ VS ਦਲਿਤ ਸਿੱਖ ਵਾਲੀਆਂ ਖ਼ਬਰਾਂ ਨੂੰ ਲੈ ਕੇ ਬੋਲੇ MP ਚਰਨਜੀਤ ਚੰਨੀ

## 'ਮੈਂ ਕਿਸੇ ਦੇ ਖਿਲਾਫ਼ ਨਹੀਂ ਬੋਲਿਆ, ਮੈਂ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹਾਂ'



ਚੰਡੀਗੜ੍ਹ: ਸਾਬਕਾ ਮੁੱਖ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਸ੍ਰੀ ਚਰਨਜੀਤ ਸਿੰਘ ਚੰਨੀ ਨੇ ਸਪੱਸ਼ਟ ਕੀਤਾ ਕਿ ਉਹ ਗੁਰੂ ਸਾਹਿਬਾਨ ਦੇ ਫ਼ਲਸਫ਼ੇ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" 'ਤੇ ਅਡਿੱਗ ਵਿਸ਼ਵਾਸ ਰੱਖਦੇ ਹਨ ਅਤੇ ਕਿਸੇ ਵੀ ਮੀਟਿੰਗ ਜਾਂ ਮੰਚ ਤੋਂ ਕਦੇ ਵੀ ਜਾਤ ਜਾਂ ਬਿਰਾਦਰੀ ਸੰਬੰਧੀ ਕੋਈ ਟਿੱਪਣੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਖ਼ਿਲਾਫ਼ ਜਾਣ-ਬੁੱਝ ਕੇ ਗਲਤ ਅਤੇ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਸ੍ਰੀ ਚੰਨੀ ਨੇ ਕਿਹਾ ਕਿ ਉਹ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ ਦੇ ਪੁੱਤਰ ਹਨ ਅਤੇ ਕਿਸੇ ਵੀ ਵਰਗ ਜਾਂ ਜਾਤ ਦੇ ਖ਼ਿਲਾਫ਼ ਬੋਲਣਾ ਉਨ੍ਹਾਂ ਦੀ ਸੋਚ ਅਤੇ ਸੰਸਕਾਰਾਂ ਦੇ ਵਿਰੁੱਧ ਹੈ। ਉਨ੍ਹਾਂ ਕਾਂਗਰਸ ਪਾਰਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ 'ਤੇ ਭਰੋਸਾ ਕਰਕੇ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ, ਜਿਨ੍ਹਾਂ 'ਤੇ ਰਹਿੰਦਿਆਂ ਉਨ੍ਹਾਂ ਨੇ ਹਮੇਸ਼ਾ ਆਮ ਲੋਕਾਂ ਦੀ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਰਹਿੰਦਿਆਂ ਅਤੇ ਮੈਂਬਰ ਪਾਰਲੀਮੈਂਟ ਦੇ ਤੌਰ 'ਤੇ ਉਨ੍ਹਾਂ ਨੇ ਪਾਰਲੀਮੈਂਟ ਵਿੱਚ ਪੰਜਾਬ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਪੂਰੀ ਤਾਕਤ ਨਾਲ ਰੱਖੀ। ਕਿਸਾਨ ਅੰਦੋਲਨ ਦੌਰਾਨ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਰੋਸ ਨੂੰ ਵੀ ਭੁਗਤਿਆ, ਪਰ ਕਿਸੇ ਵੀ ਕਿਸਾਨ 'ਤੇ ਕਾਰਵਾਈ ਨਹੀਂ ਹੋਣ ਦਿੱਤੀ।

ਸ੍ਰੀ ਚੰਨੀ ਨੇ ਕਿਹਾ ਕਿ ਪੰਜਾਬ ਇੱਕ ਗੁਲਦਸਤਾ ਹੈ ਅਤੇ ਜਦੋਂ ਤੱਕ ਸਾਰੇ ਵਰਗਾਂ ਨੂੰ ਨਾਲ ਲੈ ਕੇ ਨਹੀਂ ਚੱਲਿਆ ਜਾਂਦਾ, ਤਦ ਤੱਕ ਨਾ ਪਾਰਟੀ ਮਜ਼ਬੂਤ ਹੁੰਦੀ ਹੈ ਅਤੇ ਨਾ ਹੀ ਸਰਕਾਰ ਬਣਦੀ ਹੈ।

# ਮਿੰਨੀ ਬੱਸ ਤੇ ਟਰੱਕ ਦੀ ਹੋਈ ਟੱਕਰ, 13 ਵਿਦਿਆਰਥੀ ਹਲਾਕ

## ਪੰਜ ਹੋਰ ਵਿਦਿਆਰਥੀਆਂ ਦੀ ਹਾਲਤ ਗੰਭੀਰ




ਦੱਖਣੀ ਅਫ਼ਰੀਕੀ ਦੇ ਜੌਹਾਨਸਬਰਗ ਦੇ ਦੱਖਣ ਵਿੱਚ ਇੱਕ ਮਿੰਨੀ ਬੱਸ ਤੇ ਟਰੱਕ ਦੀ ਟੱਕਰ ਹੋ ਗਈ ਜਿਸ ਕਾਰਨ 13 ਸਕੂਲੀ ਬੱਚਿਆਂ ਦੀ ਮੌਤ ਹੋ ਗਈ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਚੱਲਿਆ ਹੈ ਕਿ 11 ਸਕੂਲੀ ਬੱਚਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਦੋ ਹੋਰਾਂ ਨੇ ਹਸਪਤਾਲ ਜਾ ਕੇ ਦਮ ਤੋੜ ਦਿੱਤਾ। ਪੁਲੀਸ ਅਧਿਕਾਰੀਆਂ ਅਨੁਸਾਰ ਇਕ ਨਿੱਜੀ ਵਾਹਨ ਜੌਹਾਨਸਬਰਗ ਦੇ ਦੱਖਣ-ਪੱਛਮ ਵਿੱਚ ਪ੍ਰਾਇਮਰੀ ਸਕੂਲਾਂ ਅਤੇ ਹਾਈ ਸਕੂਲਾਂ ਦੇ ਵਿਦਿਆਰਥੀਆਂ ਨੂੰ ਲਿਜਾ ਰਿਹਾ ਸੀ ਤਾਂ ਇਹ ਘਟਨਾ ਸਵੇਰੇ 7 ਵਜੇ ਦੇ ਕਰੀਬ ਵਾਪਰੀ। ਗਵਾਹਾਂ ਨੇ ਦੱਸਿਆ ਕਿ ਬੱਚਿਆਂ ਨੂੰ ਲੈ ਕੇ ਜਾ ਰਹੀ ਮਿੰਨੀ ਬੱਸ ਹੋਰ ਵਾਹਨਾਂ ਨੂੰ ਓਵਰਟੇਕ ਕਰ ਰਹੀ ਸੀ ਕਿ ਇਸ ਨੇ ਟਰੱਕ ਨੂੰ ਸਾਹਮਣੇ ਤੋਂ ਟੱਕਰ ਮਾਰ ਦਿੱਤੀ। ਪੁਲੀਸ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਟਰੱਕ ਡਰਾਈਵਰ ਤੋਂ ਪੁੱਛਗਿੱਛ ਕੀਤੀ ਜਾਵੇਗੀ। ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੇ ਘਟਨਾ 'ਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਪੀੜਤ ਪਰਿਵਾਰਾਂ ਅਤੇ ਸਕੂਲਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ, 'ਸਾਡੇ ਬੱਚੇ ਦੇਸ਼ ਦੀ ਸਭ ਤੋਂ ਕੀਮਤੀ ਸੰਪਤੀ ਹਨ ਅਤੇ ਸਾਨੂੰ ਵਿਖਿਆਰਥੀਆਂ ਦੀ ਸੁਰੱਖਿਆ ਲਈ ਸੜਕੀ ਨਿਯਮਾਂ ਦੀ ਪਾਲਣਾ ਕਰਨ ਤੋਂ ਲੈ ਕੇ ਵਿਦਿਆਰਥੀਆਂ ਨੂੰ ਲਿਜਾਣ ਲਈ ਦਿੱਤੀ ਜਾਣ ਵਾਲੀ ਸੇਵਾ ਦੀ ਗੁਣਵੱਤਾ ਵਧਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।' ਦੱਖਣੀ ਅਫ਼ਰੀਕੀ ਪ੍ਰਸਾਰਣ ਨਿਗਮ ਦੇ ਅਧਿਕਾਰੀ ਨੇ ਕਿਹਾ ਕਿ ਇਹ ਘਟਨਾ ਉਦਯੋਗਿਕ ਸ਼ਹਿਰ ਵੈਂਡਰਬਿਜਲਪਾਰਕ ਵਿੱਚ ਵਾਪਰੀ। ਜ਼ਿਕਰਯੋਗ ਹੈ ਕਿ ਦੱਖਣੀ ਅਫ਼ਰੀਕਾ ਵਿਚ ਸੜਕ ਹਾਦਸੇ ਅਕਸਰ ਹੁੰਦੇ ਰਹਿੰਦੇ ਹਨ। ਸਰਕਾਰ ਦੇ ਪਿਛਲੇ ਹਫ਼ਤੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ ਸਾਲ ਦੇਸ਼ ਵਿੱਚ 11,418 ਮੌਤਾਂ ਸੜਕ ਹਾਦਸਿਆਂ ਕਾਰਨ ਹੋਈਆਂ ਜੋ 2024 ਦੀ ਗਿਣਤੀ ਨਾਲੋਂ 6% ਘੱਟ ਹੈ।

ਆਵਾਜਾਈ ਮੰਤਰਾਲੇ ਦਾ ਕਹਿਣਾ ਹੈ ਕਿ ਸੜਕ ਹਾਦਸੇ ਤੇਜ਼ ਰਫ਼ਤਾਰ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਕਾਰਨ ਜ਼ਿਆਦਾ ਹੁੰਦੇ ਹਨ। ਪਿਛਲੇ ਹਫ਼ਤੇ ਆਵਾਜਾਈ ਮੰਤਰੀ ਬਾਰਬਰਾ ਕ੍ਰੀਸੀ ਨੇ ਕਿਹਾ ਸੀ ਕਿ ਇਨ੍ਹਾਂ ਹਾਦਸਿਆਂ ਨੂੰ ਦੇਖਦਿਆਂ ਗੱਡੀ ਚਲਾਉਂਦੇ ਸਮੇਂ ਮੌਜੂਦਾ ਕਾਨੂੰਨੀ ਸ਼ਰਾਬ ਦੀ ਸੀਮਾ ਨੂੰ ਖਤਮ ਕਰਨ ਲਈ ਨਿਯਮ ਬਦਲਣ ਦਾ ਸਮਾਂ ਆ ਗਿਆ ਹੈ।

# ਰਾਸ਼ਟਰਪਤੀ ਟਰੰਪ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਗਾਜ਼ਾ ਸ਼ਾਂਤੀ ਬੋਰਡ ਵਿੱਚ ਸ਼ਾਮਲ ਹੋਣ ਦਾ ਸੱਦਾ



ਨਵੀ ਦਿੱਲੀ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗਾਜ਼ਾ ਲਈ ਬਣਾਏ ਗਏ ਇੱਕ ਅੰਤਰਰਾਸ਼ਟਰੀ ਸੰਗਠਨ 'ਬੋਰਡ ਆਫ਼ ਪੀਸ' ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਇਸ ਬੋਰਡ ਦਾ ਉਦੇਸ਼ ਗਾਜ਼ਾ ਵਿੱਚ ਸ਼ਾਂਤੀ, ਪੁਨਰ ਨਿਰਮਾਣ ਅਤੇ ਨਵੇਂ ਸ਼ਾਸਨ ਨੂੰ ਅੱਗੇ ਵਧਾਉਣਾ ਹੈ। ਟਰੰਪ ਦੀ 20-ਨੁਕਾਤੀ ਸ਼ਾਂਤੀ ਯੋਜਨਾ ਦੇ ਦੂਜੇ ਪੜਾਅ ਦੇ ਹਿੱਸੇ ਵਜੋਂ 15 ਜਨਵਰੀ ਨੂੰ ਬੋਰਡ ਦਾ ਐਲਾਨ ਕੀਤਾ ਗਿਆ ਸੀ। ਬੋਰਡ ਦੇ ਮੁੱਖ ਕੰਮ ਗਾਜ਼ਾ ਨੂੰ ਹਥਿਆਰਾਂ ਤੋਂ ਮੁਕਤ ਕਰਨਾ, ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨਾ, ਤਬਾਹ ਹੋਏ ਬੁਨਿਆਦੀ ਢਾਂਚੇ ਦਾ ਪੁਨਰ ਨਿਰਮਾਣ ਕਰਨਾ ਅਤੇ ਇੱਕ ਤਕਨੀਕੀ ਫਲਸਤੀਨੀ ਪ੍ਰਸ਼ਾਸਨ ਸਥਾਪਤ ਕਰਨਾ ਹੈ। ਇਸ ਪ੍ਰਸ਼ਾਸਨ ਦੀ ਨਿਗਰਾਨੀ NCAG (ਗਾਜ਼ਾ ਦੇ ਪ੍ਰਸ਼ਾਸਨ ਲਈ ਰਾਸ਼ਟਰੀ ਕਮੇਟੀ) ਦੁਆਰਾ ਕੀਤੀ ਜਾਵੇਗੀ, ਜਿਸ ਦੀ ਅਗਵਾਈ ਸਾਬਕਾ ਫਲਸਤੀਨੀ ਅਧਿਕਾਰੀ ਅਲੀ ਸ਼ਾਤ ਕਰਨਗੇ। ਟਰੰਪ ਨੇ ਕਿਹਾ ਕਿ ਇਹ ਹੁਣ ਤੱਕ ਦਾ ਸਭ ਤੋਂ ਮਹਾਨ ਅਤੇ ਸਭ ਤੋਂ ਵੱਕਾਰੀ ਬੋਰਡ ਹੈ। ਬੋਰਡ ਦੀ ਸੰਸਥਾਪਕ ਕਾਰਜਕਾਰੀ ਕਮੇਟੀ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਅਤੇ ਟਰੰਪ ਦੇ ਜਵਾਈ ਅਤੇ ਸਲਾਹਕਾਰ ਜੇਰੇਡ ਕੁਸ਼ਨਰ, ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ, ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ, ਅਰਬਪਤੀ ਕਾਰੋਬਾਰੀ ਮਾਰਕ ਰੋਵਨ ਅਤੇ ਸਲਾਹਕਾਰ ਰਾਬਰਟ ਗੈਬਰੀਅਲ ਸ਼ਾਮਲ ਹਨ। ਟਰੰਪ ਨੇ ਗਾਜ਼ਾ ਬੋਰਡ ਆਫ਼ ਪੀਸ ਵਿੱਚ ਕਈ ਵਿਸ਼ਵ ਨੇਤਾਵਾਂ ਨੂੰ ਸੱਦਾ ਦਿੱਤਾ ਹੈ। ਅਰਜਨਟੀਨਾ ਦੇ ਰਾਸ਼ਟਰਪਤੀ ਜੇਵੀਅਰ ਮਿਲੇ ਨੇ ਜਨਤਕ ਤੌਰ 'ਤੇ ਸੱਦਾ ਸਵੀਕਾਰ ਕੀਤਾ, ਇਸਨੂੰ ਇੱਕ ਸਨਮਾਨ ਕਿਹਾ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ, ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਅਤੇ ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ ਨੂੰ ਵੀ ਸੱਦਾ ਪੱਤਰ ਭੇਜੇ ਗਏ ਹਨ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਨੂੰ ਵੀ ਸੱਦਾ ਪੱਤਰ ਮਿਲਿਆ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰੂ ਸਾਹਿਬਾਨ ਦੇ ਸਿਪਾਹੀ ਬਣਨ ਦੀ ਬਜਾਏ ਸੁਖਬੀਰ ਬਾਦਲ ਦੇ ਸਿਪਾਹੀ ਬਣੇ ਹੋਏ ਹਨ ਜੋ ਪੰਥ ਲਈ ਬਹੁਤ ਮੰਦਭਾਗਾ-ਮੁੱਖ ਮੰਤਰੀ ਮਾਨ



ਅੰਮ੍ਰਿਤਸਰ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਜੀਠਾ ਵਿਖੇ ਸੂਬਾ ਪੱਧਰੀ ਸਮਾਗਮ ਦੌਰਾਨ 23 ਪੇਂਡੂ ਲਿੰਕ ਸੜਕਾਂ ਦਾ ਨੀਂਹ ਪੱਥਰ ਰੱਖਦਿਆਂ ਐਲਾਨ ਕੀਤਾ ਕਿ ਪੰਜਾਬ ਵਿੱਚ ਖੌਫ਼ ਦਾ ਦੌਰ, "ਪਰਚੀ ਦਾ ਦੌਰ" (ਜਬਰੀ ਵਸੂਲੀ) ਅਤੇ ਅਕਾਲੀਆਂ ਦੀ ਧੱਕੇਸ਼ਾਹੀ ਦਾ ਦੌਰ ਖਤਮ ਹੋ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਡਰਾਉਣ-ਧਮਕਾਉਣ ਵਾਲੀ ਸਿਆਸਤ ਨੂੰ ਪੂਰੀ ਤਰ੍ਹਾਂ ਨਾਕਾਰ ਦਿੱਤਾ ਹੈ ਅਤੇ ਵਿਕਾਸ, ਜਵਾਬਦੇਹੀ ਤੇ ਲੋਕ ਭਲਾਈ 'ਤੇ ਕੇਂਦਰਿਤ ਮਾਡਲ ਨੂੰ ਅਪਣਾਇਆ ਹੈ।

ਮੁੱਖ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਅਕਾਲੀਆਂ ਦੀ ਸੱਤਾ ਵਿੱਚ ਵਾਪਸੀ ਦਾ ਭਾਵ ਬੇਅਦਬੀਆਂ ਅਤੇ ਨਿਰਦੋਸ਼ ਲੋਕਾਂ 'ਤੇ ਗੋਲੀਬਾਰੀ ਵੱਲ ਵਾਪਸੀ ਹੋਵੇਗਾ। ਉਨ੍ਹਾਂ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਤੋਂ ਬਾਅਦ ਜਨਰਲ ਡਾਇਰ ਨੂੰ ਰਾਤ ਦੇ ਖਾਣੇ ਦੀ ਮੇਜ਼ਬਾਨੀ ਨੂੰ ਸੂਬੇ ਪ੍ਰਤੀ ਵਿਸ਼ਵਾਸਘਾਤ ਦੱਸਿਆ ਜੋ ਪੰਜਾਬ ਦੇ ਲੋਕ ਕਦੇ ਨਹੀਂ ਭੁੱਲਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਧਾਰਮਿਕ ਸੰਸਥਾਵਾਂ ਨੂੰ ਗੁਰੂ ਸਾਹਿਬ ਦੀ ਸੇਵਾ ਕਰਨੀ ਚਾਹੀਦੀ ਹੈ, ਨਾ ਕਿ ਕਿਸੇ ਸਿਆਸੀ ਪਰਿਵਾਰਾਂ ਦਾ ਪੱਖ ਪੂਰਨਾ ਚਾਹੀਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੁਫ਼ਤ ਬਿਜਲੀ, ਸੜਕਾਂ ਦਾ ਨਵੀਨੀਕਰਨ ਅਤੇ ਲੋਕ ਪੱਖੀ ਪ੍ਰਸ਼ਾਸਨ ਨੇ ਸੌੜੀ ਰਾਜਨੀਤੀ ਦੀ ਥਾਂ ਲੈ ਲਈ ਹੈ, ਜਿਸ ਨਾਲ ਮਜੀਠੀਆ ਵਿੱਚ 11.32 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟਾਂ ਨਾਲ ਵਿਕਾਸ ਦੇ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਹੋਈ ਹੈ।

ਮਜੀਠਾ ਵਿੱਚ 23 ਨਵੀਆਂ ਪੇਂਡੂ ਲਿੰਕ ਸੜਕਾਂ ਦਾ ਨੀਂਹ ਪੱਥਰ ਰੱਖਣ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਹਿਲਾਂ, ਇਹ ਇਲਾਕਾ ਲਗਾਤਾਰ ਡਰ ਹੇਠ ਰਹਿੰਦਾ ਸੀ। ਇਸ ਖੇਤਰ ਦੇ ਖੁਦ ਨੂੰ 'ਜਰਨੈਲ' ਦੱਸਣ ਵਾਲੇ ਵਿਅਕਤੀ ਨੇ ਆਮ ਲੋਕਾਂ ਵਿਰੁੱਧ ਝੂਠੇ ਕੇਸਾਂ ਨੂੰ ਹਥਿਆਰ ਵਜੋਂ ਵਰਤਿਆ। ਕਾਂਗਰਸ ਅਤੇ ਅਕਾਲੀ, ਦੋਵਾਂ ਸਰਕਾਰਾਂ ਦੀ ਆਪਸੀ ਮਿਲੀਭੁਗਤ ਨਾਲ ਦਹਿਸ਼ਤ ਭਰੇ ਰਾਜ ਦੀ ਸ਼ੁਰੂਆਤ ਹੋਈ ਅਤੇ ਲੋਕ ਸਰਕਾਰ ਖਿਲਾਫ ਬੋਲਣ ਤੋਂ ਡਰਦੇ ਸਨ।" ਉਨ੍ਹਾਂ ਕਿਹਾ ਕਿ ਇਹ ਡਰ ਹੁਣ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ ਕਿਉਂਕਿ ਹੁਣ ਲੋਕਾਂ ਦਾ ਰਾਜ ਹੈ ਅਤੇ ਉਨ੍ਹਾਂ ਨੇ ਅਜਿਹੀ ਸੌੜੀ ਰਾਜਨੀਤੀ ਨੂੰ ਨਿਰਣਾਇਕ ਤੌਰ 'ਤੇ ਸੂਬੇ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੇ ਮਜੀਠੀਆ ਅਤੇ ਬਾਦਲ ਪਰਿਵਾਰਾਂ ਵੱਲੋਂ ਚਲਾਈ ਜਾ ਰਹੀ ਡਰਾਉਣ-ਧਮਕਾਉਣ ਵਾਲੀ ਰਾਜਨੀਤੀ ਨੂੰ ਦਰਕਿਨਾਰ ਕਰਕੇ ਇਕ ਨਵਾਂ ਰਾਹ ਚੁਣਿਆ ਹੈ। ਉਨ੍ਹਾਂ ਕਿਹਾ, "ਇਹੀ ਮਜੀਠਾ ਇਲਾਕਾ ਕਦੇ ਉਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਸੀ ਜਿਨ੍ਹਾਂ ਨੇ 1919 ਵਿੱਚ ਜਲ੍ਹਿਆਂਵਾਲਾ ਬਾਗ ਕਤਲੇਆਮ ਵਾਲੇ ਦਿਨ ਜਨਰਲ ਡਾਇਰ ਨੂੰ ਰਾਤ ਦੇ ਖਾਣੇ 'ਤੇ ਬੁਲਾਇਆ ਸੀ। ਅਜਿਹੇ ਵਿਸ਼ਵਾਸਘਾਤ ਭਰੇ ਗੁਨਾਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਪੰਜਾਬ ਦੇ ਲੋਕ ਉਨ੍ਹਾਂ ਲੋਕਾਂ ਨੂੰ ਕਦੇ ਮੁਆਫ਼ ਨਹੀਂ ਕਰਨਗੇ ਜਿਨ੍ਹਾਂ ਦੇ ਹੱਥ ਮਾਸੂਮ ਲੋਕਾਂ ਦੇ ਖੂਨ ਨਾਲ ਰੰਗੇ ਹੋਏ ਸਨ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੇਤਾਵਨੀ ਦਿੱਤੀ ਕਿ ਅਕਾਲੀ ਦਲ ਨੂੰ ਸੱਤਾ ਵਿੱਚ ਵਾਪਸ ਲਿਆਉਣ ਦਾ ਭਾਵ ਪੰਜਾਬ ਨੂੰ ਹਨੇਰ ਯੁੱਗ ਵਿੱਚ ਵਾਪਸ ਧੱਕਣਾ ਹੋਵੇਗਾ। ਉਨ੍ਹਾਂ ਕਿਹਾ, "ਇਸ ਦਾ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੁਬਾਰਾ 'ਬੇਅਦਬੀ', ਨਿਰਦੋਸ਼ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ ਅਤੇ ਆਮ ਲੋਕਾਂ ਵਿਰੁੱਧ ਅੱਤਿਆਚਾਰ ਵੱਲ ਵਧਣ ਦੇ ਬਰਾਬਰ ਹੋਵੇਗਾ।" ਉਨ੍ਹਾਂ ਅੱਗੇ ਕਿਹਾ ਕਿ ਅਕਾਲੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਮਾੜੇ ਕੰਮਾਂ ਕਾਰਨ ਹੀ ਸੂਬਾ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ 328 ਸਰੂਪਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਕਿਹਾ, "ਸਾਡਾ ਇੱਕੋ ਇੱਕ ਉਦੇਸ਼ ਗੁੰਮ ਹੋਏ ਸਰੂਪਾਂ ਦਾ ਪਤਾ ਲਾਉਣਾ ਹੈ। ਸਾਡਾ ਧਾਰਮਿਕ ਸੰਸਥਾਵਾਂ ਵਿੱਚ ਦਖਲ ਦੇਣ ਦਾ ਕੋਈ ਇਰਾਦਾ ਨਹੀਂ ਹੈ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਆਪਣੀਆਂ ਮੁੱਢਲੀਆਂ ਜ਼ਿੰਮੇਵਾਰੀਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਐਸ.ਜੀ.ਪੀ.ਸੀ. ਮੁਖੀ ਸਿਆਸੀ ਰੈਲੀਆਂ ਦੇ ਪ੍ਰਬੰਧ ਕਰਨ ਵਿੱਚ ਰੁੱਝੇ ਹੋਏ ਸਨ। ਉਨ੍ਹਾਂ ਕਿਹਾ, "ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਿਪਾਹੀ ਕਹਿਣ ਦੀ ਬਜਾਏ, ਉਹ ਮਾਣ ਨਾਲ ਆਪਣੇ ਆਪ ਨੂੰ ਸੁਖਬੀਰ ਸਿੰਘ ਬਾਦਲ ਦਾ ਸਿਪਾਹੀ ਕਹਿੰਦੇ ਹਨ। ਅਜਿਹੇ ਵਿਅਕਤੀ ਤੋਂ ਭਲੇ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ, ਜੋ ਕਿਸੇ ਅਜਿਹੇ ਵਿਅਕਤੀ ਦੀ ਸੇਵਾ ਕਰਨ 'ਤੇ ਮਾਣ ਕਰਦਾ ਹੈ ਜਿਸ ਨੇ ਆਪਣੀਆਂ ਹਰਕਤਾਂ ਨਾਲ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੋਵੇ।" ਮੁੱਖ ਮੰਤਰੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਜ਼ਿਕਰ ਕਰਦਿਆਂ ਕਿਹਾ, "ਸ੍ਰੀ ਅਕਾਲ ਤਖ਼ਤ ਸਾਹਿਬ ਸਾਡੇ ਸਾਰਿਆਂ ਤੋਂ ਉੱਪਰ ਹਨ। ਇਸੇ ਲਈ ਮੈਂ ਭਾਰਤ ਦੇ ਰਾਸ਼ਟਰਪਤੀ ਦੇ ਸਮਾਗਮ ਵਿੱਚ ਸ਼ਾਮਲ ਹੋਣ ਦੀ ਬਜਾਏ ਤਖ਼ਤ ਸਾਹਿਬ ਅੱਗੇ ਪੇਸ਼ ਹੋਇਆ।"

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਉਲਟ, ਅਕਾਲੀਆਂ ਨੇ ਵਾਰ-ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਢਾਹ ਲਾਈ। ਉਨ੍ਹਾਂ ਕਿਹਾ, "ਜਥੇਦਾਰਾਂ ਨੂੰ ਆਪਣੀ ਮਰਜ਼ੀ ਨਾਲ ਨਿਯੁਕਤ ਕੀਤਾ ਅਤੇ ਅਹੁਦੇ ਤੋਂ ਹਟਾਇਆ ਗਿਆ, ਜਿਸ ਨਾਲ ਇਨ੍ਹਾਂ ਸੰਸਥਾਵਾਂ ਦੀ ਪਵਿੱਤਰਤਾ ਨੂੰ ਭਾਰੀ ਸੱਟ ਵੱਜੀ ਹੈ।" ਉਨ੍ਹਾਂ ਨੇ ਇਹ ਵੀ ਟਿੱਪਣੀ ਕੀਤੀ ਕਿ ਕਾਂਗਰਸੀ ਆਗੂ ਲਗਾਤਾਰ ਹਾਰਾਂ ਦਾ ਸਾਹਮਣਾ ਕਰਨ ਤੋਂ ਬਾਅਦ ਆਪਣਾ ਸਿਆਸੀ ਸੰਤੁਲਨ ਗੁਆ ਚੁੱਕੇ ਹਨ।

# ਸੰਸਦ ਮੈਂਬਰ ਮਲਵਿੰਦਰ ਕੰਗ ਨੇ ਪੀਐਮ ਤੋਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਭਾਜਪਾ ਆਗੂਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਕੀਤੀ ਮੰਗ



ਚੰਡੀਗੜ੍ਹ, : ਆਮ ਆਦਮੀ ਪਾਰਟੀ (ਆਪ) ਦੇ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਇੱਕ ਫਰਜ਼ੀ ਅਤੇ ਐਡਿਟ ਕੀਤੀ ਹੋਈ ਵੀਡੀਓ ਰਾਹੀਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਜਾਣਬੁੱਝ ਕੇ ਠੇਸ ਪਹੁੰਚਾਉਣ ਵਾਲੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਕੰਗ ਨੇ ਕਿਹਾ ਕਿ ਪੰਜਾਬ ਅਤੇ ਦਿੱਲੀ ਦੋਵਾਂ ਦੀਆਂ ਫੋਰੈਂਸਿਕ ਸਾਇੰਸ ਲੈਬਾਰਟਰੀਆਂ (ਐਫ.ਐਸ.ਐਲ) ਦੀ ਜਾਂਚ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਬੰਧਤ ਵੀਡੀਓ ਫਰਜ਼ੀ ਸੀ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ 'ਤੇ ਸਿੱਖ ਗੁਰੂਆਂ ਬਾਰੇ ਅਪਮਾਨਜਨਕ ਟਿੱਪਣੀਆਂ ਕਰਨ ਦੇ ਝੂਠੇ ਦੋਸ਼ ਲਗਾਉਣ ਲਈ ਇਸ ਨੂੰ ਬੜੀ ਸ਼ਰਾਰਤ ਨਾਲ ਐਡਿਟ ਕੀਤਾ ਗਿਆ ਸੀ। ਵਿਗਿਆਨਕ ਰਿਪੋਰਟਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਵੱਲੋਂ ਅਜਿਹਾ ਕੋਈ ਸ਼ਬਦ ਨਹੀਂ ਬੋਲਿਆ ਗਿਆ ਸੀ।

ਇਸ ਘਟਨਾ ਨੂੰ ਫਿਰਕੂ ਸਦਭਾਵਨਾ ਨੂੰ ਭੜਕਾਉਣ ਦੀ ਜਾਣਬੁੱਝ ਕੇ ਕੀਤੀ ਗਈ ਇੱਕ ਖਤਰਨਾਕ ਕੋਸ਼ਿਸ਼ ਕਰਾਰ ਦਿੰਦਿਆਂ ਕੰਗ ਨੇ ਕਿਹਾ ਕਿ ਇਹ ਫਰਜ਼ੀ ਵੀਡੀਓ ਭਾਜਪਾ ਆਗੂ ਕਪਿਲ ਮਿਸ਼ਰਾ ਵੱਲੋਂ ਸਿੱਖ ਧਾਰਮਿਕ ਭਾਵਨਾਵਾਂ ਨੂੰ ਹਥਿਆਰ ਬਣਾ ਕੇ ਲੋਕਾਂ ਵਿੱਚ ਗੁੱਸਾ ਪੈਦਾ ਕਰਨ ਅਤੇ ਸਿਆਸੀ ਲਾਹਾ ਲੈਣ ਦੀ ਨੀਅਤ ਨਾਲ ਫੈਲਾਈ ਗਈ ਸੀ। ਕੰਗ ਨੇ ਕਿਹਾ ਕਿ ਇਹ ਕੋਈ ਗਲਤੀ ਜਾਂ ਗਲਤਫਹਿਮੀ ਨਹੀਂ ਹੈ। ਇਹ ਧੋਖਾਧੜੀ ਦੀ ਇੱਕ ਅਜਿਹੀ ਕਾਰਵਾਈ ਹੈ ਜੋ ਸਿੱਖ ਧਰਮ ਅਤੇ ਕਦਰਾਂ-ਕੀਮਤਾਂ 'ਤੇ ਸਿੱਧਾ ਹਮਲਾ ਕਰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿਆਸੀ ਲਾਹੇ ਲਈ ਝੂਠ ਅਤੇ ਹੇਰਾਫੇਰੀ ਰਾਹੀਂ ਸਿੱਖ ਗੁਰੂਆਂ ਦੀ ਪਵਿੱਤਰਤਾ ਦਾ ਸਹਾਰਾ ਲੈਣਾ ਇੱਕ ਨਾ-ਮਾਫ਼ੀਯੋਗ ਨੈਤਿਕ ਅਪਰਾਧ ਹੈ।

ਕੰਗ ਨੇ ਪ੍ਰਧਾਨ ਮੰਤਰੀ ਨੂੰ ਯਾਦ ਦਿਵਾਇਆ ਕਿ ਸਿੱਖ ਗੁਰੂਆਂ ਨੇ ਆਪਣੀਆਂ ਜਾਨਾਂ ਸੱਤਾ ਜਾਂ ਵਿਸ਼ੇਸ਼ ਅਧਿਕਾਰਾਂ ਲਈ ਨਹੀਂ, ਸਗੋਂ ਧਰਮ, ਸੱਚ, ਮਨੁੱਖੀ ਸਨਮਾਨ ਅਤੇ ਜ਼ਮੀਰ ਦੀ ਆਜ਼ਾਦੀ ਲਈ ਵਾਰੀਆਂ ਸਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਹਮੇਸ਼ਾ ਦੇਸ਼ ਦੀ ਨੈਤਿਕ ਰੀੜ੍ਹ ਦੀ ਹੱਡੀ ਰਹੀ ਹੈ ਅਤੇ ਜਦੋਂ ਉਸ ਦੇ ਵਿਸ਼ਵਾਸ 'ਤੇ ਹਮਲਾ ਹੁੰਦਾ ਹੈ, ਤਾਂ ਉਹ ਚੁੱਪ ਦੀ ਨਹੀਂ ਬਲਕਿ ਨਿਆਂ ਦੀ ਉਮੀਦ ਕਰਦੀ ਹੈ। 'ਆਪ' ਸੰਸਦ ਮੈਂਬਰ ਨੇ ਕਿਹਾ ਕਿ ਇਹ ਬਹੁਤ ਦੁਖਦਾਈ ਹੈ ਕਿ ਅਜਿਹੀ ਘਟਨਾ ਉਸ ਸਮੇਂ ਵਾਪਰੀ ਜਦੋਂ ਸਿੱਖ ਕੌਮ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾ ਰਹੀ ਸੀ, ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਆਪਣੀ ਕੁਰਬਾਨੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਨੈਤਿਕ ਉਲੰਘਣਾ ਦਾ ਸਭ ਤੋਂ ਵੱਡਾ ਰੂਪ ਹਨ।

ਪ੍ਰਧਾਨ ਮੰਤਰੀ ਦੀ ਜ਼ਮੀਰ ਅਤੇ ਅਗਵਾਈ ਨੂੰ ਸਿੱਧੀ ਅਪੀਲ ਕਰਦਿਆਂ ਕੰਗ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਚੁੱਪ ਜਾਂ ਅਣਗਹਿਲੀ ਨੂੰ ਸਹਿਮਤੀ ਵਜੋਂ ਦੇਖੇ ਜਾਣ ਦਾ ਖਤਰਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਕਪਿਲ ਮਿਸ਼ਰਾ ਵਿਰੁੱਧ ਫੈਸਲਾਕੁੰਨ ਕਾਰਵਾਈ ਕਰਨ, ਜਿਸ ਵਿੱਚ ਉਸ ਨੂੰ ਸਾਰੇ ਅਹੁਦਿਆਂ ਤੋਂ ਹਟਾਉਣਾ ਅਤੇ ਉਸ ਦੀਆਂ ਹਰਕਤਾਂ ਦੀ ਜਨਤਕ ਤੌਰ 'ਤੇ ਨਿੰਦਾ ਕਰਨਾ ਸ਼ਾਮਲ ਹੋਵੇ। ਕੰਗ ਨੇ ਕਿਹਾ ਕਿ। ਸਖ਼ਤ ਕਾਰਵਾਈ ਇੱਕ ਸਪੱਸ਼ਟ ਸੰਦੇਸ਼ ਦੇਵੇਗੀ ਕਿ ਗੁਰੂਆਂ ਦੀ ਪਵਿੱਤਰਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਕੋਈ ਵੀ ਸਿਆਸੀ ਇੱਛਾ ਧਰਮ ਤੋਂ ਉੱਪਰ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਸਮੇਂ ਸਿਰ ਦਖ਼ਲ ਵਿਸ਼ਵਾਸ ਬਹਾਲ ਕਰਨ, ਸਿੱਖ ਕੌਮ ਨੂੰ ਨਿਆਂ ਦਿਵਾਉਣ ਅਤੇ ਇਸ ਗੱਲ ਦੀ ਪੁਸ਼ਟੀ ਕਰਨ ਵਿੱਚ ਮਦਦ ਕਰੇਗਾ ਕਿ ਜਿਨ੍ਹਾਂ ਆਦਰਸ਼ਾਂ ਲਈ ਸਿੱਖ ਗੁਰੂਆਂ ਨੇ ਮਹਾਨ ਕੁਰਬਾਨੀਆਂ ਦਿੱਤੀਆਂ ਹਨ, ਉਹ ਅਜੋਕੇ ਭਾਰਤ ਵਿੱਚ ਵੀ ਸੁਰੱਖਿਅਤ ਰਹਿਣਗੇ। ਕੰਗ ਨੇ ਦੁਹਰਾਇਆ ਕਿ ਪੰਜਾਬ ਸਿਆਸੀ ਲਾਹੇ ਲਈ ਸਮਾਜ ਨੂੰ ਵੰਡਣ ਜਾਂ ਧਾਰਮਿਕ ਵਿਸ਼ਵਾਸਾਂ ਦੀ ਤੌਹੀਨ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕਰੇਗਾ ਅਤੇ ਸੱਚ, ਸਦਭਾਵਨਾ ਅਤੇ ਨਿਆਂ ਲਈ ਮਜ਼ਬੂਤੀ ਨਾਲ ਖੜ੍ਹਾ ਰਹੇਗਾ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਰਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
NUTRA SELECT
100% NATURAL PRODUCT
PRODUCT OF CANADA
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਰੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ ਕੈਨੇਡਾ ਦਾ ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjar
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਸਾਡੀ ਰੀਸ ਕੌਣ ਕਰ ਲਊ ?



ਬੁੱਧ ਸਿੰਘ ਨੀਲੋਂ
94643 70823

ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪੰਜਾਬ ਦੇ ਫੁਕਰੇ ਗੀਤਕਾਰਾਂ ਤੇ ਗਾਇਕਾਂ ਨੇ ਪੰਜਾਬ ਦੀ ਉਹ ਤਸਵੀਰ ਪੇਸ਼ ਕੀਤੀ ਜਿਹੜੀ ਹੈ ਹੀ ਨਹੀਂ ਸੀ। ਪੰਜਾਬ ਦੀ ਮੁੰਡੀਰ ਉਹਨਾਂ ਦੇ ਮਗਰ ਲੱਗੀ ਰਹੀ। ਅਸੀਂ ਉਹਨਾਂ ਗਾਇਕਾਂ ਨੂੰ ਆਪਣੇ ਧੀਆਂ ਪੁੱਤਰਾਂ ਤੇ ਸੱਭਿਆਚਾਰਕ ਮੇਲਿਆਂ ਉੱਤੇ ਲੱਖਾਂ ਰੁਪਏ ਦੇ ਕੇ ਸਨਮਾਨਿਤ ਕਰਦੇ ਰਹੇ। 1990 ਤੋਂ ਬਾਅਦ ਤਾਂ ਸਟੇਟ ਨੇ ਇਸ ਲੱਚਰ ਗਾਇਕੀ ਨੂੰ ਉਤਸ਼ਾਹਿਤ ਕਰਨ ਲਈ ਮੁਹਿੰਮ ਵਿੱਡੀ। ਥਾਂ ਥਾਂ ਉੱਤੇ ਸੱਭਿਆਚਾਰ ਦੇ ਨਾਂਅ ਉੱਤੇ ਗੰਦ ਪਾਇਆ ਗਿਆ। ਇਸ ਅਖੌਤੀ ਪੰਜਾਬੀ ਸੱਭਿਆਚਾਰ ਦੀ ਸੇਵਾ ਦੇ ਨਾਮ ਹੇਠ ਬਹੁਤੇ ਖੱਟੀਆਂ ਖੱਟ ਗਏ। ਪੰਜਾਬ ਦੇ ਲੋਕਾਂ ਦੇ ਇਹੋ ਜਿਹੇ ਫੁਕਰੇ ਨਾਇਕ ਬਣ ਗਏ। ਜਿਹਨਾਂ ਨੂੰ ਇਸ ਸਾਜ਼ਿਸ਼ ਦਾ ਪਤਾ ਸੀ, ਉਹ ਚੁੱਪ ਕਰਕੇ ਤਮਾਸ਼ਾ ਤੱਕਦੇ ਰਹੇ। ਹੁਣ ਵੀ ਬਹੁਤੇ ਪੰਜਾਬੀ ਤਮਾਸ਼ਬੀਨ ਬਣੇ ਹੋਏ ਹਨ। ਕੁੱਝ ਆਗੂਆਂ ਨੇ ਇਹ ਤਮਾਸ਼ਾ ਕਰਕੇ ਦੋਂਵੇਂ ਪਾਸਿਓਂ ਮੋਟੀ ਕਮਾਈ ਕਰਨੀ ਸ਼ੁਰੂ ਕਰ ਦਿੱਤੀ। ਪਿਛਲੇ ਦਿਨੀਂ ਜੋ ਕੁੱਝ ਵਾਪਰਿਆ ਹੈ ਤੇ ਭਵਿੱਖ ਵਿੱਚ ਹੋਰ ਭਿਆਨਕ ਵਾਪਰਨਾ ਹੈ, ਇਸ ਦਾ ਉਹਨਾਂ ਨੂੰ ਪਹਿਲਾਂ ਹੀ ਪਤਾ ਸੀ। ਪੰਜਾਬ ਦੇ ਲੋਕਾਂ ਨੂੰ ਪਹਿਲੇ ਕਿਸਾਨ ਅੰਦੋਲਨ ਦੀਆਂ ਗੱਲਾਂ ਚੇਤੇ ਨਹੀਂ ਰਹੀਆਂ। ਉਹ ਫੇਰ ਇਹਨਾਂ ਮਦਾਰੀਆਂ ਦੇ ਮਗਰ ਲੱਗ ਤੁਰ ਪਏ। ਇਹਨਾਂ ਨੇ ਅਰਦਾਸ ਤੇ ਮਰਜੀਵੜਿਆਂ ਦੇ ਇਤਿਹਾਸ ਨੂੰ ਕਲੰਕਿਤ ਕਰਨਾ ਸ਼ੁਰੂ ਕੀਤਾ। ਦੂਜੇ ਨੇ ਮਰਨ ਵਰਤ ਸ਼ੁਰੂ ਕਰਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨਾ ਸ਼ੁਰੂ ਕਰ ਦਿੱਤਾ। ਮੀਡੀਆ ਦਿਨ ਗਿਣਦਾ ਰਿਹਾ ਤੇ ਲੋਕਾਂ ਦਾ ਧਿਆਨ ਭਟਾਉਂਦਾ ਰਿਹਾ। ਹੁਣ ਫੇਰ ਇਹ ਡਰਾਮਾ ਜਾਰੀ ਹੈ, ਮਰਜੀਵੜੇ ਦਾ ਪਤਾ ਨਹੀਂ ਉਹ ਕਿੱਥੇ ਹੈ। ਇਸੇ ਕਰਕੇ ਜੈਜ਼ੀ ਬੀ ਗਾਉਂਦਾ ਹੈ। ਸਾਡੀ ਰੀਸ ਕੌਣ ਕਰ ਲਊ। ਹੁਣ ਤਾਂ ਮੰਨਣਾ ਪਵੇਗਾ ਕਿ ਇਹਨਾਂ ਦੀ ਰੀਸ ਕੋਈ ਨਹੀਂ ਕਰ ਸਕਦਾ। ਪੰਜਾਬ ਦੇ ਮਾਣਮੱਤੇ ਵਿਰਸੇ ਅਤੇ ਇਤਿਹਾਸ ਨੂੰ ਕਲੰਕਿਤ ਕਰਨ ਵਾਲੇ ਕੁੱਝ ਕੁ ਲੋਕਾਂ ਨੇ ਸਾਰੇ ਪੰਜਾਬ ਨੂੰ ਬਦਨਾਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਭਾਰਤੀ ਸਟੇਟ ਇਸ ਦਾ ਫਾਇਦਾ ਉਠਾ ਕੇ ਆਪਣੀਆਂ ਚੰਮ ਦੀਆਂ ਚਲਾਈਆਂ ਤੇ ਚਲਾ ਰਹੇ ਹਨ। ਅਸੀਂ ਕੇਵਲ ਗੱਲਾਂ ਬਾਤਾਂ ਕਰਨ ਰਹਿ ਗਏ। ਕੋਈ ਇਹਨਾਂ ਗੱਲਾਂ ਦਾ ਜਵਾਬ ਦਿਓ।

ਰੁੱਖਾਂ ਤੇ ਕੁੱਖਾਂ ਦੇ ਕਾਤਲ ਪੰਜਾਬੀ !
ਧੀਆਂ ਤੇ ਪੋਤਿਆਂ ਦੇ ਕਾਤਲ ਪੰਜਾਬੀ !
ਰਿਸ਼ਤਿਆਂ ਨਾਤਿਆਂ ਦੇ ਕਾਤਲ ਪੰਜਾਬੀ !
ਆਪਣੇ ਪੈਰ ਕੁਹਾੜਾ ਮਾਰਨ ਵਾਲੇ ਪੰਜਾਬੀ !
ਕਿਰਤ ਨੂੰ ਪਿੱਠ ਵਿਖਾ ਕੇ ਮੁਫ਼ਤ ਦਾ ਛਕਣ ਵਾਲੇ ਪੰਜਾਬੀ !
ਮਰਿਆਂ ਦੀਆਂ ਪੈਨਸ਼ਨਾਂ ਖਾਣ ਵਾਲੇ ਪੰਜਾਬੀ !
ਡਰ ਗਿਆਂ ਨੂੰ ਡਰਾਉਣ ਵਾਲੇ ਪੰਜਾਬੀ !
ਸੱਤਾ ਦੇ ਇਸ਼ਾਰਿਆਂ ਉਤੇ ਨੱਚਣ ਵਾਲੇ ਪੰਜਾਬੀ !

ਅਜੇ ਵੀ ਸੂਰਮੇ ਕਹਾਉਂਦੇ ਆਂ। ਧਰਤੀ ਨੂੰ ਅੱਗਾਂ ਲਾਉਣ ਵਾਲੇ, ਜੀਵ ਜੰਤ ਮਚਾਉਣ ਵਾਲੇ, ਪਾਣੀ ਮੁਕਾਉਣ ਵਾਲੇ ਅਣਖੀ ਯੋਧੇ। ਭਲਾ ਦੱਸ ! ਸਾਡੀ ਰੀਸ ਕੌਣ ਕਰ ਸਕਦਾ ਹੈ? ਅਸੀਂ ਇੱਕ ਵੱਖਰੀ ਕੌਮ ਆਂ। ਨਾ ਤਖ਼ਤ ਤੇ ਨਾ ਤਾਜ, ਬਣੇ ਆ ਮਹਾਰਾਜ। ਸਾਡੀ ਰੀਸ ਕੌਣ ਕਰ ਲਊ ਸਾਨੂੰ ਰੱਬ ਨੇ ਬਣਾਇਆ ਮਹਾਰਾਜੇ ! ਕਿਉਂ ਕੋਈ ਝੂਠ ਐ ? ਹਰ ਮਨੁੱਖ ਦੀ ਇਹ ਦਿਲੀ ਭਾਵਨਾ ਹੁੰਦੀ ਹੈ ਕਿ ਹੀਰ ਜ਼ਰੂਰ ਜੰਮੇ, ਪਰ ਜੰਮੇ ਕਿਸੇ ਹੋਰ ਦੇ, ਉਹ ਇਸ ਕਰਕੇ ਕਿ ਉਹ ਆਪ ਰਾਂਝਾ ਬਣਕੇ, ਉਸ ਦੇ ਹੱਥਾਂ ਦੀ ਚੂਰੀ ਖਾਵੇ। ਉਸ ਦੀ ਇੱਛਾ ਇਹ ਵੀ ਹੁੰਦੀ ਹੈ ਕਿ ਹੀਰ ਦੇ ਬਾਪ ਦੀਆਂ ਮੱਝਾਂ ਕੋਈ ਹੋਰ ਚਾਰੇ, ਪਰ ਬੇਲਿਆਂ ਵਿੱਚ ਬੰਸਰੀ, ਉਹ ਹੀਰ ਦੇ ਪੱਟ ਉੱਤੇ ਸਿਰ ਰੱਖ ਕੇ ਆਪ ਵਜਾਏ। ਮਨੁੱਖ ਦੇ ਅੰਦਰ ਇਛਾਵਾਂ ਤਾਂ ਬਹੁਤ ਹੁੰਦੀਆਂ ਹਨ ਪਰ ਸਾਰੀਆਂ ਪੂਰੀਆਂ ਨਹੀਂ ਹੁੰਦੀਆਂ। ਮਨੁੱਖ ਸੋਚਦਾ ਕੁੱਝ ਹੈ ਤੇ ਵਾਪਰਦਾ ਕੁੱਝ ਹੋਰ ਹੈ, ਇਸੇ ਕਰਕੇ ਉਹ ਉਦਾਸ ਹੁੰਦਾ ਹੈ। ਉਦਾਸ ਹੋਇਆ ਮਨੁੱਖ ਆਪਣੀ ਉਦਾਸੀ ਸ਼ਬਦਾਂ ਰਾਹੀਂ ਦੂਰ ਕਰਦਾ ਹੈ। ਉਹ ਆਪਣੀ ਮਹਿਬੂਬ ਦੇ ਨਾਂ ਖ਼ਤ ਲਿਖਦਾ, ਗ਼ਜ਼ਲਾਂ ਲਿਖਦਾ, ਕਵਿਤਾਵਾਂ ਲਿਖਦਾ, ਕਹਾਣੀਆਂ, ਨਾਵਲ ਵਗੈਰਾ...। ਪਰ ਆਮ ਆਦਮੀ ਬੇਚਾਰਾ ਕੀ ਕਰੇ ? ਉਹ ਇੱਕ ਗ਼ਮ ਵਿਚੋਂ ਨਿਕਲਦਾ ਹੈ, ਝੱਟ ਦੂਜੇ ਵਿੱਚ ਫਸ ਪੈਂਦਾ ਹੈ। ਹਰ 'ਹੀਰ' ਦਾ ਇੱਕ 'ਰਾਂਝਾ' ਹੁੰਦਾ ਹੈ ਤੇ ਹਰ ਰਾਂਝੇ ਦੀ ਇੱਕ ਹੀਰ ਹੁੰਦੀ ਹੈ। ਇਸ਼ਕ ਹਕੀਕੀ ਤੇ ਮਜਾਜ਼ੀ ਹੁੰਦਾ ਹੈ।' ਇਸ਼ਕ ਹਕੀਕੀ ਕਿਸੇ ਕਿਸੇ ਨੂੰ ਨਸੀਬ ਹੁੰਦਾ ਹੈ। ਬਹੁ-ਗਿਣਤੀ ਤਾਂ 'ਇਸ਼ਕ ਮਜਾਜ਼ੀ' ਕਰਦੀ ਹੈ ਪਰ ਗੱਲਾਂ 'ਇਸ਼ਕ ਹਕੀਕੀ' ਦੀਆਂ ਕਰਦੀ ਹੈ।

ਪਰ ਅੱਜ-ਕੱਲ੍ਹ ਸਾਰਾ ਸੰਸਾਰ ਵਿਗਿਆਨਕ ਤਕਨੀਕ ਦੇ ਰਾਹੀਂ ਪਿੰਡ ਬਣ ਗਿਆ ਹੈ। ਹੁਣ ਤੁਸੀਂ ਆਪਣੇ ਘਰ ਬੈਠੇ ਹੀ ਦੁਨੀਆਂ ਦੇ ਕਿਸੇ ਵੀ ਬੇਲੇ ਵਿੱਚ ਬੈਠੀ ਕਿਸੇ ਹੀਰ ਨੂੰ ਤਲਾਸ਼ ਸਕਦੇ ਹੋ ਪਰ ਤੁਹਾਡੇ ਕੋਲ ਤਲਾਸ਼ ਕਰਨ ਦੀ ਜਾਚ ਹੋਣ ਚਾਹੀਦੀ ਹੈ। ਹੁਣ ਤੁਹਾਨੂੰ ਬੰਸਰੀ ਦੀ ਲੋੜ ਨਹੀਂ ਹੈ, ਨਾ ਚੂਰੀ ਦੀ। ਅੱਜ-ਕੱਲ੍ਹ ਤੁਸੀਂ ਬੰਸਰੀ ਨਾਲ ਹੀਰ ਨੂੰ ਨਹੀਂ ਕੀਲ ਸਕਦੇ, ਅੱਜ-ਕੱਲ੍ਹ ਤਾਂ ਮੋਬਾਇਲ ਦੀ ਰਿੰਗ ਟੋਨ ਹੀ ਹੀਰ ਲਈ ਬੰਸਰੀ ਹੈ। ਇਸੇ ਕਰਕੇ ਟੁੱਟਗੀ ਤੜੱਕ ਕਰਕੇ ਦੀਆਂ ਗੱਲਾਂ ਸੱਥਾਂ ਤੋਂ ਅਦਾਲਤਾਂ ਤੱਕ ਪੁਜ ਰਹੀਆਂ ਹਨ।

ਵਿਆਹ ਹੁੰਦੇ ਹਨ, ਕੁੱਝ ਸਮਿਆਂ ਬਾਅਦ ਤਲਾਕ। ਚੂਰੀ ਬਣਾਉਣੀ ਤਾਂ ਇਨ੍ਹਾਂ ਹੀਰਾਂ ਨੂੰ ਆਉਂਦੀ ਨਹੀਂ ਤੇ ਨਾ ਹੀ ਅੱਜ-ਕੱਲ੍ਹ ਦੇ ਰਾਂਝੇ ਚੂਰੀ ਖਾਣਾ ਪਸੰਦ ਕਰਦੇ ਹਨ। ਫਾਸਟ-ਫੂਡ ਨੇ ਇਨ੍ਹਾਂ ਚੂਰੀਆਂ ਦੀ ਥਾਂ ਲੈ ਲਈ ਹੈ। ਲੋੜ ਤਾਂ ਹੁਣ ਸ਼ਬਦਾਂ, ਉਤਮ ਸੁਪਨਿਆਂ, ਉਤਮ ਗੱਲਾਂ ਦੀ ਹੈ ਤਾਂ ਕਿ ਤੁਸੀਂ ਸ਼ਬਦਾਂ ਰਾਹੀਂ ਆਪਣੀ ਹੀਰ ਦਾ ਢਿੱਡ ਭਰ ਸਕੋ। ਅੱਜ-ਕੱਲ੍ਹ ਦੀਆਂ ਹੀਰਾਂ ਨੂੰ ਭੁੱਖ ਵੀ ਘੱਟ ਲੱਗਦੀ ਹੈ। ਹੁਣ ਦੀਆਂ ਹੀਰਾਂ ਅੰਦਰ 'ਸੇਕ' ਕਦੇ ਵੱਧ ਰਿਹਾ ਹੈ, 'ਕੱਦ' ਘੱਟ ਰਿਹਾ ਹੈ। ਦੂਜੇ ਪਾਸੇ ਰਾਂਝਿਆਂ ਅੰਦਰ ਲਲਕ ਵੱਧ ਰਹੀ ਹੈ ਤੇ ਤਾਕਤ ਘੱਟ ਰਹੀ ਹੈ। ਇਸੇ ਕਰਕੇ ਹੁਣ ਰਾਂਝੇ ਹੀਰਾਂ ਮਗਰ ਨਹੀਂ, ਬਲਕਿ ਹੀਰਾਂ ਰਾਂਝਿਆਂ ਮਗਰ ਭੱਜਦੀਆਂ ਫਿਰਦੀਆਂ ਹਨ। ਉਨ੍ਹਾਂ ਦੀ ਹਾਲਤ ਉਸ ਮਛੇਰੇ ਵਰਗੀ ਹੁੰਦੀ ਹੈ, ਜਿਸ ਨੂੰ ਸਮੁੰਦਰ ਵਿੱਚ ਫਿਰਦੀਆਂ ਮੱਛੀਆਂ ਤਾਂ ਬਹੁਤ ਦਿਖਦੀਆਂ ਹਨ ਪਰ ਜਾਲ ਵਿਚ ਨਹੀਂ ਫਸਦੀਆਂ। ਇਹ ਫਸਣ ਤੇ ਨਿਕਲਣ ਦਾ ਅਜਿਹਾ ਚੱਕਰ ਹੈ, ਜਿਸ ਵਿੱਚ ਸਾਰੀ ਜ਼ਿੰਦਗੀ ਰਾਂਝੇ ਤੇ ਹੀਰਾਂ ਉਲਝੇ ਰਹਿੰਦੇ ਹਨ। ਉਨ੍ਹਾਂ ਦੀ ਹਾਲਤ ਉਹ ਚੱਕਰਵਿਊ ਵਿੱਚ ਫਸੇ ਮਨੁੱਖ ਵਰਗੀ ਹੁੰਦੀ ਹੈ, ਜਿਹੜਾ ਨਿਕਲਣਾ ਤਾਂ ਬਾਹਰ ਮੈਦਾਨ ਵਿੱਚ ਚਾਹੁੰਦਾ ਹੈ, ਪਰ ਫਸ ਕਿਸੇ ਹੋਰ ਥਾਂ ਜਾਂਦਾ ਹੈ। ਫਸਣਾ-ਨਿਕਲਣਾ ਜ਼ਿੰਦਗੀ ਦਾ ਅਜਿਹਾ ਚੱਕਰ ਹੈ, ਜਿਸ ਦੁਆਲੇ ਸਾਰੀ ਸ੍ਰਿਸ਼ਟੀ ਘੁੰਮਦੀ ਹੈ। ਜਿਵੇਂ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਬਸ ਉਵੇਂ ਹੀ ਰਾਂਝਾ ਹੀਰ ਦੁਆਲੇ ਤੇ ਹੀਰ ਰਾਂਝੇ ਦੁਆਲੇ ਘੁੰਮਦੀ ਰਹਿੰਦੀ ਹੈ। ਸਮਾਂ ਪੈਣ ਨਾਲ ਥਾਵਾਂ, ਰਾਝੇ ਹੀਰਾਂ ਦੇ ਰੂਪ ਬਦਲ ਜਾਂਦੇ ਹਨ ਪਰ ਉਹ ਭਟਕਣਾ ਵਿੱਚ ਉਵੇਂ ਫਸੇ ਰਹਿੰਦੇ ਹਨ, ਜਿਵੇਂ ਉਨਾ ਦੇ ਪੁਰਖੇ ਫਸੇ ਸੀ। ਕਈ ਵਾਰ ਇਹ ਹੁੰਦਾ ਹੈ ਕਿ ਅਸੀਂ ਘੁੰਮ ਤਾਂ ਸ਼ਹਿਰ ਵਿੱਚ ਇੱਕ ਅਜਿਹੇ ਭੀੜ-ਭੜਕੇ ਵਾਲੇ ਬਾਜ਼ਾਰ ਵਿੱਚ ਹੁੰਦੇ ਹਾਂ ਪਰ ਸਾਡਾ ਮਨ ਕਿਸੇ ਦੀ ਤਲਾਸ਼ ਵਿੱਚ ਕਿਤੇ ਹੋਰ ਭਟਕ ਰਿਹਾ ਹੁੰਦਾ ਹੈ। ਇਹ ਤਲਾਸ਼ ਹੀ ਹੈ ਜਿਹੜੀ ਹਰ ਮਨੁੱਖ ਨੂੰ ਭਜਾਈ ਫਿਰਦੀ ਹੈ। ਇਸ ਤਲਾਸ਼ ਵਿੱਚ ਮਨੁੱਖ ਇੱਧਰ-ਉਧਰ ਭਟਕਦਾ ਹੈ। ਉਸਨੂੰ ਕਿਧਰੇ ਸਕੂਨ ਨਹੀਂ ਮਿਲਦਾ, ਜੇ ਕਿਤੇ ਠੰਢੀ ਥਾਂ ਹੇਠ ਬਹਿ ਕੇ ਕਿਸੇ ਸੰਗ 'ਆਈਸ ਕਰੀਮ' ਖਾ ਲੈਂਦਾ ਹੈ, ਤਾਂ ਉਸ ਅੰਦਰ ਇੱਕ ਤਲਾਸ਼ ਉਭਰ ਆਉਂਦੀ ਹੈ, ਅਸਲ ਵਿੱਚ ਜਿੰਨੀਆਂ ਵੀ ਠੰਢੀਆਂ ਚੀਜ਼ਾਂ ਹੁੰਦੀਆਂ ਹਨ, ਉਨ੍ਹਾਂ ਅੰਦਰ ਗਰਮੀ, ਸੇਕ, ਤਪਸ਼, ਊਰਜਾ ਵਧੇਰੇ ਹੁੰਦੀ ਹੈ। ਕਈ ਵਾਰ ਅਸੀਂ ਗਰਮ ਥਾਂ ਉਤੇ ਹੱਥ ਰੱਖਦੇ ਤਾਂ ਉਹ ਠੰਢਾ ਹੋ ਜਾਂਦਾ ਹੈ ਜਦੋਂ ਕਿਤੇ ਕਿਸੇ ਠੰਢੀ ਥਾਂ ਹੱਥ ਰੱਖਦੇ ਹਾਂ ਤਾਂ ਉਹ ਪਾਣੀ ਬਣ ਕੇ ਵਹਿ ਤੁਰਦਾ ਹੈ। ਜਿਹੜਾ ਵਹਿੰਦਾ ਹੈ, ਵਗਦਾ ਹੈ, ਉਹ ਪਾਣੀ ਸਦਾ ਨਿਰਮਲ ਰਹਿੰਦਾ ਹੈ, ਰੁਕ ਗਿਆ ਪਾਣੀ, ਹਮੇਸ਼ਾ ਮੁਸ਼ਕ ਮਾਰਦਾ ਹੈ। ਵਿਸ਼ਵੀਕਰਨ ਨੇ ਅੱਜ-ਕੱਲ੍ਹ ਹੀਰਾਂ ਦੇ ਰਾਂਝਿਆਂ ਦਾ ਕੰਮ ਹੋਰ ਵੀ ਸੌਖਾ ਕਰ ਦਿੱਤਾ ਹੈ। ਮੋਬਾਇਲ ਫੋਨ ਨੇ ਦੂਰੀਆਂ ਤਾਂ ਘਟਾ ਦਿੱਤੀਆਂ ਹਨ ਨਾਲ ਹੀ ਬੇਲਿਆਂ ਵਿੱਚ ਮਿਲਣ ਦੀਆਂ ਥਾਵਾਂ ਵੀ ਹੁਣ ਕੈਫ਼ਿਆਂ ਤੇ ਰੈਸਟੋਰੈਂਟਾਂ ਵਿੱਚ ਬਦਲ ਗਈਆਂ ਹਨ। ਤੁਸੀ ਕਿਸੇ ਸ਼ਹਿਰ ਦੀ ਸੜਕ ਕਿਨਾਰੇ ਖੜ ਕੇ ਕੁੱਝ ਪਲ ਲਈ ਸੜਕ ਉੱਤੇ ਭੱਜੇ ਜਾਂਦੇ ਮਸ਼ੀਨ ਬਣੇ ਉਨਾ ਹੀਰਾ ਰਾਂਝਿਆਂ ਨੂੰ ਦੇਖਣ ਸਮਝਣ ਦਾ ਯਤਨ ਕਰੋ ਤਾਂ ਤੁਹਾਡੀਆਂ ਅੱਖਾਂ ਅੱਗੇ ਇੱਕ ਉਹ ਸੱਚ ਆ ਜਾਵੇਗਾ, ਜਿਹੜਾ ਤੁਸੀਂ ਕਦੇ ਸੋਚ ਵੀ ਨਹੀਂ ਸਕਦੇ। ਸੋਚਣ ਦਾ ਕੰਮ ਹੁਣ ਰਾਂਝਿਆਂ ਤੇ ਹੀਰਾਂ ਦਾ ਨਹੀਂ ਉਨ੍ਹਾਂ ਦੇ ਲਛਮਣ ਵਰਗੇ ਵੀਰਾਂ ਤੇ ਇੱਛਰਾਂ ਵਰਗੀਆਂ ਮਾਵਾਂ ਦਾ ਹੈ। ਇਹ ਨਵੇਂ ਰਾਂਝੇ, ਇਹ ਆਧੁਨਿਕ ਹੀਰਾਂ ਕਿਧਰ ਨੂੰ ਕਿਸ ਦੀ ਤਲਾਸ਼ ਵਿੱਚ ਦੌੜ ਰਹੀਆਂ ਹਨ। ਜਾਂ ਫਿਰ ਉੱਥੇ ਹੀ ਸਥਿਰ ਹਨ। ਇਹ ਤਾਂ ਸਮਾਂ ਹੀ ਦੱਸੇਗਾ, ਤੁਸੀਂ ਏਨਾਂ ਚਿਰ ਕਿਸੇ ਬਾਜ਼ਾਰ ਵਿੱਚ ਫਿਰਦੀਆਂ ਭਟਕਦੀਆਂ ਰੂਹਾਂ ਦੇ ਦਰਸ਼ਨ ਕਰ ਸਕਦੇ ਹੋ ਤਾਂ ਕਿ ਤੁਹਾਨੂੰ ਵੀ ਪਤਾ ਲੱਗੇ ਕਿ ਅੱਜ-ਕੱਲ੍ਹ ਦੇ ਹੀਰ-ਰਾਂਝੇ ਕਿਧਰ ਨੂੰ ਜਾ ਰਹੇ ਹਨ? ਇਸ ਦੀ ਸਮਝ ਨੀ ਆ ਰਹੀ? ਜੁਆਨੀ ਨੇ ਸੱਤਾਧਾਰੀਆਂ ਦੇ ਗੱਲ ਅੰਗੂਠਾ ਦੇਣ ਦੀ ਵਜਾਏ ਮਾਪਿਆਂ ਦੇ ਗਲ ਪੈਂਦੇ ਰਹੇ ਹਨ। ਉਲਟੀ ਗੰਗਾ ਪਹੇਵੇ ਨੂੰ ਵਗਣ ਲੱਗ ਪਈ ਹੈ। ਕੀ ਬਣੂੰ ਸਮਾਜ ਦਾ ? ਕੀ ਰਿਸ਼ਤੇ ਪੈਸੇ ਦੇ ਰਹਿਗੇ ਹਨ ? ਪਿਆਰ ਤੇ ਵਿਆਹ ਵਪਾਰ ਬਣ ਗਿਆ ! ਅਸੀਂ ਕਿਸ ਦਿਸ਼ਾ ਵੱਲ ਜਾ ਰਹੇ ਹਾਂ ? ਜ਼ਿੰਦਗੀ ਦੀ ਜੰਗ ਕਿਸ ਨਾਲ ਲੜੀ ਜਾ ਰਹੀ ਹੈ? ਹੁਣ ਪਿਤਰੀ ਸੱਤਾ ਵੀ ਟੁੱਟ ਰਹੀ ਐ। ਮਰਦ ਪ੍ਰਧਾਨ ਸਮਾਜ ਸੋਚ ਰਿਹਾ ਹੁਣ ਕੀ ਬਣੂੰਗਾ ? ਅਸੀਂ ਰੁੱਖਾਂ ਤੇ ਕੁੱਖਾਂ ਦੇ, ਧੀਆਂ ਪੋਤਿਆਂ ਦੇ, ਰਿਸ਼ਤਿਆਂ ਦੇ ਕਾਤਲ ਹਾਂ। ਪਰ ਕਾਤਲ ਨਹੀਂ ਸਗੋਂ ਅਸੀਂ ਤਾਂ ਸੂਰਮਿਆਂ ਤੇ ਯੋਧਿਆਂ ਦੀ ਕੌਮ ਆਂ। ਸਾਡੀ ਰੀਸ ਕੌਣ ਕਰ ਲਊ, ਸਾਨੂੰ ਰੱਬ ਬਣਾਇਆ ਮਹਾਰਾਜੇ। ਪਰ ਅਸਲੀਅਤ ਕੁਝ ਹੋਰ ਹੈ। ਫੁਕਰਿਆਂ ਦੀ ਨਸਲ ਵੀ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ। ਆਉਣ ਵਾਲੀਆਂ ਨਸਲਾਂ ਤੇ ਫਸਲਾਂ ਖਤਮ ਕਰਨ ਸੂਰਮੇ, ਚਾਬੀ ਵਾਲੇ ਖਿਡਾਉਣੇ ਆਂ। ਸਾਡੇ ਅੰਦਰਲਾ ਮਨੁੱਖ ਮਰ ਗਿਆ ਹੈ। ਅਸੀਂ ਗਲੀਆਂ ਸੜੀਆਂ ਲਾਸ਼ਾਂ ਦੀਆਂ ਅਰਥੀਆਂ ਚੁੱਕੀ ਫਿਰਦੇ ਹਾਂ। ਸਾਡੀਆਂ ਭਾਵਨਾਵਾਂ ਨੂੰ ਭੜਕਾਉਣ ਜਦੋਂ ਮਰਜ਼ੀ ਤੀਲੀ ਲਗਾ ਦਿਓ। ਸਾਡੀ ਅਣਖ ਦੱਬੀਆਂ ਕੁਚਲੀਆਂ ਕੌਮਾਂ ਉਤੇ ਬਹੁਤ ਛੇਤੀ ਜਾਗਦੀ ਐ ਪਰ ਜੇ ਸਾਹਮਣੇ ਬਰਾਬਰ ਦਾ ਹੋਵੇ ਤਾਂ ਸਾਡੇ ਚੱਡਿਆਂ ਵਿੱਚ ਪੂੰਛ ਫਸਾ ਜਾਂਦੀ ਐ। ਫੋਕੀ ਨਾਲ ਗਿੱਟੇ ਲਿਬੜ ਜਾਂਦੇ ਹਨ। ਕਦੇ ਦਾਦੇ ਦੀਆਂ ਤੇ ਕਦੇ ਪੋਤੇ ਦੀਆਂ । ਪੱਥਰ ਯੁੱਗ ਤੇ ਜੰਗਲੀ ਯੁਗ ਵਿੱਚ ਔਰਤ ਘਰ ਦੀ ਮਾਲਕਣ ਹੁੰਦੀ ਸੀ। ਆਧੁਨਿਕ ਦੌਰ ਵਿੱਚ ਮਨੁੱਖ ਦੇ ਹੱਥ ਸ੍ਰਿਸ਼ਟੀ ਆਉਣ ਕਰਕੇ ਔਰਤ ਹਾਸ਼ੀਏ ਤੇ ਚਲੀ ਗਈ ਸੀ। ਪਰ ਹੁਣ ਫਿਰ ਔਰਤ ਦੇ ਹੱਥ ਬਾਜੀ ਆ ਗਈ ਹੈ। ਪਹਿਲਾ ਪੰਜਾਬੀ ਆਪਣਾ ਘਰ ਵਸਾਉਣ ਲਈ ਮੁੱਲ ਦੀਆਂ ਔਰਤਾਂ ਲੈ ਕੇ ਆਉਂਦੇ ਸੀ ਤੇ ਅੱਜ ਕੱਲ੍ਹ ਕੁੜੀਆਂ, ਮੁੰਡੇ ਖਰੀਦ ਨੇ। ਪਿਛਲੇ ਸਮਿਆਂ ਵਿੱਚ ਆਈਲੈਟਸ ਨੇ ਇਸ ਤਰ੍ਹਾਂ ਦੇ ਵਪਾਰ ਨੂੰ ਬਹੁਤ ਹਵਾ ਦਿੱਤੀ ਇਸ ਨਾਲ ਬਹੁਤ ਦੇ ਘਰ ਵਸ ਵੀ ਗਏ ਤੇ ਬਹੁਤ ਪੱਟੇ ਵੀ ਗਏ। ਸਮਾਜ ਵਿੱਚ ਜੋ ਕੁਝ ਵਾਪਰ ਰਿਹਾ ਹੈ ਇਹ ਆਮ ਵਿਅਕਤੀ ਦੀ ਸਮਝ ਤੋਂ ਬਾਹਰ ਹੈ। ਜਿਸ ਤਰ੍ਹਾਂ ਹੁਣ ਵਢਾਈ ਦੀ ਰੁੱਤ ਵੇਲੇ ਮੌਸਮ ਵਿਗੜਿਆ ਫਿਰਦਾ ਇਸੇ ਤਰ੍ਹਾਂ ਮਨੁੱਖ ਦੀ ਹਾਲਤ ਬਣੀ ਹੋਈ ਹੈ। ਉਸ ਦਾ ਵੀ ਮੌਸਮ ਵਾਂਗ ਕੋਈ ਭਰੋਸਾ ਨਹੀਂ ਕਦੋਂ ਬਦਲ ਜਾਵੇ। ਮੌਸਮ ਬਦਲਣਾ ਕੁਦਰਤੀ ਵਰਤਾਰਾ ਹੈ ਪਰ ਜਿਸ ਤਰ੍ਹਾਂ ਮਨੁੱਖ ਨੇ ਲਾਲਚ ਵੱਸ ਹੋ ਕੇ ਧਰਤੀ ਦਾ ਤਵਾਜਨ ਵਿਗਾੜਿਆ ਹੈ ਇਸ ਦਾ ਖਮਿਆਜਾ ਸਮੁੱਚੀ ਲੁਕਾਈ ਨੂੰ ਭੁਗਤਣਾ ਪੈ ਰਿਹਾ ਹੈ। ਕੁੱਝ ਕੁ ਮਨੁੱਖਾਂ ਦੀ ਲਾਲਸਾ ਨੇ ਸਾਰੀ ਮਨੁੱਖਤਾ ਨੂੰ ਵੰਝ ਤੇ ਚਾੜ੍ਹ ਦਿੱਤਾ ਹੈ। ਹੁਣ ਬਹੁਤ ਜਿਆਦਾ ਗਰਮੀ ਪੈਣ ਲੱਗ ਪਈ ਹੈ, ਸਰਦੀ ਤਾਂ ਕੁਝ ਹਫਤਿਆਂ ਦੀ ਹੀ ਰਹਿ ਗਈ ਹੈ। ਇਹ ਬਦਲ ਰਿਹਾ ਮੌਸਮ ਮਨੁੱਖ ਦੀ ਹੋਂਦ ਨੂੰ ਇੱਕ ਦਿਨ ਤਬਾਹ ਕਰ ਦੇਵੇਗਾ। ਅਸੀਂ ਜਾਗਦੇ ਹੋਏ ਵੀ ਸੁੱਤੇ ਪਏ ਹਾਂ ਸਾਡੀ ਚੇਤਨਾ ਨੂੰ ਚਿੱਟੀ ਸਿਉਂਕ ਤੇ ਸਿਆਸੀ ਗੜੇ ਮਾਰ ਤਬਾਹ ਕਰ ਰਹੀ ਹੈ। ਮਨੁੱਖ ਨੂੰ ਹੋਸ਼ ਕਦੋਂ ਆਵੇਗੀ ਇਹ ਤਾਂ ਹੁਣ ਉਹੀ ਜਾਣਦਾ ਹੈ ਜਿਸ ਨੇ ਇਸ ਸ੍ਰਿਸ਼ਟੀ ਦੀ ਸਾਜਨਾ ਕੀਤੀ ਹੈ।



# ਜਦੋਂ ਔਰਤ ਮੱਥੇ 'ਚ ਸਿੰਦੂਰ...!



ਜਦੋਂ ਔਰਤ ਮੱਥੇ ਵਿਚ ਸਿੰਦੂਰ ਭਰਦੀ ਹੈ, ਤਾਂ ਕੁੜੀ ਤੋਂ ਔਰਤ ਵਿਚ ਬਦਲ ਜਾਂਦਾ ਹੈ। ਉਹ ਵਿਆਹ ਤੋਂ ਤੁਰੰਤ ਬਾਅਦ ਦੀਦੀ ਤੋਂ ਮਾਸੀ ਬਣ ਜਾਂਦੀ ਹੈ, ਜਦੋਂ ਕਿ ਉਸਦਾ ਪਤੀ ਦੋ ਬੱਚਿਆਂ ਤੋਂ ਬਾਅਦ ਵੀ ਭਰਾ ਹੀ ਰਹਿੰਦਾ ਹੈ।

ਵਿਆਹ ਦੀ ਅਗਲੀ ਸਵੇਰ ਪੁੱਤਰ ਨੂੰ ਥਕੇਵਾਂ ਉਤਾਰਨ ਲਈ ਆਰਾਮ ਕਰਨ ਦਿੱਤਾ ਜਾਂਦਾ ਹੈ ਅਤੇ ਔਰਤ ਨੂੰ ਰਸੋਈ ਵਿੱਚ ਦਾਖਲ ਹੋਣਾ ਪੈਂਦਾ ਹੈ। ਹਰ ਕਿਸੇ ਦੀ ਪਸੰਦ ਦਾ ਪਕਾਕੇ ਖੁਆ ਕੇ ਹੀ ਉਹਨੂੰ ਘਰ ਵਿੱਚ ਇੱਜ਼ਤ ਮਿਲਦੀ ਹੈ।

ਜਦੋਂ ਉਸਦੀ ਆਪਣੀ ਗਲਤੀ ਤਾਂ ਆਪਣੀ ਹੁੰਦੀ ਹੈ ਪਰ ਪਤੀ ਤੇ ਬੱਚਿਆਂ ਦੀ ਗਲਤੀ ਲਈ ਵੀ ਉਹਨੂੰ ਹੀ ਜ਼ਿੰਮੇਵਾਰ ਆਖਿਆ ਜਾਂਦਾ ਹੈ।

ਜਦੋਂ ਉਸ ਦੀ ਕਿਸੇ ਹੋਰ ਵੱਲ ਖਿੱਚ ਲਈ ਉਸ ਨੂੰ ਧੋਖੇਬਾਜ਼ ਕਿਹਾ ਜਾਂਦਾ ਹੈ, ਉਸ ਦੇ ਪਤੀ ਦੇ ਐਸੇ ਰਿਸ਼ਤੇ ਨੂੰ ਘਰ ਵਿੱਚ ਮਿਲਦੇ ਪਿਆਰ ਦੀ ਘਾਟ ਨੂੰ ਕਿਹਾ ਜਾਂਦਾ ਹੈ।

ਜਦੋਂ ਆਪਣੇ ਹੀ ਘਰ ਜਾਣ ਲਈ ਪਤੀ ਦੀ ਇਜਾਜ਼ਤ ਜ਼ਰੂਰੀ ਹੋ ਜਾਂਦੀ ਹੈ। 'ਪੇਕੇ ਦੀ ਯਾਦ ਆਉਂਦੀ ਹੈ ' ਉਸ ਦੇ ਕੰਮ ਨਾ ਕਰਨ ਦੇ ਬਹਾਨੇ ਵਜੋਂ ਵਰਤਿਆ ਜਾਂਦਾ ਹੈ।

ਜ਼ਰੂਰਤ ਪੈਣ 'ਤੇ ਉਹ ਨਾ ਤਾਂ ਆਪਣੇ ਪਤੀ ਤੋਂ ਪੈਸੇ ਮੰਗ ਸਕਦੀ ਹੈ ਅਤੇ ਨਾ ਹੀ ਆਪਣੇ ਪਿਤਾ ਤੋਂ, ਉਸਦੀ ਮਾਂ ਹਮੇਸ਼ਾਂ ਉਸਨੂੰ ਸਮਝੌਤਾ ਕਰਨ ਲਈ ਕਹਿੰਦੀ ਰਹਿੰਦੀ ਹੈ,ਅਤੇ ਦਸਦੀ ਹੈ ਕਿ ਕਿਵੇਂ ਉਸਦਾ ਵਿਆਹ ਸਫਲ ਰਿਹਾ।

ਦਫ਼ਤਰੋਂ ਆਉਣ ਤੇ ਪਤੀ ਨੂੰ ਪਾਣੀ ਨਾ ਪੁੱਛਿਆ ਜਾਏ ਤਾਂ ਹੰਗਾਮਾ ਹੋ ਜਾਏਗਾ, ਪਰ ਉਹਨੂੰ ਇਹ ਵੀ ਨਹੀਂ ਪੁੱਛਿਆ ਜਾਂਦਾ ਕਿ ਕਿਵੇਂ ਸੀ ਦਿਨ ?

ਉਹ ਰਾਤ ਨੂੰ ਆਪਣੇ ਪਤੀ ਦੇ ਸੌਣ ਤੋਂ ਬਾਅਦ ਸੌਂਦੀ ਹੈ ਅਤੇ ਸਵੇਰੇ ਆਪਣੇ ਘਰਵਾਲੇ ਦੇ ਜਾਗਣ ਤੋਂ ਪਹਿਲਾਂ ਜਾਗਦੀ ਹੈ।

ਜਦੋਂ ਉਹ ਆਪਣੇ ਸੁਪਨਿਆਂ/ਇੱਛਾਵਾਂ ਨੂੰ ਭੁੱਲ ਜਾਂਦੀ ਹੈ ਤਾਂ ਕੋਈ ਪੁਰਾਣਾ ਦੋਸਤ ਉਸ ਨੂੰ ਇਹ ਯਾਦ ਕਰਾਉਂਦਾ ਹੈ, ਤਾਂ ਉਹ ਮੱਲੋ ਮੱਲੀ ਐਸੇ ਦੋਸਤ ਵੱਲ ਖਿੱਚੀ ਜਾਂਦੀ ਹੈ। ਵਿਆਹ ਹਰ ਕਿਸੇ ਲਈ ਇੰਨਾ ਮਿੱਠਾ ਨਹੀਂ ਹੁੰਦਾ ਜਿੰਨਾ ਇਹ ਜਾਪਦਾ ਹੈ। ਔਰਤਾਂ ਦਾ ਵਿਆਹੀ ਜੀਵਨ ਬਹੁਤ ਮੁਸ਼ਕਲ ਹੈ। ਜਿਸ ਔਰਤ ਨੂੰ ਤੁਸੀਂ ਰੋਜ਼ ਦੇਖਦੇ ਹੋ, ਉਸ ਨੂੰ ਉਸ ਦੀਆਂ ਅੱਖਾਂ ਦੇ ਹੇਠਾਂ ਬਣੇ ਕਾਲੇ ਘੇਰਿਆਂ ਦਾ ਕਾਰਨ ਨਾ ਪੁੱਛੋ। ਉਹ ਕਦੇ ਨਹੀਂ ਦੱਸੇਗੀ ਅਤੇ ਜੇਕਰ ਕੋਈ ਦੱਸੇਗੀ ਵੀ ਤਾਂ ਤੁਸੀਂ ਕਦੇ ਨਹੀਂ ਸਮਝ ਸਕੋਗੇ।

ਹੇ ਭਾਈ ! ਜਿਸਨੂੰ ਉਸਦੀ ਮਾਂ ਨਾ ਸਮਝੇ ਸਕੀ,ਤੁਸੀਂ ਕੀ ਸਮਝੋਗੇ? ਇਸ ਤੋਂ ਵੀ ਵੱਧ, ਦਲੀਲਾਂ ਦੇ ਰੂਪ ਵਿੱਚ ਕਿਹੜੀ ਬਕਵਾਸ ਸੁਣੀ ਜਾ ਸਕਦੀ ਹੈ।

ਤੁਸੀਂ ਕਦੇ ਨਹੀਂ ਸਮਝ ਸਕੋਗੇ ਕਿ ਔਰਤਾਂ ਦੇ ਸ਼ਾਂਤ ਚਿਹਰਿਆਂ ਅਤੇ ਫੁੱਲਾਂ ਦੇ ਹਾਸੇ ਦੇ ਪਿੱਛੇ ਕਿਹੜੇ ਤੂਫਾਨ ਲੰਘ ਰਹੇ ਹੁੰਦੇ ਹਨ।

ਅੱਜ ਦੀ ਔਰਤ ਨੂੰ ਸਮਝਣ ਲਈ ਮਰਦਾਂ ਨੂੰ ਖਾਸ ਕਰਕੇ ਭਾਰਤ ਦੇ ਮਰਦਾਂ ਨੂੰ ਸੱਤ ਜਨਮ ਲੱਗਣਗੇ। ਤੁਸੀਂ ਇੱਕ ਦਿਨ ਔਰਤ ਦੀ ਥਾਂ ਲੈ ਕੇ ਵੇਖੋ , ਦਿਨੇ ਤਾਰੇ ਵਿਖਾਈ ਦੇਣਗੇ। ਸਾਰੀਆਂ ਔਰਤਾਂ ਨੂੰ ਸਮਰਪਿਤ।

ਨਵਜੀਵਨ ਕੌਰ

# ਮਰਦ-ਜ਼ਾਤ ਕੌਣ?

ਇਹ ਮਰਦ-ਜ਼ਾਤ ਕੌਣ ਹੁੰਦੀ ਏ ਸਾਨੂੰ ਕ੍ਰੈਕਟਰ ਸਰਟੀਫਿਕੇਟ ਜਾਰੀ ਕਰਨ ਵਾਲ਼ੀ, ਸਾਨੂੰ ਕੰਜਰੀ, ਰੰਡੀ ਕਹਿਣ ਵਾਲ਼ੀ? ਇਹਨਾਂ ਦਾ ਦੋਗ਼ਲਾਪਣ ਦੇਖ ਲਵੋ, ਰਾਤ ਨੂੰ ਸਾਡੇ ਕੋਲ ਖੇਹ ਖਾ ਕੇ ਅਗਲੀ ਸਵੇਰ ਇਹ ਆਵਦੀਆਂ ਧੀਆਂ-ਭੈਣਾਂ ਨੂੰ ਸਾਡੇ ਪ੍ਰਛਾਵੇਂ ਤੋਂ ਬਚਾਉਂਦੇ ਫਿਰਦੇ ਨੇ !

ਇੱਕ ਰਾਤ ਤਾਂ ਪਿਉ ਸਾਡੇ ਅੱਡੇ 'ਤੇ ਧੱਕੇ ਖਾਂਦਾ ਜਾਂਦਾ ਏ ਤੇ ਆਉਂਦੀ ਰਾਤ ਪੁੱਤ ਆਣ ਖੜ੍ਹਦਾ ਏ ! ਸਾਡੇ 'ਚੋਂ ਕਈਆਂ ਨੇ ਜਗੀਰਦਾਰਾਂ ਦੇ ਧੀ-ਪੁੱਤ ਵੀ ਜੰਮੇ ਆ। ਪਹਿਲੀ ਗੱਲ ਤਾਂ ਮੈਂ ਇਹਨਾਂ ਨੂੰ ਮਰਦ ਈ ਨੀਂ ਮੰਨਦੀ, ਥੋੜ੍ਹੀ ਜਿਹੀ ਅੱਖ ਚੱਕ ਦੇਵਾਂ ਇਹਨਾਂ ਦੇ ਨਾਲ਼ੇ ਢਿੱਲੇ ਹੋ ਜਾਂਦੇ ਨੇ।

ਵੀਹ ਸਾਲ 'ਚ ਮੈਂ ਤਾਂ ਇੱਕ ਈ ਮਰਦ ਦੇਖਿਆ ਏ ! ਬੈਠਕ ਦਾ ਪੱਖਾ ਲੋਟ ਕਰਨ ਆਇਆ ਸੀ, ਉੱਚਾ-ਲੰਮਾ, ਸੁਨੱਖਾ ਜਵਾਨ ਸੀ, ਵੇਂਹਦਿਆਂ ਸਾਰ ਉਹਤੇ ਮੇਰਾ ਦਿਲ ਆ ਗਿਆ ਸੀ, ਮੈਂ ਜਾਣ ਲੱਗੇ ਦੀ ਬਾਂਹ ਫੜ੍ਹ ਲੀ ਸੀ ਪਰ ਉਹ ਕਹਿੰਦਾ,"ਮੁਹਤ੍ਰਮਾਂ, ਇਹ ਦਿਲ ਕਿਸੇ ਹੋਰ ਲਈ ਰਾਖਵਾਂ ਏ ਤੇ ਉਹਨੂੰ ਗੁਜਰਿਆਂ ਵੀ ਕਈ ਵਰ੍ਹੇ ਹੋ ਗਏ ਨੇ !" ਉਹਦੀ ਗੱਲ ਸੁਣਦਿਆਂ ਸਾਰ ਮੇਰਾ ਹੱਥ ਸੁੰਨ ਹੋ ਗਿਆ ਸੀ, ਬਾਂਹ ਛੁੱਟ ਗਈ ਸੀ ਤੇ ਦਿਲ ਸਦਾ ਲਈ ਉਹਦਾ ਮੁਰੀਦ ਹੋ ਗਿਆ ਸੀ। ਉਹਦੇ ਦੁਬਾਰਾ ਦਰਸ਼ਨਾਂ ਲਈ ਕਦੇ ਮੈਨੂੰ ਬੱਲਬ ਭੰਨਣੇ ਪਏ, ਤਾਰਾਂ ਸਾੜਨੀਆਂ ਪਈਆਂ ਜਾਂ ਫਰਿੱਜ ਖਰਾਬ ਹੋਣ ਦਾ ਬਹਾਨਾ ਲਾਉਣਾ ਪਿਆ।

ਦਰਅਸਲ ਮਰਦ ਤਾਂ ਉਹ ਏ ਜੋ ਆਪਣੀ ਨਫ਼ਸ ਦਾ ਗ਼ੁਲਾਮ ਨਹੀਂ।
(ਇੱਕ ਕਿਤਾਬ ਵਿੱਚੋਂ)







# ਸੰਘਰਸ਼ੀ ਯੋਧੇ : ਮੁੱਕ ਚੱਲੀ ਜ਼ਿੰਦਗੀ, ਨਾ ਮਿਲਿਆ ਮਾਣ..!

ਚਰਨਜੀਤ ਭੁੱਲਰ

ਚੰਡੀਗੜ੍ਹ : ਪੰਜਾਬ ਮੁਲਕ ਦਾ ਪਹਿਲਾ ਸੂਬਾ ਹੈ ਜਿਸ ਨੇ 'ਸੰਘਰਸ਼ੀ ਯੋਧਾ' ਪੈਨਸ਼ਨ ਸ਼ੁਰੂ ਕੀਤੀ ਪ੍ਰੰਤੂ ਸਭ ਤੋਂ ਘੱਟ 'ਸੰਘਰਸ਼ੀ ਯੋਧਾ' ਪੈਨਸ਼ਨ ਦੇਣ ਵਾਲਾ ਸੂਬਾ ਵੀ ਪੰਜਾਬ ਹੀ ਹੈ। ਮੁਲਕ 'ਚ ਐਮਰਜੈਂਸੀ ਲੱਗੀ ਤਾਂ ਇਸ ਖ਼ਿਲਾਫ਼ ਪੰਜਾਬ ਦੇ ਹਜ਼ਾਰਾਂ ਯੋਧੇ ਕੁੱਦੇ ਅਤੇ ਕਈ ਕਈ ਸਾਲ ਜੇਲ੍ਹਾਂ ਭੁਗਤੀਆਂ। ਪਹਿਲੀ ਵਾਰ ਅਕਾਲੀ ਸਰਕਾਰ ਨੇ 23 ਮਈ 1978 ਨੂੰ ਐਮਰਜੈਂਸੀ ਦੌਰਾਨ 26 ਜੂਨ 1975 ਤੋਂ 21 ਮਾਰਚ 1977 ਤੱਕ ਜੇਲ੍ਹਾਂ ਕੱਟਣ ਵਾਲੇ ਸੰਘਰਸ਼ੀ ਯੋਧਿਆਂ ਨੂੰ ਮਾਣ ਭੱਤਾ ਦੇਣਾ ਸ਼ੁਰੂ ਕੀਤਾ। ਵੇਰਵਿਆਂ ਅਨੁਸਾਰ ਤਿੰਨ ਮਹੀਨੇ ਤੋਂ ਘੱਟ ਜੇਲ੍ਹ ਵਾਲਿਆਂ ਨੂੰ 25 ਰੁਪਏ ਪ੍ਰਤੀ ਮਹੀਨਾ, ਤਿੰਨ ਤੋਂ ਛੇ ਮਹੀਨਿਆਂ ਦੀ ਜੇਲ੍ਹ ਕੱਟਣ ਵਾਲਿਆਂ ਨੂੰ 50 ਰੁਪਏ ਅਤੇ ਇਸ ਤੋਂ ਵੱਧ ਜੇਲ੍ਹ ਕੱਟਣ ਵਾਲਿਆਂ ਨੂੰ 100 ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਤੈਅ ਹੋਇਆ। ਪੰਜਾਬ 'ਚ ਉਸ ਵਕਤ ਇਹ ਮਾਣ ਭੱਤਾ ਲੈਣ ਵਾਲੇ ਹਜ਼ਾਰਾਂ ਯੋਧੇ ਸਨ। ਜਦੋਂ ਪੰਜਾਬ 'ਚ ਸਰਕਾਰ ਬਦਲੀ ਤਾਂ ਇਹ ਸਕੀਮ ਵੀ 3 ਜੂਨ 1980 ਨੂੰ ਬੰਦ ਕਰ ਦਿੱਤੀ ਗਈ।

ਇਹ ਟਕਸਾਲੀ ਯੋਧੇ ਹੁਣ ਜ਼ਿੰਦਗੀ ਦੇ ਆਖ਼ਰੀ ਪੜਾਅ 'ਤੇ ਹਨ। ਵੱਡੀ ਗਿਣਤੀ ਯੋਧੇ ਜਹਾਨੋਂ ਚਲੇ ਗਏ ਹਨ ਅਤੇ ਪੰਜਾਬ 'ਚ ਇਨ੍ਹਾਂ ਦਾ ਅੰਕੜਾ ਹੁਣ 500 ਤੋਂ ਵੀ ਘੱਟ ਰਹਿ ਗਿਆ ਹੈ। ਜ਼ਿਲ੍ਹਾ ਮਾਨਸਾ 'ਚ 40, ਬਠਿੰਡਾ 'ਚ 12 ਅਤੇ ਮੁਹਾਲੀ 'ਚ ਸਿਰਫ਼ ਛੇ ਸੰਘਰਸ਼ੀ ਯੋਧੇ ਬਚੇ ਹਨ। ਸ਼੍ਰੋਮਣੀ ਅਕਾਲੀ ਦਲ ਵੀ ਇਨ੍ਹਾਂ ਯੋਧਿਆਂ ਨੂੰ ਚੋਣਾਂ ਮੌਕੇ ਹੀ ਯਾਦ ਕਰਦਾ ਰਿਹਾ ਹੈ। ਇਸੇ ਤਰ੍ਹਾਂ ਜਦੋਂ ਮਾਰਚ 1997 ਵਿਚ ਅਕਾਲੀ ਸਰਕਾਰ ਬਣੀ ਤਾਂ ਇਨ੍ਹਾਂ ਯੋਧਿਆਂ ਬਾਰੇ ਕੋਈ ਫ਼ੈਸਲਾ ਨਾ ਲਿਆ ਗਿਆ। ਫਿਰ ਅਸੈਂਬਲੀ ਚੋਣਾਂ ਤੋਂ ਐਨ ਪਹਿਲਾਂ 21 ਜੁਲਾਈ 2000 ਨੂੰ ਸਰਕਾਰ ਨੇ ਮੁੜ ਜੇਲ੍ਹਾਂ ਕੱਟਣ ਵਾਲੇ ਯੋਧਿਆਂ ਨੂੰ 300 ਰੁਪਏ ਪੈਨਸ਼ਨ ਦੇਣ ਦਾ ਫ਼ੈਸਲਾ ਕੀਤਾ। ਇਹ ਪੈਨਸ਼ਨ ਸਿਰਫ਼ ਦੋ ਤਿੰਨ ਮਹੀਨੇ ਹੀ ਮਿਲੀ। ਅਮਰਿੰਦਰ ਸਰਕਾਰ ਨੇ ਮੁੜ ਇਹ ਸਕੀਮ 10 ਮਈ 2002 ਨੂੰ ਬੰਦ ਕਰ ਦਿੱਤੀ। ਜਦੋਂ ਅਕਾਲੀ ਸਰਕਾਰ ਮਾਰਚ 2007 ਵਿਚ ਮੁੜ ਸੱਤਾ 'ਚ ਆਈ ਤਾਂ ਇਹ ਯੋਧੇ ਸਰਕਾਰੀ ਚੇਤਿਆਂ ਚੋਂ ਭੁੱਲੇ ਰਹੇ।

ਕਰੀਬ ਨੌਂ ਸਾਲ ਮਗਰੋਂ ਅਕਾਲੀ ਸਰਕਾਰ ਨੇ ਚੋਣਾਂ ਤੋਂ ਪਹਿਲਾਂ 8 ਦਸੰਬਰ 2015 ਨੂੰ ਮੁੜ ਇਨ੍ਹਾਂ ਯੋਧਿਆਂ ਨੂੰ ਪੈਨਸ਼ਨ ਸ਼ੁਰੂ ਕਰ ਦਿੱਤੀ। ਇਹ ਪੈਨਸ਼ਨ ਜੇਲ੍ਹ ਕੱਟਣ ਦੇ ਹਿਸਾਬ ਨਾਲ 1000 ਤੋਂ ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੱਕ ਸੀ। ਕਾਂਗਰਸ ਸਰਕਾਰ ਦੇ ਮੁੜ ਬਣਨ 'ਤੇ ਇਹ ਸਕੀਮ ਮੁੜ ਵੱਟੇ ਖਾਤੇ ਪੈ ਗਈ। ਬਠਿੰਡਾ ਦੇ ਪਿੰਡ ਲਹਿਰਾ ਸੌਂਧਾ ਦੇ ਸੰਘਰਸ਼ੀ ਯੋਧੇ ਗੁਰਨਾਮ ਸਿੰਘ ਨੇ ਐਮਰਜੈਂਸੀ ਦੌਰਾਨ ਜੇਲ੍ਹ ਕੱਟੀ ਜਿਨ੍ਹਾਂ ਨੂੰ ਹੁਣ ਮੁਹਾਲੀ ਜ਼ਿਲ੍ਹੇ ਚੋਂ ਪੈਨਸ਼ਨ ਮਿਲਦੀ ਹੈ। ਗੁਰਨਾਮ ਸਿੰਘ ਨੇ ਦੱਸਿਆ ਕਿ 2019-20 ਤੋਂ 2022-23 ਦੇ ਚਾਰ ਵਰ੍ਹਿਆਂ ਦੀ ਪੈਨਸ਼ਨ ਮਿਲੀ ਹੀ ਨਹੀਂ ਅਤੇ ਸਿਰਫ਼ 2024-25 ਦੇ ਵਰ੍ਹੇ ਦੀ ਹੀ ਪੈਨਸ਼ਨ ਮਿਲੀ ਹੈ। ਸੰਘਰਸ਼ੀ ਯੋਧੇ ਆਖਦੇ ਹਨ ਕਿ ਇੱਕ ਤਾਂ ਮਾਮੂਲੀ ਪੈਨਸ਼ਨ ਮਿਲਦੀ ਹੈ ਅਤੇ ਉਹ ਵੀ ਕਦੇ ਰੈਗੂਲਰ ਨਹੀਂ ਮਿਲਦੀ। ਕਈ ਜ਼ਿਲ੍ਹਿਆਂ 'ਚ ਇਹ ਪੈਨਸ਼ਨ ਰੈਗੂਲਰ ਮਿਲ ਵੀ ਰਹੀ ਹੈ ਪ੍ਰੰਤੂ ਸੰਘਰਸ਼ੀ ਯੋਧੇ ਪੈਨਸ਼ਨ 'ਚ ਕੋਈ ਵਾਧਾ ਨਾ ਹੋਣ ਦੀ ਗੱਲ ਕਰ ਰਹੇ ਹਨ।

ਇੱਕ ਅਧਿਕਾਰੀ ਦਾ ਕਹਿਣਾ ਸੀ ਕਿ ਅਸਲ 'ਚ ਕਈ ਜ਼ਿਲ੍ਹੇ ਇਨ੍ਹਾਂ ਯੋਧਿਆਂ ਦੀ ਪੈਨਸ਼ਨ ਸਮੇਂ ਸਿਰ ਕਲੇਮ ਹੀ ਨਹੀਂ ਕਰਦੇ ਜਿਸ ਕਰਕੇ ਲਾਭਪਾਤਰੀ ਤੱਕ ਪੈਨਸ਼ਨ ਨਹੀਂ ਪੁੱਜਦੀ। ਸੰਘਰਸ਼ੀ ਯੋਧਾ ਐਕਸ਼ਨ ਕਮੇਟੀ ਮਾਨਸਾ ਦੇ ਪ੍ਰਧਾਨ ਮਨਜੀਤ ਸਿੰਘ ਆਖਦੇ ਹਨ ਕਿ ਉਨ੍ਹਾਂ ਨੇ ਆਪਣੀ ਜਵਾਨੀ ਤਾਂ ਜੇਲ੍ਹਾਂ 'ਚ ਕੱਢ ਲਈ ਅਤੇ ਰੁਜ਼ਗਾਰ ਦੇ ਮੌਕੇ ਵੀ ਗੁਆ ਬੈਠੇ। ਉਨ੍ਹਾਂ ਮੰਗ ਕੀਤੀ ਕਿ ਸੰਘਰਸ਼ੀ ਯੋਧਿਆਂ ਨੂੰ ਆਜ਼ਾਦੀ ਘੁਲਾਟੀਆਂ ਵਾਂਗ ਪੈਨਸ਼ਨ ਮਿਲੇ। ਉਨ੍ਹਾਂ ਮੰਗ ਕੀਤੀ ਕਿ ਇਹ ਪੈਨਸ਼ਨ ਵਧਾਈ ਜਾਵੇ ਜਿਸ ਨਾਲ ਖ਼ਜ਼ਾਨੇ 'ਤੇ ਕੋਈ ਵਾਧੂ ਬੋਝ ਵੀ ਨਹੀਂ ਪਵੇਗਾ। ਦੱਸਣਯੋਗ ਹੈ ਕਿ ਐਮਰਜੈਂਸੀ ਭਾਰਤੀ ਲੋਕ ਰਾਜ ਦਾ ਕਾਲਾ ਚੈਪਟਰ ਸੀ ਅਤੇ ਹਾਲ 'ਚ ਹੀ ਐਮਰਜੈਂਸੀ ਦੀ 50ਵੀਂ ਵਰ੍ਹੇਗੰਢ ਵੀ ਮਨਾਈ ਗਈ ਹੈ। ਵੇਰਵਿਆਂ ਅਨੁਸਾਰ ਦੇਸ਼ 'ਚ ਇੱਕ ਦਰਜਨ ਅਜਿਹੇ ਸੂਬੇ ਹਨ ਜਿਨ੍ਹਾਂ ਵੱਲੋਂ ਐਮਰਜੈਂਸੀ 'ਚ ਜੇਲ੍ਹਾਂ ਕੱਟਣ ਵਾਲਿਆਂ ਨੂੰ ਪੈਨਸ਼ਨਾਂ ਦੇ ਰਹੇ ਹਨ।

ਇਨ੍ਹਾਂ ਸੂਬਿਆਂ 'ਚ ਜਦੋਂ ਕਾਂਗਰਸ ਹਕੂਮਤ ਆਉਂਦੀ ਹੈ ਤਾਂ ਇਹ ਪੈਨਸ਼ਨ ਬੰਦ ਹੋ ਜਾਂਦੀ ਹੈ। ਕਾਂਗਰਸ ਵਿਰੋਧੀ ਸਰਕਾਰ ਬਣਨ 'ਤੇ ਪੈਨਸ਼ਨ ਮੁੜ ਚਾਲੂ ਹੋ ਜਾਂਦੀ ਹੈ। ਮੱਧ ਪ੍ਰਦੇਸ਼ ਸਰਕਾਰ ਵੱਲੋਂ ਸੰਘਰਸ਼ੀ ਯੋਧਿਆਂ ਨੂੰ 1 ਅਪਰੈਲ 2008 ਤੋਂ ਛੇ ਮਹੀਨੇ ਤੋਂ ਵੱਧ ਸਮਾਂ ਜੇਲ੍ਹ ਕੱਟਣ ਵਾਲਿਆਂ ਨੂੰ 30 ਹਜ਼ਾਰ ਰੁਪਏ ਅਤੇ ਸੰਘਰਸ਼ੀ ਯੋਧਿਆਂ ਦੀ ਮੌਤ ਮਗਰੋਂ ਉਨ੍ਹਾਂ ਦੇ ਪਰਿਵਾਰ ਨੂੰ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਰਹੀ ਹੈ। ਛੱਤੀਸਗੜ੍ਹ ਸਰਕਾਰ ਵੱਲੋਂ 25 ਹਜ਼ਾਰ ਅਤੇ ਉੱਤਰ ਪ੍ਰਦੇਸ਼ ਸਰਕਾਰ ਵੀ 20 ਹਜ਼ਾਰ ਰੁਪਏ ਪੈਨਸ਼ਨ ਦੇ ਰਹੀ ਹੈ। ਉੜੀਸਾ ਸਰਕਾਰ ਨੇ 13 ਜਨਵਰੀ 2025 ਤੋਂ 20 ਹਜ਼ਾਰ ਰੁਪਏ ਪੈਨਸ਼ਨ ਦੇਣੀ ਸ਼ੁਰੂ ਕੀਤੀ। ਇਸੇ ਤਰ੍ਹਾਂ ਹਰਿਆਣਾ ਸਰਕਾਰ ਨੇ 2017 'ਚ 20 ਹਜ਼ਾਰ ਰੁਪਏ ਅਤੇ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ 11 ਹਜ਼ਾਰ ਰੁਪਏ ਪੈਨਸ਼ਨ ਦਿੱਤੀ ਜਾ ਰਹੀ ਹੈ। ਹਿਮਾਚਲ 'ਚ ਕਾਂਗਰਸ ਸਰਕਾਰ ਨੇ ਇਹ ਪੈਨਸ਼ਨ ਬੰਦ ਕਰ ਦਿੱਤੀ ਸੀ ਪ੍ਰੰਤੂ ਹਾਈਕੋਰਟ ਨੇ ਪੈਨਸ਼ਨ ਬਹਾਲ ਕੀਤੀ।

ਰਾਜਸਥਾਨ 'ਚ 2008 ਤੋਂ 20 ਹਜ਼ਾਰ ਰੁਪਏ ਪੈਨਸ਼ਨ ਮਿਲ ਰਹੀ ਹੈ। ਕਾਂਗਰਸ ਸਰਕਾਰ ਨੇ ਸਕੀਮ ਬੰਦ ਕਰ ਦਿੱਤੀ ਸੀ ਪ੍ਰੰਤੂ ਹੁਣ ਭਾਜਪਾ ਨੂੰ ਮੁੜ ਚਾਲੂ ਕਰ ਦਿੱਤੀ ਹੈ। ਮਹਾਰਾਸ਼ਟਰ ਸਰਕਾਰ ਵੀ 2008 ਤੋਂ ਇਨ੍ਹਾਂ ਯੋਧਿਆਂ ਨੂੰ 20 ਹਜ਼ਾਰ ਰੁਪਏ ਅਤੇ ਉੱਤਰਾਖੰਡ ਸਰਕਾਰ 16 ਹਜ਼ਾਰ ਰੁਪਏ ਪੈਨਸ਼ਨ ਦੇ ਰਹੀ ਹੈ। ਇਸੇ ਤਰ੍ਹਾਂ ਹੀ ਬਿਹਾਰ ਸਰਕਾਰ ਵੀ ਸੰਘਰਸ਼ੀ ਯੋਧਿਆਂ ਨੂੰ 1 ਜੂਨ 2009 ਤੋਂ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਰਹੀ ਹੈ। ਬਾਕੀ ਸੂਬਿਆਂ ਦੇ ਮੁਕਾਬਲੇ ਇਹ ਪੈਨਸ਼ਨ ਕਾਫ਼ੀ ਘੱਟ ਹੈ।

ਸੰਘਰਸ਼ੀ ਯੋਧਾ ਪੈਨਸ਼ਨ ਸਕੀਮ

| ਸੂਬੇ ਦਾ ਨਾਮ | ਸਕੀਮ ਦੀ ਸ਼ੁਰੂਆਤ | ਮੌਜੂਦਾ ਪੈਨਸ਼ਨ ਪ੍ਰਤੀ ਮਹੀਨਾ |
|---|---|---|
| ਪੰਜਾਬ | 1978 | 2000 ਰੁਪਏ |
| ਹਰਿਆਣਾ | 2017 | 20,000 ਰੁਪਏ |
| ਰਾਜਸਥਾਨ | 2008 | 20,000 ਰੁਪਏ |
| ਹਿਮਾਚਲ ਪ੍ਰਦੇਸ਼ | 2021 | 11,000 ਰੁਪਏ |
| ਉੱਤਰ ਪ੍ਰਦੇਸ਼ | 2006 | 20,000 ਰੁਪਏ |
| ਮੱਧ ਪ੍ਰਦੇਸ਼ | 2008 | 30,000 ਰੁਪਏ |
| ਬਿਹਾਰ | 2009 | 15,000 ਰੁਪਏ |
| ਮਹਾਰਾਸ਼ਟਰ | 2008 | 10,000 ਰੁਪਏ |
| ਛੱਤੀਸਗੜ੍ਹ | 2008 | 25,000 ਰੁਪਏ |
| ਉੱਤਰਾਖੰਡ | 2017 | 16,000 ਰੁਪਏ |
| ਆਸਾਮ | 2023 | 15,000 ਰੁਪਏ |
| ਉੜੀਸਾ | 2025 | 20,000 ਰੁਪਏ |

# (ਇਨਸਾਨੀ ਬਘਿਆੜ)

ਜੇ ਇਹ ਇਨਸਾਨੀ ਬਘਿਆੜ
ਔਰਤ ਦੀ ਜ਼ਿੰਦਗੀ ਵਿੱਚ ਨਾ ਹੁੰਦੇ
ਜ਼ਿੰਦਗੀ ਹੁਸੀਨ ਤੇ ਖ਼ੁਸ਼ਹਾਲ ਹੁੰਦੀ
ਹਰ ਪੱਲ ਮਰ ਮਰ ਕੇ
ਨਾ ਜੀਵਿਆ ਹੁੰਦਾ
ਕਦੀ ਇਕ ਪੱਲ ਸੁੱਖ ਦਾ
ਸਾਹ ਨਾ ਲਿਆ
ਹਰ ਪੱਲ ਦਹਿਸ਼ਤ ਦੇ
ਸਾਏ ਵਿੱਚ ਗੁਜ਼ਰਿਆ
ਇਹ ਇਨਸਾਨੀ ਬਘਿਆੜ
ਹਮੇਸ਼ਾਂ ਖਾ ਜਾਣ ਵਾਲੀਆਂ
ਨਜ਼ਰਾਂ ਨਾਲ ਘੂਰਦਾ ਰਿਹਾ
ਉਸ ਬਘਿਆੜ ਦੀਆਂ ਖ਼ੂਨ -ਖਾਰ
ਨਜ਼ਰਾਂ ਹਰ ਪਲ ਪਿੱਛਾ ਕਰਦੀਆਂ
ਗਾਹੇ ਬਗਾਹੇ ਉਹ ਬਘਿਆੜ
ਝੱਪਟੇ ਮਾਰਦਾ ਤੇ ਗੁਰਰਾਉਂਦਾ ਰਹਿੰਦਾ
ਉਹ ਬਘਿਆੜ ਜ਼ਿੰਦਗੀ ਭਰ
ਰੱਤ ਚੂਸਦਾ ਰਿਹਾ
ਭੁੱਲ ਭੁਲੇਖੇ ਕਿਤੇ ਗਲਤੀ
ਨਾਲ ਖਹਿ ਜਾਣਾ
ਬਘਿਆੜ ਨੇ ਲਾਲ ਅੱਖਾਂ
ਕੱਢ ਕੇ ਕਹਿਣਾ ਅੰਨੀ ਹੈ
ਤੈਨੂੰ ਦਿੱਖਦਾ ਨਹੀਂ
ਇਹ ਉਹੀ ਸਰੀਰ ਹੈ
ਜਿਸਨੂੰ ਇਸ ਬਘਿਆੜ ਨੇ
ਸਦਾ ਨੋਚ ਖਾਧਾ ਹੈ
ਕੋਈ ਬਘਿਆੜ ਜੱਦ ਖ਼ੂੰਖਾਰ
ਜਾਂ ਪਾਗਲ ਹੋ ਜਾਏ ਤੇ
ਉਸਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ
ਜਾਂ ਪਿੰਜਰੇ ਵਿੱਚ ਬੰਦ
ਕਰ ਦਿੱਤਾ ਜਾਂਦਾ ਹੈ
ਪਰ ਇਹਨਾਂ ਇਨਸਾਨੀ ਬਘਿਆੜਾਂ
ਦਾ ਕੀ ਕੀਤਾ ਜਾਏ ਜੋ
ਹਲਕਾਏ ਹੋਏ ਹਰਲ ਹਰਲ
ਭੱਜ ਰਹੇ ਨੇ ਇਸ ਤਾਕ ਵਿੱਚ
ਕਿਵੇਂ ਇਸਨੂੰ ਆਪਣੇ ਜ਼ਹਿਰੀਲੇ
ਸ਼ਬਦਾਂ ਨਾਲ ਜ਼ਖ਼ਮੀ ਕੀਤਾ ਜਾਏ
ਜੇ ਇਹ ਇਨਸਾਨੀ ਬਘਿਆੜ
ਔਰਤ ਦੀ ਜ਼ਿੰਦਗੀ ਵਿੱਚ ਨਾ ਹੁੰਦੇ
ਉਸਦੀ ਜ਼ਿੰਦਗੀ ਵੀ ਹੁਸੀਨ
ਤੇ ਸਦਾ ਖ਼ੁਸ਼ਹਾਲ ਹੁੰਦੀ
ਜੇ ਇਹ ਇਨਸਾਨੀ ਬਘਿਆੜ
ਨਾ ਹੁੰਦੇ, ਨਾ ਹੁੰਦੇ ।

...ਰਮਿੰਦਰ ਰੰਮੀ ਕੈਨੇਡਾ

# ਪੁਲਿਸ ਵਿੱਚ ਯੋਗ ਬੰਦੇ ਹੋਣੇ ਜਰੂਰੀ ਨੇ ਇਸ ਪੂਰੀ ਪੋਸਟ ਨੂੰ ਪੜਕੇ ਪਤਾ ਲੱਗੂ



ਇਸ ਕੁੜੀ ਦਾ ਨਾਮ ਆ ਜੀ ਅੰਕੀਤਾ ਗੁਪਤਾ' ਇਹ ਕੁੜੀ ਮੁੰਬਈ ਤੋਂ ਬਨਾਰਸ ਘੁੰਮਣ ਆਈ ਹੁੰਦੀ ਆ ਤੇ ਜਦੋਂ ਘਾਟ ਦੇ ਉੱਪਰ ਘੁੰਮ ਰਹੀ ਹੁੰਦੀ ਆ ਤਾਂ ਇੱਥੇ ਇੱਕ ਚੋਰ ਇਹਦੇ ਹੱਥ ਵਿੱਚੋਂ ਇਹਦਾ ਮਹਿੰਗਾ ਪੌਣੇ ਦੋ ਲੱਖ ਦਾ ਆਈਫੋਨ ਖੋਹ ਕੇ ਫਰਾਰ ਹੋ ਜਾਂਦਾਙ. ਚੋਰ ਦੇ ਮਗਰ ਜਦੋਂ ਭੱਜਿਆ ਜਾਂਦਾ ਤਾਂ ਜਿਆਦਾ ਭੀੜ ਭੜੱਕੇ ਇਲਾਕਾ ਹੋਣ ਦੇ ਕਾਰਨ ਚੋਰ ਹੱਥ ਨਹੀਂ ਆਉਂਦਾ। ਫੇਰ ਇਹ ਕੁੜੀ ਕੀ ਕਰਦੀ ਆ ਕੀ ਆਪਣੇ ਪੂਰੇ ਪਰਿਵਾਰ ਦੇ ਨਾਲ ਥਾਣੇ ਦੇ ਵਿੱਚ ਜਾ ਕੇ ਰਿਪੋਰਟ ਲਿਖਾਉਂਦੀ ਆ ਕਿ ਮੇਰਾ ਆਈਫੋਨ ਇਸ ਤਰ੍ਹਾਂ ਚੋਰ ਖੋਹ ਕੇ ਭੱਜ ਗਿਆ ਤੇ ਉਹਦੀ ਅਸੀਂ ਰਿਪੋਰਟ ਲਿਖਾਉਣਾ ਚਾਹੁੰਦੇ ਆਂਙ ਇਹ ਕੁੜੀ ਪੁਲਿਸ ਵਾਲਿਆਂ ਨੂੰ ਫੋਨ ਨੂੰ ਟ੍ਰੇਸ ਕਰਨ ਵਾਲੇ ਜਿਹੜੇ ਵੀ ਨੰਬਰ ਹੁੰਦੇ ਆ ਉਹ ਸਾਰੇ ਦੱਸਦੀ ਆ ਤੇ ਪੁਲਿਸ ਨੂੰ ਕਹਿੰਦੀ ਆ ਕਿ ਤੁਹਾਨੂੰ ਇਨਾ ਕੁਝ ਦੱਸ ਦਿੱਤਾ ਹੁਣ ਤੁਸੀਂ ਮੇਰਾ ਫੋਨ ਟਰੇਸ ਕਰੋਙ ਇਸ ਦੇ ਬਾਵਜੂਦ ਵੀ ਪੁਲਿਸ ਵਾਲੇ ਇਸ ਕੁੜੀ ਦੀ ਕੋਈ ਰਿਪੋਰਟ ਨਹੀਂ ਲਿਖਦੇ ਉਲਟਾ ਇਸਦੇ ਇਹ ਲਿਖਦੇ ਹਨ ਕਿ ਫੋਨ ਗੁੰਮ ਹੋ ਚੁੱਕਿਆਙ ਜਦੋਂ ਪੁਲਿਸ ਵਾਲੇ ਇਸ ਦੀ ਹੈਲਪ ਨਹੀਂ ਕਰਦੇ ਤਾਂ ਇਹ ਕੁੜੀ ਚੁੱਪ ਕਰਕੇ ਨਹੀਂ ਬਹਿੰਦੀ ਇਹ ਆਪਣੇ ਦੋਸਤਾਂ ਨੂੰ ਫੋਨ ਕਰਦੀ ਆ ਤਾਂ ਦੋਸਤ ਇਹਦੇ ਇਹਦੀ ਹੈਲਪ ਕਰਦੇ ਨੇ ਤੇ ਫੋਨ ਨੂੰ ਟ੍ਰੇਸ ਕਰਨ ਦੇ ਵਿੱਚ ਇਸਦੀ ਮਦਦ ਕਰਦੇ ਹਨ ਤੇ ਫੋਨ ਦੀ ਲੋਕੇਸ਼ਨ ਬਨਾਰਸ ਦੇ ਕਿਸੇ ਘਰ ਦੀ ਆ ਜਾਂਦੀ ਆਙ ਕੁੜੀ ਫਿਰ ਕੀ ਕਰਦੀ ਆਪਣੇ ਪੂਰੇ ਪਰਿਵਾਰ ਦੇ ਨਾਲ ਉਸ ਘਰ ਦੇ ਅੱਗੇ ਜਾ ਕੇ ਰਾਤ ਦੇ 2 ਵਜੇ ਖੜੀ ਹੋ ਜਾਂਦੀ ਆ ਤਾਂ ਜਦੋਂ ਆਸ ਪਾਸ ਦੇ ਲੋਕਾਂ ਨੂੰ ਪਤਾ ਲੱਗਦਾ। ਤਾਂ ਸਾਰੇ ਲੋਕ ਕੁੜੀ ਦੀ ਸਪੋਰਟ ਵਿੱਚ ਖੜੇ ਹੋ ਜਾਂਦੇ ਹਨਙ ਮਾਮਲਾ ਜਦੋਂ ਪੂਰਾ 6 ਵਜੇ ਤੱਕ ਗਰਮਾ ਜਾਂਦਾ ਤਾਂ ਫਿਰ ਪੁਲਿਸ ਵੀ ਆ ਜਾਂਦੀ ਆ। ਜਦੋਂ ਪੁਲਿਸ ਵਾਲੇ ਘਰ ਦਾ ਤਾਲਾ ਤੋੜਦੇ ਨੇ ਤਾਂ ਚੋਰ ਉਸ ਟਾਈਮ ਤੱਕ ਉਥੋਂ ਫਰਾਰ ਹੋ ਗਿਆ ਸੀ ਪੁਲਿਸ ਨੂੰ ਉਥੋਂ ਹੋਰ ਨਵੇਂ 25 ਫੋਨ ਲੱਭਦੇ ਨੇ ਜਿਸ ਦੇ ਵਿੱਚ ਅੰਕੀਤਾ ਦਾ ਵੀ ਫੋਨ ਸੀ। ਜਦੋਂ ਏ ਖਬਰ ਮੀਡੀਆ ਦੇ ਉੱਪਰ ਫੈਲਦੀ ਆ ਕੀ ਪੁਲਿਸ ਨੇ ਆਪਣਾ ਕੰਮ ਸਹੀ ਢੰਗ ਨਾਲ ਨਹੀ ਕੀਤਾ। ਕੁੜੀ ਨੇ ਆਪਣਾ ਫੋਨ ਆਪਣੇ ਦਮ ਦੇ ਉਪਰ ਲੱਭਿਆ। ਤਾਂ ਉਸ ਚੌਂਕੀ ਦੇ ਪੁਲਿਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਜਾਂਦਾ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਲਾਹੌਰ ਤੋਂ ਅਹਿਮਦ ਰਜ਼ਾ 'ਪੰਜਾਬੀ' ਨਾਲ ਲਹਿੰਦੇ ਪੰਜਾਬ 'ਚ ਪੰਜਾਬੀ ਬੋਲੀ ਦੀ ਅਜੋਕੀ ਸਥਿਤੀ ਬਾਰੇ ਰਚਾਇਆ ਸੰਵਾਦ

## ਦੂਸਰੇ ਸੈਸ਼ਨ 'ਚ ਕਵੀ-ਦਰਬਾਰ ਹੋਇਆ



ਬਰੈਂਪਟਨ, (ਡਾ. ਝੰਡ)- ਲੰਘੇ ਐਤਵਾਰ 18 ਜਨਵਰੀ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਅਹਿਮਦ ਰਜ਼ਾ 'ਪੰਜਾਬੀ' ਜੋ 'ਪੰਜਾਬੀ ਪ੍ਰਚਾਰ' ਸੰਸਥਾ ਦੀ ਆਪਣੀ ਟੀਮ ਨਾਲ ਮਿਲ਼ ਕੇ ਲਹਿੰਦੇ ਪੰਜਾਬ ਵਿੱਚ ਪੰਜਾਬੀ ਬੋਲੀ ਨੂੰ ਅੱਗੇ ਵਧਾਉਣ, ਇਸ ਨੂੰ ਸਕੂਲਾਂ ਵਿੱਚ ਜ਼ਰੂਰੀ ਵਿਸ਼ੇ ਵਜੋਂ ਲਾਗੂ ਕਰਵਾਉਣ ਅਤੇ ਇਸ ਪੰਜਾਬ ਵਿੱਚ ਸਰਕਾਰੀ ਬੋਲੀ ਦਾ ਦਰਜਾ ਦਿਵਾਉਣ ਲਈ ਜੱਦੋ-ਜਹਿਦ ਕਰ ਰਹੇ ਹਨ, ਦੇ ਨਾਲ ਜ਼ੂਮ-ਮਾਧਿਅਮ ਰਾਹੀਂ ਗੱਲਬਾਤ ਦਾ ਸਿਲਸਿਲਾ ਤੋਰਿਆ ਗਿਆ। ਟੋਰਾਂਟੋ ਸਮੇਂ ਅਨੁਸਾਰ ਸਵੇਰ ਦੇ 9.30 ਵਜੇ ਸਭਾ ਦੇ ਮੈਂਬਰ, ਮਹਿਮਾਨ ਅਤੇ ਲਾਹੌਰ ਤੇ ਲਹਿੰਦੇ ਪੰਜਾਬ ਦੇ ਹੋਰ ਸ਼ਹਿਰਾਂ 'ਚ ਰਹਿੰਦੇ ਕਈ ਪੰਜਾਬੀ ਇਸ ਜ਼ੂਮ-ਸਮਾਗਮ ਨਾਲ ਜੁੜ ਗਏ ਅਤੇ ਜਲਦੀ ਹੀ ਇਹ ਪ੍ਰੋਗਰਾਮ ਆਰੰਭ ਹੋ ਗਿਆ।

ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸੰਘਾ ਵੱਲੋਂ ਸਮਾਗਮ ਦੇ ਮੁੱਖ-ਮਹਿਮਾਨ ਬੁਲਾਰੇ ਅਹਿਮਦ ਰਜ਼ਾ 'ਪੰਜਾਬੀ', ਹੋਰ ਮਹਿਮਾਨਾਂ ਤੇ ਸਭਾ ਦੇ ਮੈਂਬਰਾਂ ਨੂੰ ਭਾਵਪੂਰਤ ਸ਼ਬਦਾਂ ਵਿੱਚ 'ਜੀ-ਆਇਆਂ' ਕਹਿਣ ਉਪਰੰਤ ਸਭਾ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਡਾ. ਸੁਖਦੇਵ ਸਿੰਘ ਝੰਡ ਵੱਲੋਂ ਅਹਿਮਦ ਰਜ਼ਾ ਪੰਜਾਬੀ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਲਹਿੰਦੇ ਪੰਜਾਬ ਵਿੱਚ ਹੋਰ ਪ੍ਰਫੁੱਲਤ ਕਰਨ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਫਿਰ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਅਹਿਮਦ ਰਜ਼ਾ ਹੁਰਾਂ ਨੂੰ ਇਸ ਦੇ ਬਾਰੇ ਵਿਸਥਾਰ ਵਿੱਚ ਦੱਸਣ ਲਈ ਬੇਨਤੀ ਕੀਤੀ ਗਈ।

ਆਪਣੇ ਸੰਬੋਧਨ ਵਿੱਚ ਅਹਿਮਦ ਰਜ਼ਾ ਨੇ ਕਿਹਾ ਕਿ ਉਹ ਇੱਕ ਪੰਜਾਬੀ ਹੋਣ ਦੇ ਨਾਤੇ ਪੰਜਾਬੀ ਮਾਂ-ਬੋਲੀ ਦੀ ਹਮੇਸ਼ਾ ਖ਼ੈਰ ਮੰਗਦੇ ਹਨ ਅਤੇ ਇਸ ਨੂੰ ਹੋਰ ਅੱਗੇ ਲਿਜਾਣ ਲਈ ਆਪਣੇ ਸਾਥੀਆਂ ਦੇ ਨਾਲ ਮਿਲ ਕੇ ਪਿਛਲੇ ਕਈ ਸਾਲਾਂ ਤੋਂ ਉਪਰਾਲੇ ਕਰਦੇ ਆ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਬਾਬਾ ਨਾਨਕ ਅਤੇ ਬਾਬਾ ਬੁੱਲ੍ਹੇ ਸ਼ਾਹ ਦੀ ਬੋਲੀ ਹੈ ਜੋ ਲਹਿੰਦੇ ਪੰਜਾਬ 12 ਕਰੋੜ ਪੰਜਾਬੀਆਂ ਵੱਲੋਂ ਬੋਲੀ ਜ਼ਰੂਰ ਜਾਂਦੀ ਹੈ, ਪਰ 'ਸਰਕਾਰੇ-ਦਰਬਾਰੇ' ਇਸ ਦੀ ਪੁੱਛ-ਪ੍ਰਤੀਤ ਨਹੀਂ ਹੈ, ਕਿਉਂਕਿ ਉੱਥੇ ਉਰਦੂ ਜ਼ਬਾਨ ਹੀ ਹਾਵੀ ਹੈ। ਪੰਜਾਬੀ ਬੋਲੀ ਦੇ ਪ੍ਰਚਾਰ ਦੇ ਅਹਿਮ ਯਤਨ ਵਜੋਂ ਉਨ੍ਹਾਂ 13 ਸਾਲ ਪਹਿਲਾਂ ਆਪਣਾ ਯੂ-ਟਿਊਬ ਚੈਨਲ 'ਪੰਜਾਬੀ ਪ੍ਰਚਾਰ ਟੀ.ਵੀ.' ਸ਼ੁਰੂ ਕੀਤਾ ਅਤੇ ਇਸ ਦੇ ਰਾਹੀਂ ਪੰਜਾਬੀ ਬੋਲੀ ਤੇ ਪੰਜਾਬੀ ਸੱਭਿਆਚਾਰ ਬਾਰੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਕੁਝ ਸੁਹਿਰਦ ਪੰਜਾਬੀ ਨੌਜੁਆਨ ਅਤੇ ਇਸ ਬੋਲੀ ਦੇ ਹੋਰ ਹਿਤਾਇਸ਼ੀ ਉਨ੍ਹਾਂ ਦੇ ਨਾਲ ਜੁੜਦੇ ਗਏ ਅਤੇ ਹੌਲੀ-ਹੌਲੀ 'ਪੰਜਾਬੀ ਪ੍ਰਚਾਰ' ਨਾਂ ਦੀ ਇੱਕ ਸੰਸਥਾ ਹੋਂਦ ਵਿੱਚ ਆ ਗਈ, ਜਿਸਦੇ ਵੱਲੋਂ ਪੰਜਾਬੀ ਨੂੰ ਸਕੂਲਾਂ ਵਿੱਚ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਉਣ ਦੀ ਮੰਗ 2016 ਵਿੱਚ ਜ਼ੋਰਦਾਰ ਤਰੀਕੇ ਨਾਲ ਆਰੰਭ ਕੀਤੀ ਗਈ। ਇਸ ਦੇ ਨਾਲ ਹੀ ਪੰਜਾਬੀ ਬੋਲੀ ਨੂੰ ਪੰਜਾਬ ਸਰਕਾਰ ਵੱਲੋਂ ਮਾਨਤਾ ਦੇ ਕੇ ਇਸ ਨੂੰ ਸਰਕਾਰੀ ਦਫ਼ਤਰਾਂ ਦੀ ਭਾਸ਼ਾ ਬਨਾਉਣ ਅਤੇ ਸੜਕਾਂ ਉੱਪਰ 'ਸਾਈਨ-ਬੋਰਡ' ਪੰਜਾਬੀ ਵਿੱਚ ਲਿਖੇ ਜਾਣ ਦੀ ਮੰਗ ਬਾਰੇ ਵੀ ਮੁਹਿੰਮ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਹੁਣ ਤਾਜ਼ਾ ਹਾਲਾਤ ਇਹ ਹਨ ਕਿ ਪੰਜਾਬ ਸਰਕਾਰ ਵੱਲੋਂ ਅਗਲੇ ਸੈਸ਼ਨ ਤੋਂ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਬਾਰੇ ਲਏ ਗਏ ਫ਼ੈਸਲੇ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ ਅਤੇ ਇਸ ਸਮੇਂ ਇਸ ਦੇ ਲਈ ਪੰਜਾਬੀ ਦੇ ਅਧਿਆਪਕ ਭਰਤੀ ਕਰਨ ਦਾ ਕੰਮ ਚੱਲ ਰਿਹਾ ਹੈ। ਸੜਕਾਂ ਉੱਪਰ ਪੰਜਾਬੀ ਵਿੱਚ ਲਿਖੇ ਹੋਏ ਸਾਈਨ-ਬੋਰਡ ਲਗਾਏ ਜਾ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਹਰ ਸਾਲ 21 ਫ਼ਰਵਰੀ ਨੂੰ ਅੰਤਰਾਸ਼ਟਰੀ ਭਾਸ਼ਾ-ਦਿਵਸ 'ਲਾਹੌਰ ਪਰੈੱਸ ਕਲੱਬ' ਦੇ ਸਹਿਯੋਗ ਨਾਲ 'ਪੰਜਾਬੀ ਭਾਸ਼ਾ-ਦਿਵਸ' ਵਜੋਂ ਮਨਾਇਆ ਜਾਂਦਾ ਹੈ। ਪੰਜਾਬੀ ਲੇਖਕਾਂ, ਪੱਤਰਕਾਰਾਂ ਅਤੇ ਪੰਜਾਬੀ ਬੋਲੀ ਦੇ ਹਿਤਾਇਸ਼ੀਆਂ ਵੱਲੋਂ ਪੰਜਾਬੀ ਮਾਂ-ਬੋਲੀ ਬਾਰੇ ਧੂੰਆਂ-ਧਾਰ ਭਾਸ਼ਨ ਦਿੱਤੇ ਜਾਂਦੇ ਹਨ ਅਤੇ ਉਸ ਤੋਂ ਪਿੱਛੋਂ ਪੰਜਾਬੀ ਬੋਲੀ ਸਬੰਧੀ 'ਪਲੇਅ-ਕਾਰਡ' ਅਤੇ ਇਸ਼ਤਿਹਾਰ ਹੱਥਾਂ ਵਿੱਚ ਫੜ ਕੇ ਉਨ੍ਹਾਂ ਵੱਲੋਂ ਵੱਡੀ ਗਿਣਤੀ ਵਿੱਚ ਜਲੂਸ ਦੀ ਸ਼ਕਲ ਵਿੱਚ ਲਾਹੌਰ ਦੇ ਮੁੱਖ ਬਾਜ਼ਾਰਾਂ ਵਿੱਚ ਮਾਰਚ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਹ ਸਾਰੇ ਮਿਲ਼ ਕੇ ਹਰ ਸਾਲ ਲੋਹੜੀ ਦਾ ਤਿਓਹਾਰ, 'ਬਾਬਾ ਬੁੱਲ੍ਹੇ ਸ਼ਾਹ ਫ਼ੈਸਟੀਵਲ' ਅਤੇ 'ਪੰਜਾਬੀ ਕਲਚਰਲ ਡੇਅ' ਮਨਾਉਂਦੇ ਹਨ। ਇਸ ਵਾਰ ਵੀ ਲੋਹੜੀ ਲਾਹੌਰ ਦੇ 'ਪਿਲਾਕ' ਦੇ ਕਾਨਫ਼ਰੰਸ ਹਾਲ ਵਿੱਚ ਵੱਡੀ ਪੱਧਰ 'ਤੇ ਮਨਾਈ ਗਈ ਜਿਸ ਵਿੱਚ ਕਈ ਪੰਜਾਬੀ ਕਲਾਕਾਰਾਂ ਨੇ ਭਾਗ ਲਿਆ ਅਤੇ ਆਪਣੇ 'ਫ਼ਨ' ਦੇ ਨਾਲ ਹਾਜ਼ਰੀਨ ਦਾ ਮਨੋਰੰਜਨ ਕਰਦਿਆਂ ਹਾਜ਼ਰੀਨ ਦਾ ਮਨ ਮੋਹ ਲਿਆ।

ਇਸ ਦੇ ਨਾਲ ਹੀ ਉਨ੍ਹਾਂ ਹੋਰ ਦੱਸਿਆ ਕਿ ਉਨ੍ਹਾਂ ਦੀ 'ਪੰਜਾਬੀ ਪ੍ਰਚਾਰ' ਸੰਸਥਾ ਵੱਲੋਂ ਪਿਛਲੇ ਤਿੰਨ ਸਾਲਾਂ ਵਿੱਚ ਤਿੰਨ 'ਵਰਲਡ ਪੰਜਾਬੀ ਕਾਨਫ਼ਰੰਸਾਂ' ਕਰਵਾਈਆਂ ਗਈਆਂ ਹਨ ਜਿਨ੍ਹਾਂ ਨੂੰ ਪੰਜਾਬੀਆਂ ਵੱਲੋਂ ਭਾਰੀ ਹੁੰਗਾਰਾ ਮਿਲਿਆ ਹੈ। ਇਨ੍ਹਾਂ ਕਾਨਫ਼ਰੰਸਾਂ ਵਿੱਚ ਚੜ੍ਹਦੇ ਪੰਜਾਬ, ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਤੇ ਨਿਊਜ਼ੀਲੈਂਡ ਤੋਂ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਸ਼ਮੂਲੀਅਤ ਕੀਤੀ। ਇਸ ਵਾਰ 5-7 ਦਸੰਬਰ 2025 ਨੂੰ ਕਰਵਾਈ ਗਈ 'ਤੀਸਰੀ ਵਰਲਡ ਪੰਜਾਬੀ ਕਾਨਫ਼ਰੰਸ' ਵਿੱਚ ਬਾਕੀ ਦੇਸ਼ਾਂ ਤੋਂ ਕਈ ਪੰਜਾਬੀ ਸ਼ਾਮਲ ਹੋਏ ਪਰ ਭਾਰਤ-ਪਾਕਿਸਤਾਨ ਦਾ ਵਾਹਗਾ ਬਾਰਡਰ ਬੰਦ ਹੋਣ ਕਾਰਨ ਚੜ੍ਹਦੇ ਪੰਜਾਬ ਤੋਂ ਪੰਜਾਬੀ ਨਾ ਆ ਸਕੇ। ਅਲਬੱਤਾ! ਇਸ ਤੋਂ ਪਹਿਲਾਂ 'ਦੂਜੀ ਵਰਲਡ ਪੰਜਾਬੀ ਕਾਨਫ਼ਰੰਸ' ਵਿੱਚ ਹੋਰ ਪੰਜਾਬੀਆਂ ਦੇ ਨਾਲ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈੱਕਟਰ ਜਸਵੰਤ ਸਿੰਘ ਜ਼ਫ਼ਰ ਤੇ ਹੋਰ ਵਿਦਵਾਨਾਂ ਦੇ ਨਾਲ ਬਹੁਤ ਸਾਰੇ ਪੰਜਾਬੀ ਕਲਾਕਾਰਾਂ ਨੇ ਵੀ ਸ਼ਮੂਲੀਅਤ ਕੀਤੀ ਜਿਨ੍ਹਾਂ ਵਿੱਚ ਪ੍ਰਸਿੱਧ ਗਾਇਕ ਬੀਰ ਸਿੰਘ, ਫ਼ਿਲਮੀ ਕਲਾਕਾਰ ਮਲਕੀਤ ਰੌਣੀ, ਗੁਰਮੀਤ ਭੰਗੂ ਤੇ ਕਈ ਹੋਰ ਸ਼ਾਮਲ ਸਨ। ਉਨ੍ਹਾਂ ਮੰਨਿਆਂ ਕਿ ਚੜ੍ਹਦੇ ਪੰਜਾਬ ਦੀ ਨਿਸਬਤ ਲਹਿੰਦੇ ਪੰਜਾਬ ਵਿੱਚ ਪੰਜਾਬੀ ਸਾਹਿਤ ਬਹੁਤ ਘੱਟ ਰਚਿਆ ਜਾ ਰਿਹਾ ਹੈ ਅਤੇ ਏਸੇ ਲਈ ਇਨ੍ਹਾਂ ਕਾਨਫ਼ਰੰਸਾਂ ਵਿੱਚ ਪੰਜਾਬੀ ਸਾਹਿਤ ਉੱਪਰ ਵਧੇਰੇ ਚਰਚਾ ਨਹੀਂ ਹੋ ਸਕੀ। ਉਪਰੰਤ, ਸੁਆਲ-ਜੁਆਬ ਸੈਸ਼ਨ ਵਿੱਚ ਪ੍ਰੋ. ਆਸ਼ਿਕ ਰਹੀਲ, ਪ੍ਰੋ. ਮਜ਼ਹਰ ਉਲ੍ਹਾ ਕੁਰੈਸ਼ੀ, ਕਹਾਣੀਕਾਰ ਮੇਜਰ ਮਾਂਗਟ, ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ, ਡਾ. ਗੁਰਬਖ਼ਸ਼ ਸਿੰਘ ਭੰਡਾਲ, ਰਾਜਕੁਮਾਰ ਓਸ਼ੋਰਾਜ, ਬਲਰਾਜ ਚੀਮਾ, ਇੰਜ. ਈਸ਼ਰ ਸਿੰਘ, ਹਰਮੀਤ ਵਿਦਿਆਰਥੀ ਅਤੇ ਗੁਰਚਰਨ ਕੌਰ ਥਿੰਦ ਵੱਲੋਂ ਅਹਿਮਦ ਰਜ਼ਾ ਨੂੰ ਕਈ ਸੁਆਲ ਪੁੱਛੇ ਗਏ ਜਿਨਾਂ ਦੇ ਜੁਆਬ ਉਨ੍ਹਾਂ ਵੱਲੋਂ ਬੜੇ ਠਰੰਮੇ ਨਾਲ ਵਿਸਥਾਰ ਪੂਰਵਕ ਦਿੱਤੇ ਗਏ। ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਇਸ ਸੈਸ਼ਨ ਦੀ ਕਾਰਵਾਈ ਨੂੰ ਵਧੀਆ ਸ਼ਬਦਾਵਲੀ ਵਿੱਚ ਸਮੇਟਦਿਆਂ ਹੋਇਆਂ ਮੁੱਖ- ਬੁਲਾਰੇ ਅਹਿਮਦ ਰਜ਼ਾ ਤੇ ਹੋਰ ਬੁਲਾਰਿਆਂ ਦਾ ਧੰਨਵਾਦ ਕੀਤਾ ਗਿਆ।

ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਹੋਏ ਕਵੀ-ਦਰਬਾਰ ਦੀ ਕਮਾਨ ਡਾ. ਜਗਮੋਹਨ ਸੰਘਾ ਵੱਲੋਂ ਸੰਭਾਲੀ ਗਈ ਜਿਨ੍ਹਾਂ ਨੇ ਆਪਣੀ ਭਾਵਨਾਤਮਿਕ ਕਵਿਤਾ 'ਘਰ' ਸਾਂਝੀ ਕਰਨ ਉਪਰੰਤ ਇਸ ਸੈਸ਼ਨ ਦੇ ਪ੍ਰੋਗਰਾਮ ਨੂੰ ਤਰਤੀਬ ਦਿੰਦਿਆਂ ਹੋਇਆਂ ਸੱਭ ਤੋਂ ਪਹਿਲਾਂ ਲਹਿੰਦੇ ਪੰਜਾਬ ਦੀ ਮਸ਼ਹੂਰ ਕਵਿੱਤਰੀ ਰਖ਼ਸ਼ੰਦਾ ਨਵੀਦ ਨੂੰ ਆਪਣੀ ਕਵਿਤਾ ਸੁਨਾਉਣ ਲਈ ਕਿਹਾ। ਉਪਰੰਤ, ਡਾ. ਸੰਘਾ ਵੱਲੋਂ ਵਾਰੀ-ਵਾਰੀ ਹਰਦਿਆਲ ਝੀਤਾ, ਸੁਰਿੰਦਰਜੀਤ ਕੌਰ, ਹਰਮੀਤ ਵਿਦਿਆਰਥੀ, ਲਹਿੰਦੇ ਪੰਜਾਬ ਤੋਂ ਮਜ਼ਹਰ ਉਲ੍ਹਾ ਕੁਰੈਸ਼ੀ, ਜ਼ਹੀਰ ਉਲ ਜ਼ਹੂਰ, ਹਜ਼ਰਤ ਸ਼ਾਮ ਤੇ ਪ੍ਰੋ. ਆਸ਼ਿਕ ਰਹੀਲ, ਸੁਖਵਿੰਦਰ ਆਹੀ, ਸੋਹਣ ਸਿੰਘ ਗੈਦੂ, ਜਸਤੇਜਪਾਲ ਸਿੱਧੂ, ਤਲਵਿੰਦਰ ਸਿੰਘ ਮੰਡ, ਸੁਖਦੇਵ ਸਿੰਘ ਝੰਡ, ਮਲੂਕ ਸਿੰਘ ਕਾਹਲੋਂ, ਇਕਬਾਲ ਬਰਾੜ ਅਤੇ ਪਿਆਰਾ ਸਿੰਘ ਕੁਦੋਵਾਲ ਨੂੰ ਪੇਸ਼ ਕੀਤਾ ਗਿਆ ਜਿਨ੍ਹਾਂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤ ਗਾ ਕੇ ਬਹੁਤ ਵਧੀਆ ਕਾਵਿਕ ਮਾਹੌਲ ਸਿਰਜਿਆ। ਸਮਾਗ਼ਮ ਦੇ ਅਖ਼ੀਰ 'ਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਹੁਰਾਂ ਵੱਲੋਂ ਸਮਾਗਮ ਦੇ ਮੁੱਖ-ਬੁਲਾਰੇ ਅਤੇ ਹੋਰ ਸਮੂਹ ਬੁਲਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਜ਼ੂਮ ਸਮਾਗਮ ਵਿੱਚ ਕਵਿੱਤਰੀਆਂ ਸੁਰਜੀਤ ਕੌਰ ਤੇ ਰਮਿੰਦਰ ਰੰਮੀ, ਕਵੀ ਪਰਮਜੀਤ ਸਿੰਘ ਢਿੱਲੋਂ ਤੇ ਹਰਮੇਸ਼ ਜੀਂਦੋਵਾਲ, ਇੰਜ. ਈਸ਼ਰ ਸਿੰਘ ਚਾਹਲ, ਧੂਰੀ (ਪੰਜਾਬ) ਤੋਂ ਜਗਸੀਰ ਸਿੰਘ, ਅੰਮ੍ਰਿਤਸਰ ਤੋਂ ਸਤਿਬੀਰ ਸਿੰਘ ਤੇ ਕਈ ਹੋਰ ਸ਼ਾਮਲ ਸਨ ਜਿਨ੍ਹਾਂ ਦੀ ਬਦੌਲਤ ਇਹ ਜ਼ੂਮ-ਸਮਾਗਮ ਅਤੀ ਸਫ਼ਲ ਸਮਾਗਮ ਹੋ ਨਿਬੜਿਆ।

# ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਨੇ 'ਮੁਕਤੀ ਫ਼ਾਊਂਡੇਸ਼ਨ' ਵੱਲੋਂ ਦਿੱਤੀਆਂ ਜਾ ਰਹੀਆਂ ਕਮਿਊਨਿਟੀ ਸੇਵਾਵਾਂ ਬਾਰੇ ਕਰਵਾਇਆ ਸੈਮੀਨਾਰ



ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 18 ਜਨਵਰੀ ਨੂੰ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਵੱਲੋਂ 'ਮੁਕਤੀ ਫ਼ਾਊਂਡੇਸ਼ਨ' ਦੇ ਵੱਲੋਂ ਕਮਿਊਨਿਟੀ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਕਮਿਊਨਿਟੀ ਸੇਵਾਵਾਂ ਬਾਰੇ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦਾ ਮੰਤਵ ਕਲੱਬ ਦੇ ਮੈਂਬਰਾਂ ਤੇ ਹੋਰ ਲੋਕਾਂ ਨੂੰ ਇਸ ਫ਼ਾਊਂਡੇਸ਼ਨ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਸਬੰਧੀ ਜਾਣਕਾਰੀ ਸਾਂਝੀ ਕਰਨ ਦਾ ਸੀ ਜਿਨ੍ਹਾਂ ਵਿੱਚ ਕਮਿਊਨਿਟੀ ਮੈਂਬਰਾਂ ਲਈ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋਣ ਤੋਂ ਬਾਅਦ ਮਿੱਟੀ ਹੋਏ ਸਰੀਰਾਂ ਦਾ ਸਤਿਕਾਰਯੋਗ ਅੰਤਮ ਸਸਕਾਰ ਕਰਨਾ ਸ਼ਾਮਲ ਹੈ। ਇਸ ਸੈਮੀਨਾਰ ਵਿੱਚ ਕਲੱਬ ਦੇ 100 ਤੋਂ ਵਧੇਰੇ ਮੈਂਬਰ ਸ਼ਾਮਲ ਹੋਏ।



ਇਸ ਸੈਮੀਨਾਰ ਦਾ ਸ਼ੁਭ ਆਰੰਭ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੀ ਪ੍ਰਧਾਨ ਜਸਵਿੰਦਰ ਦੈਂਦ ਵੱਲੋਂ ਕੀਤਾ ਗਿਆ ਜਿਨ੍ਹਾਂ ਨੇ ਆਏ ਮਹਿਮਾਨਾਂ ਤੇ ਕਲੱਬ ਦੇ ਮੈਂਬਰਾਂ ਨੂੰ ਜੀ-ਆਇਆਂ ਕਹਿੰਦਿਆ ਹੋਇਆਂ ਕਿਹਾ, "ਇਸ ਸੈਮੀਨਾਰ ਦੀ ਅਹਿਮੀਅਤ ਇਸ ਗੱਲੋਂ ਹੈ ਕਿ ਇਸ ਵਿੱਚ ਮੁਕਤੀ ਫ਼ਾਊਂਡੇਸ਼ਨ ਵੱਲੋਂ ਕਮਿਊਨਿਟੀ ਦੇ ਬੜੇ ਸੰਜੀਦਾ ਅਤੇ ਜ਼ਰੂਰੀ ਮੁੱਦੇ ਬਾਰੇ ਗੱਲਬਾਤ ਕੀਤੀ ਜਾ ਰਹੀ ਹੈ।" ਮੁਕਤੀ ਫ਼ਾਊਂਡੇਸ਼ਨ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਨੇ ਜਿਹਾ, "ਮੁਕਤੀ ਫ਼ਾਊਂਡੇਸ਼ਨ ਇੱਕ 'ਨਾਨ-ਪਰਾਫਿਟ ਆਰਗੇਨਾਈਜ਼ੇਸ਼ਨ' ਹੈ ਜੋ ਮਨੁੱਖ ਦੀ ਮੌਤ ਤੋਂ ਬਾਅਦ ਸਰੀਰ ਦਾ ਅੰਤਮ ਸਸਕਾਰ ਦੇ ਪ੍ਰਬੰਧਾਂ ਵਿੱਚ ਸਵੈਮਾਨ, ਪਾਰਦਰਸ਼ਤਾ ਅਤੇ ਅਫੌਰਡੇਬਿਲਿਟੀ ਵਿੱਚ ਵਿਸ਼ਵਾਸ ਰੱਖਦੀ ਹੈ।" ਉਨ੍ਹਾਂ ਦੱਸਿਆ ਕਿ ਇਸ ਨਾਲ ਕੋਈ ਵੀ ਪਰਿਵਾਰ ਮਾਯੂਸੀ ਅਤੇ ਆਰਥਿਕ ਬੋਝ ਮਹਿਸੂਸ ਨਹੀਂ ਕਰੇਗਾ। ਮੁਕਤੀ ਫ਼ਾਊਂਡੇਸ਼ਨ ਦੀ ਕਾਰਜ-ਪ੍ਰਣਾਲੀ ਦੇ ਵਿਸਥਾਰ 'ਚ ਜਾਂਦਿਆਂ ਉਨ੍ਹਾਂ ਕਿਹਾ ਕਿ ਇਹ 'ਮੈਂਬਰਸ਼ਿਪ ਬੇਸਡ ਕਮਿਊਨਿਟੀ ਸੁਪੋਰਟਿਡ ਮਾਡਲ' ਆਧਾਰਿਤ ਕੰਮ ਕਰਦੀ ਹੈ ਅਤੇ ਕੈਨੇਡਾ ਵਿੱਚ ਰਹਿੰਦਾ 18 ਸਾਲ ਤੋਂ ਉੱਪਰ ਵਾਲਾ ਬਾਲਗ ਇਸ ਸੰਸਥਾ ਦਾ ਮੈਂਬਰ ਬਣ ਸਕਦਾ ਹੈ। ਨਿਰਧਾਰਿਤ ਫ਼ਾਰਮ ਉੱਪਰ ਮੈਂਬਰ ਬਾਰੇ ਪੂਰੀ ਜਾਣਕਾਰੀ ਸਮੇਤ ਉਸ ਕੋਲੋਂ ਇੱਕ ਹੀ ਵਾਰ ਲਈ ਜਾਣ ਵਾਲੀ ਮੈਂਬਰਸ਼ਿਪ ਫ਼ੀਸ 100 ਡਾਲਰ ਹੈ ਅਤੇ ਇਹ ਮੈਂਬਰਸ਼ਿਪ ਉਸਦੀ ਐੱਨਰੋਲਮੈਂਟ ਤੋਂ 90 ਦਿਨਾਂ ਬਾਅਦ ਅਧਿਕਾਰਤ ਤੌਰ 'ਤੇ ਸ਼ੁਰੂ ਹੋ ਜਾਂਦੀ ਹੈ। ਕਿਸੇ ਵੀ ਮੈਂਬਰ ਦੇ ਅਕਾਲ-ਚਲਾਣਾ ਹੋ ਜਾਣ 'ਤੇ ਮੁਕਤੀ ਫ਼ਾਊਂਡੇਸ਼ਨ ਵੱਲੋਂ ਉਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਫਿਊਨਰਲ ਹੋਮ ਦੀ ਚੋਣ ਕਰਨ ਵਿੱਚ ਸਹਾਇਤਾ ਕੀਤੀ ਜਾਂਦੀ ਹੈ ਅਤੇ ਫਿਊਨਰਲ ਉੱਪਰ ਹੋਣ ਵਾਲਾ ਸਾਰਾ ਖ਼ਰਚਾ ਮੈਂਬਰਾਂ ਦੇ 'ਪ੍ਰੀਆਥੋਰਾਈਜ਼ਡ ਅਕਾਊਂਟਸ' ਵਿਚ ਬਰਾਬਰ ਵੰਡ ਦਿੱਤਾ ਜਾਂਦਾ ਹੈ। ਜੇਕਰ ਕਿਸੇ ਮੈਂਬਰ ਦੀ ਭਾਰਤ ਵਿੱਚ ਅਚਾਨਕ ਮੌਤ ਹੋ ਜਾਂਦੀ ਹੈ ਤਾਂ ਇਹ ਫ਼ਾਊਂਡੇਸ਼ਨ ਉੱਥੇ ਫਿਊਨਰਲ ਉੱਪਰ ਹੋਣ ਵਾਲੇ ਖ਼ਰਚੇ ਨੂੰ ਵੀ ਕਵਰ ਕਰਦੀ ਹੈ।

ਮੁਕਤੀ ਫ਼ਾਊਂਡੇਸ਼ਨ ਦੀ ਸਾਰਥਿਕਤਾ ਬਾਰੇ ਬੋਲਦਿਆਂ ਕਲੱਬ ਦੇ ਮੈਂਬਰ ਸੁਖਦੇਵ ਸਿੰਘ ਬੇਦੀ ਨੇ ਕਿਹਾ, "ਮੁਕਤੀ ਫ਼ਾਊਂਡੇਸ਼ਨ ਵਰਗੀਆਂ ਸੰਸਥਾਵਾਂ ਮੁਸ਼ਕਲ ਸਮੇਂ ਪਰਿਵਾਰਾਂ ਦੀ ਮਦਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਹ ਉਸ ਵੇਲੇ ਦਿਆਲਤਾ, ਜ਼ਿੰਮੇਂਵਾਰੀ ਅਤੇ ਕਮਿਊਨਿਟੀ ਦੀ ਏਕਤਾ ਤੇ ਤਾਕਤ ਦਾ ਪ੍ਰਗਟਾਵਾ ਕਰਦੀਆਂ ਹਨ।" ਇਸ ਮੌਕੇ ਕਲੱਬ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਮੁਕਤੀ ਫ਼ਾਊਂਡੇਸ਼ਨ ਦੀ ਮੈਂਬਰ ਨਿਸ਼ੀ ਸ਼ਰਮਾ ਨੇ ਕਿਹਾ, "ਮੈਂ ਇਸ ਸੰਗਠਨ ਦੀ ਮੈਂਬਰ ਇਸ ਕਰਕੇ ਬਣੀ ਹਾਂ, ਕਿਉਂਕਿ ਇਹ ਫ਼ਾਊਂਡੇਸ਼ਨ ਸਵੈਮਾਣ, ਪਾਰਦਰਸ਼ਤਾ ਅਤੇ ਆਪਣੇ ਮੰਤਵ ਲਈ ਬਹੁਤ ਵਧੀਆ ਤਰ੍ਹਾਂ ਨਿਰਧਾਰਿਤ ਸਿਸਟਮ ਅਨੁਸਾਰ ਕੰਮ ਕਰ ਰਹੀ ਹੈ। ਇਹ ਮੈਨੂੰ ਪੂਰਨ ਵਿਸ਼ਵਾਸ ਦਿਵਾਉਂਦੀ ਹੈ ਕਿ ਇੱਥੇ ਸਾਰਾ ਕੰਮ ਬੜੇ ਚੰਗੇ ਢੰਗ ਨਾਲ ਚਲਾਇਆ ਜਾ ਰਿਹਾ ਹੈ।" ਉਪਰੰਤ, ਸਰੋਤਿਆਂ ਵੱਲੋਂ ਕੀਤੇ ਗਏ ਸੁਆਲਾਂ ਦੇ ਜੁਆਬ ਬੁਲਾਰਿਆਂ ਵੱਲੋਂ ਤਸੱਲੀ ਪੂਰਵਕ ਦਿੱਤੇ ਗਏ। ਇਸ ਮੌਕੇ ਕਲੱਬ ਦੇ 30 ਮੈਂਬਰ ਮੁਕਤੀ ਫ਼ਾਊਂਡੇਸ਼ਨ ਦੇ ਦਾਖ਼ਲਾ ਫ਼ਾਰਮ ਭਰ ਕੇ ਇਸ ਦੇ ਮੈਂਬਰ ਬਣੇ। ਅਖ਼ੀਰ ਵਿੱਚ ਮੁਕਤੀ ਫ਼ਾਊਂਡੇਸ਼ਨ ਦੀ ਮੈਂਬਰ ਜਤਿੰਦਰ ਕੌਰ ਵੱਲੋਂ ਬੁਲਾਰਿਆਂ, ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ ਮੈਂਬਰਾਂ ਅਤੇ ਵਾਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ, "ਕਲੱਬ ਦੇ ਮੈਂਬਰਾਂ ਵੱਲੋਂ ਸਾਡੀ ਮੁਕਤੀ ਫ਼ਾਊਡੇਸ਼ਨ ਵਿੱਚ ਭਾਰੀ ਉਤਸ਼ਾਹ ਵਿਖਾਇਆ ਗਿਆ ਹੈ। ਇਸ ਨਾਲ ਸਾਡੇ ਮਿਸ਼ਨ ਨੂੰ ਹੋਰ ਵੀ ਸ਼ਕਤੀ ਪ੍ਰਾਪਤ ਹੋਈ ਹੈ। ਮੈਂ ਕਲੱਬ ਦੇ ਸਮੂਹ ਮੈਂਬਰਾਂ ਦਾ ਹਾਰਦਿਕ ਧੰਨਵਾਦ ਕਰਦੀ ਹਾਂ।"

# ਨਸ਼ਿਆਂ ਵਿਰੁੱਧ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਪੰਜਾਬ ਇਸ ਅਲਾਮਤ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਜਾਂਦਾ: ਬਲਤੇਜ ਪੰਨੂ

ਚੰਡੀਗੜ੍ਹ: ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਅਤੇ 'ਨਸ਼ਾ ਮੁਕਤੀ ਮੋਰਚਾ' ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਕਿਹਾ ਕਿ ਪਾਰਟੀ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਪੂਰੇ ਸੂਬੇ ਵਿੱਚ ਇੱਕ ਯੋਜਨਾਬੱਧ, ਲੋਕ-ਪੱਖੀ ਅਤੇ ਵਿਵਸਥਿਤ ਤਰੀਕੇ ਨਾਲ ਚਲਾਈ ਜਾ ਰਹੀ ਹੈ। 'ਆਪ' ਆਗੂ ਅਨੂ ਬੱਬਰ,ਲਵਦੀਪ ਸ਼ਰਮਾ ਅਤੇ ਮੰਜੀਤ ਸਿੰਘ ਰਾਏਕੋਟ ਦੇ ਨਾਲ ਬੁੱਧਵਾਰ ਨੂੰ ਪਾਰਟੀ ਦਫ਼ਤਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਨੂ ਨੇ ਕਿਹਾ ਕਿ ਹੇਠਲੇ ਪੱਧਰ 'ਤੇ ਪ੍ਰਭਾਵਸ਼ਾਲੀ ਪਹੁੰਚ ਅਤੇ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਨਸ਼ਾ ਮੁਕਤੀ ਮੋਰਚਾ ਦੀ ਟੀਮ ਨੂੰ ਪੰਜ ਜ਼ੋਨਾਂ ਮਾਝਾ, ਦੋਆਬਾ ਅਤੇ ਮਾਲਵਾ ਵਿੱਚ ਵੰਡਿਆ ਗਿਆ ਹੈ, ਜਿਸ ਵਿੱਚ ਮਾਲਵਾ ਨੂੰ ਅੱਗੇ ਮਾਲਵਾ ਪੂਰਬੀ, ਮਾਲਵਾ ਕੇਂਦਰੀ ਅਤੇ ਮਾਲਵਾ ਪੱਛਮੀ ਵਿੱਚ ਵੰਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮੋਰਚਾ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਇੱਕ ਅਹਿਮ ਅਤੇ ਸਰਗਰਮ ਹਿੱਸੇ ਵਜੋਂ ਕੰਮ ਕਰਦਾ ਹੈ।

ਮੁਹਿੰਮ ਦੇ ਪਹਿਲੇ ਪੜਾਅ ਦੀ ਜਾਣਕਾਰੀ ਦਿੰਦੇ ਹੋਏ ਪੰਨੂ ਨੇ ਦੱਸਿਆ ਕਿ 'ਆਪ' ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਪੰਜਾਬ ਦੇ ਹਰ ਪਿੰਡ ਅਤੇ ਵਾਰਡ ਤੱਕ ਪਹੁੰਚੀ ਹੈ। ਲੋਕਾਂ ਨੂੰ ਸਹੁੰ ਚੁਕਾਈ ਗਈ ਕਿ ਉਹ ਨਾ ਤਾਂ ਨਸ਼ਾ ਕਰਨਗੇ ਅਤੇ ਨਾ ਹੀ ਨਸ਼ਾ ਤਸਕਰਾਂ ਦਾ ਸਾਥ ਦੇਣਗੇ, ਜਿਸ ਵਿੱਚ ਉਨ੍ਹਾਂ ਦੀ ਜ਼ਮਾਨਤ ਲਈ ਗਾਰੰਟਰ ਵਜੋਂ ਖੜ੍ਹੇ ਹੋਣ ਤੋਂ ਇਨਕਾਰ ਕਰਨਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸ ਪੜਾਅ ਦਾ ਬਹੁਤ ਸਕਾਰਾਤਮਕ ਪ੍ਰਭਾਵ ਪਿਆ ਹੈ ਅਤੇ ਪੰਜਾਬ ਦੇ ਲੋਕ ਇਸ ਲਹਿਰ ਦਾ ਸਰਗਰਮੀ ਨਾਲ ਸਮਰਥਨ ਕਰ ਰਹੇ ਹਨ। ਪੰਨੂ ਨੇ ਅੱਗੇ ਕਿਹਾ ਕਿ ਹਾਲ ਹੀ ਦੀਆਂ ਰਿਪੋਰਟਾਂ ਅਨੁਸਾਰ, ਪਿਛਲੇ ਤਿੰਨ ਸਾਲਾਂ ਵਿੱਚ ਐਨਡੀਪੀਐਸ ਕੇਸਾਂ ਵਿੱਚ ਪੰਜਾਬ ਦੀ ਸਜ਼ਾ ਦਰ ਲਗਭਗ 85 ਪ੍ਰਤੀਸ਼ਤ ਰਹੀ ਹੈ, ਜੋ ਹੁਣ ਤੱਕ ਦੀ ਸਭ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਪਤੀ ਵਿੱਚ ਜਨਤਕ ਜਾਗਰੂਕਤਾ ਅਤੇ ਸਹਿਯੋਗ ਨੇ ਅਹਿਮ ਭੂਮਿਕਾ ਨਿਭਾਈ ਹੈ, ਜਿਸ ਨਾਲ ਮੁਹਿੰਮ ਦਾ ਪਹਿਲਾ ਪੜਾਅ ਸਪੱਸ਼ਟ ਤੌਰ 'ਤੇ ਸਫਲ ਰਿਹਾ ਹੈ।

ਦੂਜੇ ਪੜਾਅ ਦੇ ਵੇਰਵੇ ਸਾਂਝੇ ਕਰਦਿਆਂ ਪੰਨੂ ਨੇ ਦੱਸਿਆ ਕਿ ਨਿਰੰਤਰ ਜਾਗਰੂਕਤਾ ਯਤਨਾਂ ਦੇ ਹਿੱਸੇ ਵਜੋਂ ਇਸ ਸਮੇਂ ਸੂਬੇ ਭਰ ਵਿੱਚ ਵੱਡੇ ਪੱਧਰ 'ਤੇ ਪੈਦਲ ਯਾਤਰਾਵਾਂ ਕੀਤੀਆਂ ਜਾ ਰਹੀਆਂ ਹਨ। ਬਲਾਕ ਪੱਧਰ ਦੇ ਇੰਚਾਰਜ ਨਿਯੁਕਤ ਕੀਤੇ ਗਏ ਹਨ, ਬਲਾਕ ਅਤੇ ਜ਼ਿਲ੍ਹਾ ਪੱਧਰ ਦੇ ਵਾਲੰਟੀਅਰਾਂ ਨਾਲ ਰੋਜ਼ਾਨਾ ਤਾਲਮੇਲ ਕਾਲਾਂ ਕੀਤੀਆਂ ਜਾਂਦੀਆਂ ਹਨ, ਹਰ ਰੋਜ਼ ਕੰਮ ਸੌਂਪੇ ਜਾਂਦੇ ਹਨ ਅਤੇ ਅਗਲੇ ਦਿਨ ਉਨ੍ਹਾਂ ਦਾ ਰਿਵਿਊ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸਾਡੀਆਂ ਟੀਮਾਂ ਵਿਵਸਥਿਤ ਤਰੀਕੇ ਨਾਲ ਨਸ਼ਿਆਂ ਵਿਰੁੱਧ ਲੜ ਰਹੀਆਂ ਹਨ।









# ਡੱਬਾ ਬੰਦ ਖਾਦ ਪਦਾਰਥਾਂ ਅਤੇ ਖੁੱਲ੍ਹੇ ਖਾਦ ਪਦਾਰਥਾਂ ਦੇ ਫ਼ਾਇਦੇ ਅਤੇ ਨੁਕਸਾਨ



ਅੱਜ ਦੀ ਭੱਜ ਦੌੜ ਵਾਲੀ ਦੁਨੀਆ ਵਿੱਚ ਉਪਭੋਗਤਾ ਨੂੰ ਅਕਸਰ ਸੀਲ ਕੀਤੇ ਹੋਏ ਖਾਦ ਪਦਾਰਥਾਂ ਅਤੇ ਖੁੱਲ੍ਹੇ ਖਾਦ ਪਦਾਰਥਾਂ ਵਿਚਕਾਰ ਚੋਣ ਕਰਨ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਇਕ ਵਿਕਲਪ ਦੇ ਆਪਣੇ ਫ਼ਾਇਦੇ ਅਤੇ ਨੁਕਸਾਨ ਹੁੰਦੇ ਹਨ ਜੋ ਸੁਵਿਧਾ, ਸੁਰੱਖਿਆ, ਤਾਜਗੀ ਅਤੇ ਵਾਤਾਵਰਣੀ ਵਿਚਾਰਾਂ ਵਰਗੇ ਕਾਰਕਾਂ ਨੂੰ ਪ੍ਰਭਾਵਿਤ ਕਰਦੇ ਹਨ।

### ਸੀਲ ਕੀਤੇ ਹੋਏ ਖਾਦ ਪਦਾਰਥ

**ਫਾਇਦੇ:**

**ਲੰਬੀ ਸ਼ੈਲਫ਼ ਲਾਈਫ:**

ਸੀਲ ਕੀਤੇ ਹੋਏ ਖਾਦ ਪਦਾਰਥ ਆਮ ਤੌਰ 'ਤੇ ਹਵਾ ਬੰਦ ਕੰਟੇਨਰਾਂ ਵਿੱਚ ਪੈਕ ਕੀਤੇ ਜਾਂਦੇ ਹਨ, ਜੋ ਤਾਜ਼ਗੀ ਨੂੰ ਬਚਾਉਣ ਅਤੇ ਸ਼ੈਲਫ਼ ਲਾਈਫ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ। ਇਸ ਨਾਲ ਖਾਦ ਦੀ ਬਰਬਾਦੀ ਘੱਟ ਹੁੰਦੀ ਹੈ ਅਤੇ ਉਪਭੋਗਤਾ ਲੰਬੇ ਸਮੇਂ ਤੱਕ ਬਿਨਾਂ ਖਰਾਬ ਹੋਏ ਖਾਦ ਪਦਾਰਥਾਂ ਨੂੰ ਸਟੋਰ ਕਰ ਸਕਦੇ ਹਨ।

**ਸੁਰੱਖਿਆ ਅਤੇ ਸਫ਼ਾਈ:**

ਸੀਲ ਪੈਕੇਜਿੰਗ ਖਾਦ ਪਦਾਰਥਾਂ ਨੂੰ ਸੂਖਮ ਜੀਵਾਂ, ਕੀੜਿਆਂ ਅਤੇ ਵਾਤਾਵਰਣੀ ਕਾਰਕਾਂ ਤੋਂ ਹੋਣ ਵਾਲੇ ਸੰਕ੍ਰਮਣ ਤੋਂ ਬਚਾਉਂਦੀ ਹੈ। ਇਸ ਨਾਲ ਸੀਲ ਕੀਤੇ ਹੋਏ ਵਸਤੂਆਂ ਨੂੰ ਖਾਣ ਲਈ ਆਮ ਤੌਰ 'ਤੇ ਸੁਰੱਖਿਅਤ ਬਣਾਉਂਦਾ ਹੈ, ਖਾਸ ਕਰਕੇ ਨਾਸ਼ਵਾਨ ਵਸਤੂਆਂ ਲਈ।

**ਸੁਵਿਧਾ:**

ਬਹੁਤ ਸਾਰੇ ਸੀਲ ਕੀਤੇ ਹੋਏ ਖਾਦ ਪਦਾਰਥ ਤਿਆਰ ਖਾਣੇ ਜਾਂ ਆਸਾਨ ਤਿਆਰੀ ਵਾਲੇ ਫਾਰਮੈਟ ਵਿੱਚ ਆਉਂਦੇ ਹਨ। ਇਹ ਸੁਵਿਧਾ ਵਿਅਸਤ ਉਪਭੋਗਤਾਵਾਂ ਲਈ ਤੇਜ਼ ਖਾਣੇ ਦੇ ਹੱਲ ਦੀ ਤਲਾਸ਼ ਵਿੱਚ ਆਕਰਸ਼ਕ ਹੁੰਦੀ ਹੈ।

**ਪੋਰਸ਼ਨ ਕੰਟਰੋਲ:**

ਸੀਲ ਪੈਕੇਜ ਆਮ ਤੌਰ 'ਤੇ ਪਹਿਲਾਂ ਹੀ ਨਾਪੇ ਗਏ ਹਿੱਸਿਆਂ ਵਿੱਚ ਆਉਂਦੇ ਹਨ, ਜਿਸ ਨਾਲ ਉਪਭੋਗਤਾਵਾਂ ਲਈ ਸਰਵਿੰਗ ਸਾਈਜ਼ ਨੂੰ ਕੰਟਰੋਲ ਕਰਨਾ ਅਤੇ ਆਪਣੇ ਆਹਾਰ ਦਾ ਪ੍ਰਬੰਧਨ ਕਰਨਾ ਆਸਾਨ ਹੋ ਜਾਂਦਾ ਹੈ।

**ਪੋਸ਼ਣ ਸੰਬੰਧੀ ਜਾਣਕਾਰੀ:**

ਸੀਲ ਕੀਤੇ ਹੋਏ ਖਾਦ ਪਦਾਰਥ ਆਮ ਤੌਰ 'ਤੇ ਲੇਬਲ 'ਤੇ ਪੋਸ਼ਣ ਸੰਬੰਧੀ ਜਾਣਕਾਰੀ, ਸਮੱਗਰੀ ਅਤੇ ਸਮਾਪਤੀ ਦੀਆਂ ਮਿਤੀਆਂ ਸ਼ਾਮਿਲ ਕਰਦੇ ਹਨ, ਜਿਸ ਨਾਲ ਉਪਭੋਗਤਾਵਾਂ ਨੂੰ ਆਪਣੇ ਆਹਾਰ ਬਾਰੇ ਜਾਣੂ ਫੈਸਲੇ ਲੈਣ ਵਿੱਚ ਮਦਦ ਮਿਲਦੀ ਹੈ।

**ਨੁਕਸਾਨ:**

**ਵਾਤਾਵਰਣੀ ਪ੍ਰਭਾਵ:**

ਸੀਲ ਕੀਤੇ ਹੋਏ ਖਾਦ ਪਦਾਰਥਾਂ ਲਈ ਵਰਤੀ ਜਾਣ ਵਾਲੀ ਪੈਕੇਜਿੰਗ ਪਲਾਸਟਿਕ ਕਚਰੇ ਅਤੇ ਵਾਤਾਵਰਣੀ ਪ੍ਰਦੂਸ਼ਣ ਵਿੱਚ ਮਹੱਤਵਪੂਰਕ ਯੋਗਦਾਨ ਕਰ ਸਕਦੀ ਹੈ। ਕਈ ਉਪਭੋਗਤਾ ਪੈਕ ਕੀਤੇ ਖਾਦ ਪਦਾਰਥਾਂ ਦੇ ਵਾਤਾਵਰਣੀ ਪ੍ਰਭਾਵਾਂ ਦੇ ਬਾਰੇ ਚਿੰਤਿਤ ਹਨ।

**ਲਾਗਤ:**

ਸੀਲ ਕੀਤੇ ਹੋਏ ਖਾਦ ਪਦਾਰਥ ਖੁੱਲ੍ਹੇ ਵਿਕਲਪਾਂ ਦੀ ਤੁਲਨਾ ਵਿੱਚ ਜ਼ਿਆਦਾ ਮਹਿੰਗੇ ਹੋ ਸਕਦੇ ਹਨ, ਕਿਉਂਕਿ ਇਸ ਵਿੱਚ ਪੈਕੇਜਿੰਗ ਅਤੇ ਪ੍ਰੋਸੈਸਿੰਗ ਦੀ ਲਾਗਤ ਹੁੰਦੀ ਹੈ। ਇਹ ਬਜਟ-ਸਚੇਤ ਉਪਭੋਗਤਾਵਾਂ 'ਤੇ ਪ੍ਰਭਾਵ ਪਾ ਸਕਦਾ ਹੈ।

**ਸੀਮਿਤ ਵਿਰੋਧਤਾ:**

ਕੁਝ ਸੀਲ ਕੀਤੇ ਹੋਏ ਖਾਦ ਵਿਕਲਪ ਤਾਜ਼ਾ ਉਤਪਾਦਾਂ ਜਾਂ ਵਿਸ਼ੇਸ਼ ਖਾਦ ਪਦਾਰਥਾਂ ਦੀ ਤੁਲਨਾ ਵਿੱਚ ਸੀਮਿਤ ਵਿਰੋਧਤਾ ਪ੍ਰਦਾਨ ਕਰ ਸਕਦੇ ਹਨ।

**ਰਸਾਇਣਿਕ ਯੋਜਕ:**

ਕੁਝ ਸੀਲ ਕੀਤੇ ਹੋਏ ਖਾਦ ਪਦਾਰਥਾਂ ਵਿੱਚ ਸ਼ੈਲਫ਼ ਲਾਈਫ ਜਾਂ ਸਵਾਦ ਨੂੰ ਵਧਾਉਣ ਲਈ ਸੁਰੱਖਿਅਕ ਜਾਂ ਯੋਜਕ ਹੋ ਸਕਦੇ ਹਨ, ਜੋ ਸਿਹਤ-ਸਚੇਤ ਉਪਭੋਗਤਾਵਾਂ ਲਈ ਮਨਪਸੰਦ ਨਹੀਂ ਹੋ ਸਕਦੇ।

### ਖੁੱਲ੍ਹੇ ਖਾਦ ਪਦਾਰਥ

**ਫਾਇਦੇ:**

**ਤਾਜ਼ਗੀ:**

ਖੁੱਲ੍ਹੇ ਖਾਦ ਪਦਾਰਥ ਖਾਸ ਕਰਕੇ ਤਾਜ਼ਾ ਉਤਪਾਦ, ਅਕਸਰ ਸਿੱਧੇ ਸਥਾਨਕ ਬਾਜ਼ਾਰਾਂ ਜਾਂ ਖੇਤਾਂ ਤੋਂ ਪ੍ਰਾਪਤ ਹੁੰਦੇ ਹਨ, ਜਿਸ ਨਾਲ ਕੁਝ ਸੀਲ ਕੀਤੇ ਹੋਏ ਵਿਕਲਪਾਂ ਦੀ ਤੁਲਨਾ ਵਿੱਚ ਵਧੀਆ ਤਾਜ਼ਗੀ ਅਤੇ ਸੁਆਦ ਮਿਲਦਾ ਹੈ।

**ਲਾਗਤ-ਕੁਸ਼ਲਤਾ:**

ਖੁੱਲ੍ਹੇ ਖਾਦ ਪਦਾਰਥ ਖਰੀਦਣਾ ਜ਼ਿਆਦਾ ਆਰਥਿਕ ਹੋ ਸਕਦਾ ਹੈ ਕਿਉਂਕਿ ਇਹ ਆਮ ਤੌਰ 'ਤੇ ਪੈਕੇਜਿੰਗ ਦੀ ਵਾਧੂ ਲਾਗਤ ਦੇ ਬਿਨਾ ਆਉਂਦੇ ਹਨ। ਉਪਭੋਗਤਾ ਥੋਕ ਵਿੱਚ ਖਰੀਦ ਸਕਦੇ ਹਨ ਜਾਂ ਕੇਵਲ ਉਹੀ ਲੈ ਸਕਦੇ ਹਨ ਜਿਸ ਦੀ ਉਨ੍ਹਾਂ ਨੂੰ ਜ਼ਰੂਰਤ ਹੈ, ਜਿਸ ਨਾਲ ਬਰਬਾਦੀ ਘੱਟ ਹੁੰਦੀ ਹੈ।

**ਵਿਰੋਧਤਾ ਅਤੇ ਅਨੁਕੂਲਤਾ:**

ਖੁੱਲ੍ਹੇ ਖਾਦ ਪਦਾਰਥ ਵਿਕਲਪਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਪ੍ਰਦਾਨ ਕਰਦੇ ਹਨ, ਜਿਸ ਨਾਲ ਉਪਭੋਗਤਾਵਾਂ ਨੂੰ ਆਪਣੀ ਪਸੰਦ ਦੇ ਅਨੁਸਾਰ ਵਿਸ਼ੇਸ਼ ਕਿਸਮ ਜਾਂ ਮਾਤਰਾ ਚੁਣਨ ਦੀ ਆਗਿਆ ਮਿਲਦੀ ਹੈ। ਇਹ ਵਿਸ਼ੇਸ਼ ਕਰਕੇ ਮਸਾਲਿਆਂ, ਅਨਾਜ ਅਤੇ ਥੋਕ ਵਸਤੂਆਂ ਲਈ ਸੱਚ ਹੈ।

**ਘੱਟ ਵਾਤਾਵਰਣੀ ਪ੍ਰਭਾਵ:**

ਖੁੱਲ੍ਹੇ ਖਾਦ ਪਦਾਰਥ ਖਰੀਦਣਾ ਪੈਕੇਜਿੰਗ ਕਚਰੇ ਨੂੰ ਘੱਟ ਕਰਦਾ ਹੈ ਅਤੇ ਇਹ ਆਮ ਤੌਰ 'ਤੇ ਜ਼ਿਆਦਾ ਵਾਤਾਵਰਣ-ਅਨੁਕੂਲ ਹੁੰਦਾ ਹੈ, ਜੋ ਪਰਸਥਿਤਿਕੀ ਦੇ ਪ੍ਰਤੀ ਜਾਗਰੂਕ ਉਪਭੋਗਤਾਵਾਂ ਨੂੰ ਆਕਰਸ਼ਿਤ ਕਰਦਾ ਹੈ।

**ਨੁਕਸਾਨ:**

**ਘੱਟ ਸ਼ੈਲਫ਼ ਲਾਈਫ:**

ਖੁੱਲ੍ਹੇ ਖਾਦ ਪਦਾਰਥ ਆਮ ਤੌਰ 'ਤੇ ਸੀਲ ਕੀਤੇ ਹੋਏ ਉਤਪਾਦਾਂ ਦੀ ਤੁਲਨਾ ਵਿੱਚ ਘੱਟ ਸ਼ੈਲਫ਼ ਲਾਈਫ ਰੱਖਦੇ ਹਨ, ਜਿਸ ਨਾਲ ਜੇ ਜਲਦੀ ਨਹੀਂ ਖਾਧਾ ਗਿਆ ਤਾਂ ਜਲਦੀ ਖਰਾਬ ਹੋਣ ਦੀ ਸੰਭਾਵਨਾ ਹੁੰਦੀ ਹੈ।

**ਸਫਾਈ ਸੰਬੰਧੀ ਚਿੰਤਾਵਾਂ:**

ਖੁੱਲ੍ਹੇ ਖਾਦ ਪਦਾਰਥ ਸੰਭਾਲਣ, ਕੀੜਿਆਂ ਜਾਂ ਵਾਤਾਵਰਣੀ ਤੱਤਾਂ ਦੇ ਸੰਪਰਕ ਵਿੱਚ ਆਉਣ ਕਾਰਨ ਸੰਕ੍ਰਮਣ ਦੇ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋ ਸਕਦੇ ਹਨ, ਜੋ ਸੰਭਾਵਿਤ ਸਿਹਤ ਜੋਖ਼ਮ ਪੈਦਾ ਕਰ ਸਕਦੇ ਹਨ।

**ਸੀਮਿਤ ਪੋਸ਼ਣ ਸੰਬੰਧੀ ਜਾਣਕਾਰੀ:**

ਖੁੱਲ੍ਹੇ ਆਈਟਮ ਅਕਸਰ ਵਿਸ਼ਤ੍ਰਿਤ ਲੇਬਲਿੰਗ ਦੀ ਕਮੀ ਰੱਖਦੇ ਹਨ, ਜਿਸ ਨਾਲ ਉਪਭੋਗਤਾਵਾਂ ਲਈ ਪੋਸ਼ਣ ਸੰਬੰਧੀ ਸਮੱਗਰੀ ਜਾਂ ਸਮੱਗਰੀ ਦੇ ਸਰੋਤ ਨੂੰ ਟ੍ਰੈਕ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

**ਅਸੁਵਿਧਾ:**

ਖੁੱਲ੍ਹੇ ਖਾਦ ਪਦਾਰਥ ਖਰੀਦਣਾ ਜ਼ਿਆਦਾ ਸਮਾਂ ਅਤੇ ਕੋਸ਼ਿਸ਼ ਲੈ ਸਕਦਾ ਹੈ, ਕਿਉਂਕਿ ਉਪਭੋਗਤਾਵਾਂ ਨੂੰ ਆਪਣੀ ਪਸੰਦ ਨੂੰ ਮਾਪਣਾ ਜਾਂ ਤੌਲਣਾ ਪੈਂਦਾ ਹੈ ਅਤੇ ਭਾਰ ਦੇ ਅਧਾਰ 'ਤੇ ਕੀਮਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸੀਲ ਕੀਤੇ ਹੋਏ ਅਤੇ ਖੁੱਲ੍ਹੇ ਖਾਦ ਪਦਾਰਥ ਦੋਹਾਂ ਦੇ ਆਪਣੇ ਆਪਣੇ ਫ਼ਾਇਦੇ ਅਤੇ ਨੁਕਸਾਨ ਹੁੰਦੇ ਹਨ। ਸੀਲ ਕੀਤੇ ਹੋਏ ਖਾਦ ਪਦਾਰਥ ਸੁਵਿਧਾ, ਸੁਰੱਖਿਆ ਅਤੇ ਲੰਬੀ ਸ਼ੈਲਫ਼ ਲਾਈਫ ਪ੍ਰਦਾਨ ਕਰਦੇ ਹਨ, ਜਦੋਂ ਕਿ ਖੁੱਲ੍ਹੇ ਖਾਦ ਪਦਾਰਥ ਤਾਜ਼ਗੀ, ਲਾਗਤ-ਕੁਸ਼ਲਤਾ ਅਤੇ ਘੱਟ ਵਾਤਾਵਰਣੀ ਪ੍ਰਭਾਵ ਪ੍ਰਦਾਨ ਕਰਦੇ ਹਨ। ਅੰਤ ਵਿੱਚ, ਸੀਲ ਕੀਤੇ ਹੋਏ ਅਤੇ ਖੁੱਲ੍ਹੇ ਖਾਦ ਪਦਾਰਥਾਂ ਵਿਚਕਾਰ ਚੋਣ ਵਿਅਕਤੀਗਤ ਪਹਿਲੂਆਂ, ਆਹਾਰ ਸੰਬੰਧੀ ਜ਼ਰੂਰਤਾਂ, ਬਜਟ ਵਿਚਾਰਾਂ ਅਤੇ ਸਥਿਰਤਾ ਨਾਲ ਸੰਬੰਧਿਤ ਮੁੱਲਾਂ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਕਾਰਕਾਂ ਦਾ ਭਾਰ ਕਰਨ ਦੁਆਰਾ, ਉਪਭੋਗਤਾ ਐਸੇ ਫੈਸਲੇ ਲੈ ਸਕਦੇ ਹਨ ਜੋ ਉਨ੍ਹਾਂ ਦੇ ਜੀਵਨ ਸ਼ੈਲੀ ਲਈ ਸਭ ਤੋਂ ਉਚਿਤ ਹੋਣ।



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਸਮੌਸਾ? Oh no!

## Alert for those have High Blood pressure and High Cholesterol and Excess Body weight

| | |
|---|---|
| Regular Size | 1 piece = 90 g |
| Calories | 260 |
| Total Fat | 17g |
| 35% Saturated Fat | 7g |
| Cholesterol | 30 mg |
| Sodium | 420 mg |
| Total Carbohydrate | 24g |







Dr. Anil Dheer Columnist. Writer of "Health Alert series" awareness about diet, health and medicine strategy. Alternative Therapist. Health Educator award winner. Social activist. Certified by W.H.O, UNICEF & Canadian Red Cross: PFA Canada. Global Health Reporter. Writer: "Self-care Tips Encyclopedia"

ਹੈਲਥ ਅਲਰਟ ਸੀਰੀਜ਼: (ਡਾ ਅਨਿਲ ਧੀਰ) : ਅੱਜ ਸਟ੍ਰੀਟ ਫੂਡ ਸਨੈਕ ਸਮੌਸਾ ਗਲੋਬਲ ਸੁਪਰ ਸਟਾਰ ਬਣ ਚੁੱਕਾ ਹੈ। ਹਰ ਉਮਰ ਦਾ ਵਿਅਕਤੀ ਸਮੌਸਾ ਖਾਣਾ ਪਸੰਦ ਕਰਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਦੱਖਣੀ ਏਸ਼ੀਆਈ ਇਹ ਸਮੌਸਾ ਮਿਡਲ ਈਸਟ ਤੋਂ ਆਏ ਇੱਕ ਮੱਧਕਾਲੀ ਪੂਰਵਜ਼ ਤੋਂ ਲਿਆ ਗਿਆ ਸੀ ਜੋ ਕਿ ਬੇਕ ਕੀਤਾ ਜਾਂਦਾ ਸੀ ਅਤੇ ਡੀਪ ਫਰਾਈ ਨਹੀਂ ਕੀਤਾ ਜਾਂਦਾ ਸੀ। ਕੇਂਦਰੀ ਏਸ਼ੀਆਈ ਸਮੌਸਾ 13ਵੀਂ ਜਾਂ 14ਵੀਂ ਸਦੀ 'ਚ ਮਿਡਲ ਈਸਟ ਅਤੇ ਕੇਂਦਰੀ ਏਸ਼ੀਆ ਦੇ ਸ਼ੈਫ ਦੁਆਰਾ ਭਾਰਤੀ ਉਪ ਮਹਾਂਦੀਪ 'ਚ ਪ੍ਰਚਾਰਿਤ ਕੀਤਾ ਗਿਆ ਸੀ ਜੋ ਦਿੱਲੀ ਸਲਤਾਨਤ ਦੇ ਸ਼ਾਸਕਾਂ ਲਈ ਰਾਜਸੀ 'ਚ ਪਕਾਉਂਦੇ ਸਨ। ਇੱਕ ਸਮੇਂ 'ਤੇ ਸਨੈਕ ਸਮੌਸਾ ਹਰ ਪਾਸੇ ਮਸ਼ਹੂਰ ਹੋ ਗਿਆ। ਅੱਜ ਇਸਦੀ ਮੰਗ ਵਿਸ਼ਵ ਦੇ ਹਰ ਹਿੱਸੇ 'ਚ ਤੇਜ਼ੀ ਨਾਲ ਵੱਧ ਚੁੱਕੀ ਹੈ।

**ਸਾਵਧਾਨ!:**

ਹਾਈ ਲੈਵਲ ਦੀ ਕੈਲੋਰੀ ਅਤੇ ਫੈਟ ਸਰੀਰ ਅੰਦਰ ਜਾ ਰਿਹਾ ਹੈ। ਸਮੋਸਾ ਡੀਪ ਫਰਾਈ ਹੋਣ ਕਰਕੇ ਸਰੀਰ 'ਤੇ ਮਨ ਨੂੰ ਬਿਮਾਰ ਵੀ ਕਰ ਰਿਹਾ ਹੈ। ਜੋ ਲੋਕ ਹਾਈ ਕੋਲੇਸਟਰੋਲ, ਲੋੜ ਤੋਂ ਵੱਧ ਸਰੀਰ ਦਾ ਵਜ਼ਨ, ਹਾਈ ਬਲੱਡ-ਪ੍ਰੈਸ਼ਰ ਦੇ ਰੋਗੀ ਹਨ ਉਹ ਸੰਭਲ ਜਾਣ। ਵੱਧ ਟ੍ਰਾਂਸ ਫੈਟ ਤੱਤ ਹਾਟਰ-ਅਟੈਕ ਅਤੇ ਸਟ੍ਰੋਕ ਦਾ ਕਾਰਨ ਵੀ ਬਣ ਸਕਦੇ ਹਨ। ਸਮੋਸੇ ਲਈ ਵਰਤਿਆ ਜਾਣ ਵਾਲਾ ਰੀਫਾਂਇੰਡ ਮੈਦਾ ਖ਼ੂਨ ਅੰਦਰ ਸ਼ੂਗਰ ਦੇ ਪੱਧਰ ਨੂੰ ਤੇਜ਼ੀ ਨਾਲ ਵਧਾ-ਘਟਾ ਸਕਦਾ ਹੈ। ਜਿਸ ਨਾਲ ਵੱਧੀ ਹੋਈ ਭੁੱਖ ਨਾਲ ਸੰਭਾਵਿਤ ਇੰਸੂਲਿਨ ਰੇਜ਼ਿਸਟੈਂਸ ਹੋ ਸਕਦੀ ਹੈ। ਲਗਾਤਾਰ ਸਮੋਸੇ ਖਾਣ ਨਾਲ ਸਰੀਰ ਅੰਦਰ ਕੋਲੇਸਟਰੋਲ ਲੈਵਲ ਵੱਧ ਜਾਣ ਨਾਲ ਸੋਜ਼ਸ਼ ਦੀ ਸਮੱਸਿਆ ਬਣੀ ਰਹਿ ਸਕਦੀ ਹੈ।

**ਨੋਟ:** ਸਮੋਸੇ ਦੀ ਜ਼ਿਆਦਾ ਵਰਤੋਂ ਤੰਦਰੁਸਤਾਂ ਨੂੰ ਵੀ ਬਿਮਾਰ ਕਰ ਸਕਦੀ ਹੈ। ਰੋਗੀਆਂ ਨੂੰ ਸੰਭਲ ਜਾਣ ਦੀ ਲੋੜ ਹੈ। ਬਿਮਾਰੀ ਦੀ ਹਾਲਤ 'ਚ ਸਮੋਸਾ ਘੱਟ ਜਾਂ ਵੱਧ ਖਾਣਾ, ਹੁਣ ਫੈਸਲਾ ਤੁਹਾਡਾ ਹੈ।

# ਸਿਰਫ਼ ਕੈਲਸ਼ੀਅਮ ਤੇ ਵਿਟਾਮਿਨ-ਡੀ ਹੀ ਕਾਫ਼ੀ ਨਹੀਂ?

ਲੱਖਾਂ ਔਰਤਾਂ ਰਜੋਨਿਵਿਰਤੀ (ਮੀਨੋਪੌਜ਼) ਤੋਂ ਬਾਅਦ ਹੱਡੀਆਂ ਦੀ ਕਮਜ਼ੋਰੀ ਕਾਰਨ ਦਰਦ ਅਤੇ ਵਾਰ-ਵਾਰ ਫ੍ਰੈਕਚਰ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੀਆਂ ਹਨ। ਅਖਿਲ ਭਾਰਤੀ ਆਯੁਰਵਿਗਿਆਨ ਸੰਸਥਾਨ (AIIMS), ਨਵੀਂ ਦਿੱਲੀ ਦੀ ਇੱਕ ਨਵੀਂ ਖੋਜ ਨੇ ਇਸ ਦੇ ਪ੍ਰਭਾਵਸ਼ਾਲੀ ਇਲਾਜ ਦੀ ਉਮੀਦ ਵਧਾ ਦਿੱਤੀ ਹੈ। ਖੋਜ ਅਨੁਸਾਰ, ਇਸ ਬਿਮਾਰੀ ਦਾ ਕਾਰਨ ਸਿਰਫ਼ ਕੈਲਸ਼ੀਅਮ ਜਾਂ ਵਿਟਾਮਿਨ-ਡੀ ਦੀ ਕਮੀ ਹੀ ਨਹੀਂ ਹੈ, ਸਗੋਂ ਆਂਦਰਾਂ (Gut), ਪ੍ਰਤੀਰੋਧਕ ਪ੍ਰਣਾਲੀ (Immune system) ਅਤੇ ਹੱਡੀਆਂ ਦਾ ਅਸੰਤੁਲਨ ਵੀ ਜ਼ਿੰਮੇਵਾਰ ਹੁੰਦਾ ਹੈ। ਇਸ ਖੋਜ ਨੇ ਨਵੀਂ ਨਿਸ਼ਾਨਾ-ਬੱਧ (Targeted) ਦਵਾਈ ਵਿਕਸਿਤ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ।



**ਬਿਮਾਰੀ ਦੀ ਅਸਲੀ ਜੜ੍ਹ ਨੂੰ ਸਮਝੋ**

ਮੀਨੋਪੌਜ਼ ਤੋਂ ਬਾਅਦ ਹੋਣ ਵਾਲੇ ਹਾਰਮੋਨਲ ਬਦਲਾਅ ਆਂਦਰਾਂ ਵਿੱਚ ਮੌਜੂਦ ਫਾਇਦੇਮੰਦ ਬੈਕਟੀਰੀਆ ਅਤੇ ਪ੍ਰਤੀਰੋਧਕ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੇ ਹਨ। ਇਸ ਨਾਲ ਹੱਡੀਆਂ ਨੂੰ ਗਾਲਣ ਵਾਲੇ ਸੈੱਲ (EstlEklwst - Osteoclasts) ਜ਼ਿਆਦਾ ਸਰਗਰਮ ਹੋ ਜਾਂਦੇ ਹਨ, ਜਿਸ ਕਾਰਨ ਹੱਡੀਆਂ ਦੀ ਘਣਤਾ (Density) ਤੇਜ਼ੀ ਨਾਲ ਘਟਣ ਲੱਗਦੀ ਹੈ।

**ਖੋਜ ਨੇ ਜਗਾਈ ਉਮੀਦ**

ਐਮਸ ਦੀ ਇਸ ਖੋਜ ਵਿੱਚ 'ਪੋਸਟ-ਮੀਨੋਪੌਜ਼ਲ ਓਸਟੀਓਪੋਰੋਸਿਸ' ਦਾ ਇੱਕ ਮਾਡਲ ਤਿਆਰ ਕਰਕੇ ਚੂਹਿਆਂ 'ਤੇ ਅਧਿਐਨ ਕੀਤਾ ਗਿਆ। ਇਸ ਵਿੱਚ ਇੱਕ ਸੁਰੱਖਿਅਤ ਪ੍ਰੋ-ਬੈਕਟੀਰੀਆ 'ਬੇਸਿਲਸ ਕੋਏਗੁਲਨਸ' (Bacillus coagulans) ਦੀ ਵਰਤੋਂ ਕੀਤੀ ਗਈ। ਖੋਜ ਵਿੱਚ ਦੇਖਿਆ ਗਿਆ ਕਿ ਆਂਦਰਾਂ ਦੀ ਸੋਜ (Inflammation) ਵਿੱਚ ਕਮੀ ਆਈ ਅਤੇ ਹੱਡੀਆਂ ਦੀ ਘਣਤਾ ਵਿੱਚ ਮਹੱਤਵਪੂਰਨ ਸੁਧਾਰ ਦਰਜ ਕੀਤਾ ਗਿਆ। ਚੂਹਿਆਂ 'ਤੇ ਮਿਲੇ ਸਕਾਰਾਤਮਕ ਨਤੀਜਿਆਂ ਦੇ ਆਧਾਰ 'ਤੇ ਹੁਣ ਮਨੁੱਖੀ ਪੱਧਰ 'ਤੇ ਕਲੀਨਿਕਲ ਟ੍ਰਾਇਲ ਦੀ ਤਿਆਰੀ ਕੀਤੀ ਜਾ ਰਹੀ ਹੈ।

**ਹੱਡੀਆਂ ਦਾ ਖੁਰਨਾ ਹੋ ਸਕਦਾ ਹੈ ਘੱਟ**

'ਬੇਸਿਲਸ ਕੋਏਗੁਲਨਸ' ਆਂਦਰਾਂ ਵਿੱਚ ਬਣਨ ਵਾਲੇ 'ਸ਼ਾਰਟ ਚੇਨ ਫੈਟੀ ਐਸਿਡ', ਖਾਸ ਕਰਕੇ ਬਿਊਟੀਰੇਟ (Butyrate) ਦੇ ਪੱਧਰ ਨੂੰ ਵਧਾਉਂਦਾ ਹੈ। ਇਹੀ ਤੱਤ ਸੋਜ ਨੂੰ ਕੰਟਰੋਲ ਕਰਕੇ ਹੱਡੀਆਂ ਦੇ ਖੁਰਨ ਦੀ ਪ੍ਰਕਿਰਿਆ ਨੂੰ ਹੌਲੀ ਕਰਦਾ ਹੈ। ਇਹੀ ਸਿਧਾਂਤ ਨਵੀਂ ਦਵਾਈ ਦੀ ਨੀਂਹ ਬਣੇਗਾ।

**ਮਾਹਿਰਾਂ ਦੀ ਰਾਏ :** ਡਾ. ਜੇ.ਬੀ. ਸ਼ਰਮਾ (ਸਾਬਕਾ ਪ੍ਰੋ. ਇਸਤਰੀ ਰੋਗ ਮਾਹਿਰ, ਐਮਸ, ਦਿੱਲੀ): ਓਸਟੀਓਪੋਰੋਸਿਸ ਮੀਨੋਪੌਜ਼ ਤੋਂ ਬਾਅਦ ਔਰਤਾਂ ਵਿੱਚ ਇੱਕ 'ਸਾਈਲੈਂਟ' ਬਿਮਾਰੀ ਹੈ। ਜਦੋਂ ਫ੍ਰੈਕਚਰ ਹੁੰਦਾ ਹੈ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਜੇਕਰ ਆਂਦਰਾਂ ਅਤੇ ਪ੍ਰਤੀਰੋਧਕ ਪ੍ਰਣਾਲੀ ਨੂੰ ਨਿਸ਼ਾਨਾ ਬਣਾ ਕੇ ਦਵਾਈ ਵਿਕਸਿਤ ਹੁੰਦੀ ਹੈ, ਤਾਂ ਇਹ ਇਲਾਜ ਦੇ ਤਰੀਕੇ ਵਿੱਚ ਵੱਡੀ ਤਬਦੀਲੀ ਲਿਆ ਸਕਦੀ ਹੈ।















# ਰਾਸ਼ੀਫਲ

**ਮੇਖ :** ਤਣਾਅ ਦੇ ਚਲਦੇ ਬਿਮਾਰੀ ਨਾਲ ਦੋ ਚਾਰ ਹੋਣਾ ਹੋ ਸਕਦਾ ਹੈ ਸਕੂਨ ਮਹਿਸੂਸ ਕਰਨ ਦੇ ਲਈ ਦੋਸਤਾਂ ਅਤੇ ਪਰਿਵਾਰ ਦੇ ਨਾਲ ਕੁੱਝ ਸਮਾਂ ਬਿਤਾਉ। ਗ੍ਰਹਿ ਨਿਸ਼ੇਤਰਾਂ ਦੀ ਚਾਲ ਤੁਹਾਡੇ ਲਈ ਅੱਜ ਚੰਗੀ ਖਬਰ ਨਹੀਂ ਹੈ ਅੱਜ ਦੇ ਆਪਣੇ ਪੈਸੇ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ। ਆਪਣੇ ਪਰਿਵਾਰ ਨੂੰ ਸਹੀ ਸਮਾਂ ਦਿਉ ਉਨਾਂ ਨੂੰ ਮਹਿਸੂਸ ਹੋਣ ਦਿਉ ਕਿ ਤੁਸੀ ਉਨਾਂ ਦਾ ਧਿਆਨ ਰੱਖਦੇ ਹੋ। ਉਨਾਂ ਨਾਲ ਚੰਗਾ ਸਮਾਂ ਬਿਤਾਉ ਅਤੇ ਸ਼ਿਕਾਇਤ ਦਾ ਮੋਕਾ ਨਾ ਦਿਉ। ਤੁਸੀ ਦਿਨ ਵਿਚ ਚਾਰੇ ਪਾਸਿਉਂ ਗੁਲਾਬ ਦੀ ਖੁਸ਼ਬੂ ਨਾਲ ਇਕਮਿਕ ਹੋਵੋਂਗੇ। ਪਿਆਰ ਦੀ ਖੁਸ਼ੀ ਦਾ ਆਨੰਦ ਲਵੋ। ਲਗਦਾ ਹੈ ਕਿ ਤੁਹਾਡੇ ਸੀਨੀਅਰ ਅੱਜ ਦੇਵਦਾਤਾਂ ਜਿਹਾ ਵਿਵਹਾਰ ਕਰਨ ਵਾਲੇ ਹਨ। ਤੁਹਾਨੂੰ ਅੱਜ ਆਪਣੇ ਘਰ ਵਿਚੋਂ ਕੋਈ ਪਰਾਣੀ ਚੀਜ ਮਿਲ ਸਕਦੀ ਹੈ ਜੋ ਤੁਹਾਨੂੰ ਤੁਹਾਡੇ ਬਚਪਨ ਦੇ ਦਿਨਾਂ ਦੀ ਯਾਦ ਦਿਵਾ ਸਕਦੀ ਹੈ ਅਤੇ ਤੁਹਾਨੂੰ ਉਦਾਸੀਨ ਬਣਾ ਸਕਦਾ ਹੈ। ਅੱਜ ਦਾ ਦਿਨ ਤੁਹਾਡੇ ਲਈ ਚੰਗਾ ਨਹੀਂ ਰਹੇਗਾ ਕਿਉਂ ਕਿ ਕਈਂ ਮਾਮਲਿਆਂ ਵਿਚ ਤੁਹਾਡੀ ਅਸਹਿਮਤੀ ਰਹਿ ਸਕਦੀ ਹੈ ਇਸ ਨਾਲ ਤੁਹਾਡੇ ਸੰਬੰਧ ਕਮਜ਼ੋਰ ਹੋ ਸਕਦੇ ਹਨ।

**ਬ੍ਰਿਸ਼ਭ:** ਆਪਣਾ ਤਣਾਵ ਦੂਰ ਕਰਨ ਦੇ ਲਈ ਪਰਿਵਾਰ ਦੀ ਮਦਦ ਲਵੋ ਉਨਾਂ ਦੀ ਸਹਾਇਤਾ ਨੂੰ ਖੁੱਲੇ ਦਿਲ ਨਾਲ ਸਵੀਕਾਰ ਕਰੋ ਆਪਣੀ ਭਾਵਨਾਵਾਂ ਨੂੰ ਦਬਾਉ ਅਤੇ ਛਪਾਉ ਨਹੀਂ ਆਪਣੇ ਜ਼ਜਬਾਤ ਦੂਜਿਆਂ ਦੇ ਨਾਲ ਸਾਂਝਾ ਕਰਨ ਨਾਲ ਲਾਭ ਮਿਲੇਗਾ। ਜੇਕਰ ਤੁਸੀ ਥੋੜੇ ਜਿਹੇ ਵੱਧ ਪੈਸੇ ਕਮਾਉਣ ਦੇ ਤਰੀਕਿਆਂ ਦੀ ਭਾਲ ਕਰ ਰਹੇ ਹੋ ਆਰਥਿਕ ਪਰਿਯੋਜਨਾ ਵਿਚ ਨਿਵੇਸ਼ ਕਰੋ। ਸਭ ਨੂੰ ਆਪਣੀ ਮਹਿਫਿਲ ਵਿਚ ਦਾਵਤ ਦੇਵੋ। ਕਿਉਂ ਕਿ ਅੱਜ ਤੁਹਾਡੇ ਕੋਲ ਜ਼ਿਆਦਾ ਉਰਜਾ ਹੈ ਜੋ ਤੁਹਾਨੂੰ ਕਿਸੇ ਪਾਰਟੀ ਜਾ ਕੰਮਕਾਰ ਦਾ ਆਯੋਜਨ ਕਰਨ ਦੇ ਲਈ ਪ੍ਰੇਰਿਤ ਕਰੇਗੀ। ਅੱਜ ਤੁਸੀ ਆਪਣੇ ਮਹਿਬੂਬ ਨਾਲ ਚਾਰੇ ਪਾਸੇ ਖੁਦ ਨੂੰ ਆਪਣੇ ਪਿਆਰੇ ਦਾ ਪਿਆਰ ਮਹਿਸੂਸ ਕਰੋਂਗੇ। ਇਹ ਦਿਨ ਪਿਆਰਾ ਖੂਬਸੂਰਤ ਰਹੇਗਾ। ਅੱਜ ਕੰਮ ਕਾਰ ਤੇ ਅਚਾਨਕ ਤੁਹਾਡੇ ਕੰਮ ਦੀ ਛਾਣਬੀਣ ਹੋ ਸਕਦੀ ਹੈ ਜੇਕਰ ਤੁਸੀ ਕੋਈ ਗਲਤੀ ਕੀਤੀ ਹੋਵੇਗੀ ਤਾਂ ਤੁਹਾਨੂੰ ਭੁਗਤਾਨ ਕਰਨਾ ਪੈ ਸਕਦਾ ਹੈ ਇਸ ਰਾਸ਼ੀ ਦੇ ਕਾਰੋਬਾਰੀ ਅੱਜ ਆਪਣੇ ਕਾਰੋਬਾਰ ਨੂੰ ਨਵੀਂ ਦਿਸ਼ਾ ਦੇਣ ਦੇ ਬਾਰੇ ਵਿਚ ਵਿਚਾਰ ਕਰ ਸਕਦੇ ਹਨ। ਤੁਸੀ ਆਪਣੇ ਖਾਲੀ ਸਮੇਂ ਵਿਚ ਆਪਣਾ ਪਸੰਦੀਦਾ ਕੰਮ ਕਰਨਾ ਪਸੰਦਾ ਕਰਦੇ ਹੋ ਅੱਜ ਵੀ ਤੁਸੀ ਅਜਿਹਾ ਹੀ ਕੁਝ ਕਰਨ ਦੀ ਸੋਚੋਂਗੇ ਪਰੰਤੂ ਕਿਸੇ ਸਖਸ਼ ਦੇ ਘਰ ਵਿਚ ਆਉਣ ਦੀ ਵਜਾਹ ਨਾਲ ਤੁਹਾਡੀ ਇਹ ਯੋਜਨਾ ਰੱਦ ਹੋ ਸਕਦੀ ਹੈ। ਵਿਆਹ ਇਕ ਅਸੀਸ ਹੈ ਅਤੇ ਅੱਜ ਤੁਸੀ ਇਸ ਦਾ ਅਨੁਭਵ ਕਰ ਸਕਦੇ ਹੋ।



**ਮਿਥੁਨ:** ਮਾਤਾ ਪਿਤਾ ਦੀ ਸਿਹਤ ਚਿੰਤਾ ਦਾ ਕਾਰਨ ਬਣ ਸਕਦੀ ਹੈ। ਪੈਸੇ ਕਮਾਉਣ ਦੇ ਲਈ ਨਵੇਂ ਮੋਕੇ ਲਾਭ ਦੇਣਗੇ। ਦੋਸਤਾਂ ਦੇ ਨਾਲ ਸ਼ਾਮ ਨੂੰ ਘੁੰਮਣ ਬਾਹਰ ਜਾਉ ਇਸ ਤੋਂ ਤੁਹਾਨੂੰ ਬਹੁਤ ਲਾਭ ਹੋਵੇਗਾ। ਆਪਣੇ ਰੁਮਾਂਟਿਕ ਖਿਆਲਾਂ ਨੂੰ ਹਰ ਕਿਸੇ ਨੂੰ ਦੱਸਣ ਤੋਂ ਬਚੋ। ਸਾਂਝੇਦਾਰੀ ਦੇ ਉੱਦਮਾਂ ਦੀ ਸ਼ੁਰੂਆਤ ਕਰਨ ਦੇ ਲਈ ਚੰਗਾ ਦਿਨ ਹੈ ਸਾਰਿਆਂ ਲਈ ਲਾਭ ਹੋਣ ਦੀ ਸੰਭਾਵਨਾ ਹੈ ਪਰੰਤੂ ਭਾਗੀਦਾਰਾਂ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਸੋਚੋ। ਦਿਨ ਭਰ ਵਿਅਸਤ ਰਹਿਣ ਦੇ ਬਾਵਜੂਦ ਅੱਜ ਤੁਸੀ ਆਪਣੇ ਲਈ ਸਮਾਂ ਕੱਢ ਲਵੋਂਗੇ ਅੱਜ ਤੁਸੀ ਖਾਲੀ ਸਮੇਂ ਵਿਚ ਕੁਝ ਰਚਨਾਤਮਕ ਕਰ ਸਕਦੇ ਹੋ। ਤੁਹਾਡਾ ਜੀਵਨ ਸਾਥੀ ਤੁਹਾਡੇ ਨਾਲ ਝਗੜ ਸਕਦਾ ਹੈ ਕਿਉਂ ਕਿ ਤੁਸੀ ਉਸ ਨਾਲ ਕੋਈ ਗੱਲ ਸਾਂਝੀ ਕਰਨਾ ਭੁੱਲ ਗਏ ਹੋ।

**ਕਰਕ:** ਤੁਸੀ ਖੁਦ ਨੂੰ ਬਿਮਾਰ ਮਹਿਸੂਸ ਕਰ ਸਕਦੇ ਹੋ ਮਾਲੂਮ ਹੁੰਦਾ ਹੈ ਕਿ ਪਿੱਛਲੇ ਕੁਝ ਦਿਨਾਂ ਤੋਂ ਬੇਝਿੱਜ ਕੰਮਕਾਜ ਨੇ ਤੁਹਾਨੂੰ ਥਕਾ ਦਿੱਤਾ ਹੈ। ਤੁਸੀ ਜੀਵਨ ਵਿਚ ਪੈਸੇ ਦੀ ਅਹਿਮੀਅਤ ਨੂੰ ਨਹੀਂ ਸਮਝਦੇ ਪਰ ਅੱਜ ਤੁਹਾਨੂੰ ਪੈਸੇ ਦੀ ਅਹਿਮੀਅਤ ਸਮਝ ਆ ਸਕਦੀ ਹੈ ਕਿਉਂ ਕਿ ਅੱਜ ਤੁਹਾਨੂੰ ਪੈਸੇ ਦੀ ਬਹੁਤ ਲੋੜ ਹੋਵੇਗੀ। ਪਰੰਤੂ ਤੁਹਾਡੇ ਕੋਲ ਜਿਆਦਾ ਪੈਸਾ ਨਹੀਂ ਹੋਵੇਗਾ। ਕਈਂ ਦੋਸਤ ਆਪਣੀ ਨਿੱਜੀ ਸਮੱਸਿਆ ਦੇ ਲਈ ਸਮਾਧਾਨ ਲਈ ਤੁਹਾਡੇ ਤੋਂ ਕੁਝ ਮੰਗ ਸਕਦਾ ਹੈ। ਵਾਦ ਵਿਵਾਦਤ ਮੁੱਦਿਆਂ ਨੂੰ ਉਠਾਉਣ ਤੋਂ ਬਚੋ ਕੀ ਹੋਇਆ ਜੇਕਰ ਤੁਸੀ ਅੱਜ ਡੇਟ ਤੇ ਜਾ ਰਹੇ ਹੋ। ਅਜਿਹੇ ਕੰਮਾਂ ਵਿਚ ਸ਼ਾਮਿਲ ਹੋਵੋ ਜੋ ਰਚਨਾਤਮਕ ਪ੍ਰਕਿਤੀ ਦੇ ਹਨ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਅੱਜ ਤੁਸੀ ਸਭ ਲੋਕਾਂ ਨਾਲ ਦੂਰੀ ਬਣਾ ਕੇ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ ਅਜਿਹਾ ਕਰਨਾ ਤੁਹਾਡੇ ਲਈ ਸਹੀ ਹੋਵੇਗਾ ਅੱਜ ਜੀਵਨ ਸਾਥੀ ਤੋਂ ਬਹੁਤ ਜ਼ਿਆਦਾ ਉਮੀਦਾਂ ਰੱਖਣਾ ਤੁਹਾਡੇ ਵਿਆਹੁਤ ਜੀਵਨ ਨੂੰ ਉਦਾਸੀ ਦੀ ਤਰਫ ਲੈ ਜਾ ਸਕਦਾ ਹੈ।

**ਸਿੰਘ:** ਕਿਸਮਤ ਦੇ ਭਰੋਸੇ ਨਾ ਬੈਠੋ ਅਤੇ ਆਪਣੀ ਸਿਹਤ ਸੁਧਾਰਨ ਦੇ ਲਈ ਖੁਦ ਮਿਹਨਤ ਕਰੋ ਕਿਉਂ ਕਿ ਹੱਥ ਤੇ ਹੱਥ ਧਰੇ ਬੈਠਿਆਂ ਕੁਝ ਨਹੀਂ ਹੋਣ ਵਾਲਾ। ਹੁਣ ਵਕਤ ਆ ਗਿਆ ਹੈ ਕਿ ਆਪਣਾ ਵਜ਼ਨ ਕਾਬੂ ਵਿਚ ਰੱਖੋ ਅਤੇ ਤਦੰਰੁਸਤ ਰਹਿਣ ਦੇ ਲਈ ਨਿਯਮਿਤ ਕਸਰਤ ਦਾ ਸਹਾਰਾ ਲਉ। ਪਰਿਵਾਰ ਦੇ ਕਿਸੇ ਮੈਂਬਰ ਦੇ ਬਿਮਾਰ ਹੋਣ ਦੀ ਵਜਾਹ ਤੋਂ ਤੁਹਾਨੂੰ ਆਰਥਿਕ ਮੁਸ਼ਕਿਲ ਆ ਸਕਦੀ ਹੈ ਹਾਲਾਂ ਕਿ ਇਸ ਵਕਤ ਤੁਹਾਨੂੰ ਧੰਨ ਤੋਂ ਜਿਆਦਾ ਉਨਾਂ ਦੀ ਸਿਹਤ ਦੀ ਚਿੰਤਾ ਕਰਨੀ ਚਾਹੀਦੀ ਹੈ। ਅੱਜ ਹਰ ਇਕ ਤੁਹਾਡੇ ਨਾਲ ਦੋਸਤੀ ਕਰਨਾ ਚਾਹੁੰਦਾ ਹੈ ਅਤੇ ਤੁਸੀ ਉਨਾਂ ਦੀ ਇਸ ਇੱਛਾ ਨੂੰ ਪੂਰੀ ਕਰਨ ਵਿਚ ਖੁਸ਼ੀ ਮਹਿਸੂਸ ਕਰੋਂਗੇ। ਅੱਜ ਦੇ ਦਿਨ ਰੋਮਾਂਸ ਦੀ ਆਸ ਨਾ ਰੱਖੋ। ਕੰਮਕਾਰ ਵਿਚ ਅੱਜ ਤੁਸੀ ਆਪਣੇ ਕੰਮ ਵਿਚ ਪ੍ਰਗਤੀ ਦੇਖੋਂਗੇ। ਜੇਕਰ ਤੁਸੀ ਵਿਆਹੇ ਵਰੇ ਹੋ ਅਤੇ ਤੁਹਾਡੇ ਬੱਚੇ ਵੀ ਹਨ ਤਾਂ ਉਹ ਅੱਜ ਸ਼ਿਕਾਇਤ ਕਰ ਸਕਦੇ ਹਨ ਕਿ ਤੁਸੀ ਉਨਾਂ ਨੂੰ ਸਹੀ ਸਮਾਂ ਨਹੀਂ ਦੇ ਪਾ ਰਹੇ। ਤੁਹਾਡੀ ਭੱਜਦੋੜ ਭਰੀ ਦਿਨ ਦੇ ਕਾਰਨ ਤੁਹਾਡਾ ਜੀਵਨਸਾਥੀ ਖੁਦ ਨੂੰ ਅਖਾਸ ਮਹਿਸੂਸ ਕਰ ਸਕਦਾ ਹੈ ਜਿਸ ਦਾ ਇਜ਼ਹਾਰ ਸ਼ਾਮ ਨੂੰ ਹੋਣਾ ਸੰਭਵ ਹੈ।

**ਕੰਨਿਆ:** ਬਹੁਤ ਜ਼ਿਆਦਾ ਰੁਮਾਂਚ ਅਤੇ ਦਿਵਾਨਗੀ ਦੀ ਉਚਾਈ ਤੁਹਾਡੇ ਵਿਸਫੋਟਕ ਜਨੂੰਨ ਨੂੰ ਨੁਕਸਾਨ ਪਹੰਚਾ ਆ ਸਕਦੀ ਹੈ ਇਨਾਂ ਦਿੱਕਤਾਂ ਤੋਂ ਬਚਣ ਲਈ ਆਪਣੇ ਜ਼ਜਬਾਤ ਕਾਬੂ ਵਿਚ ਰੱਖੋ। ਅਚਾਨਕ ਨਵੇਂ ਸੋਮਿਆਂ ਤੋਂ ਪੈਸਾ ਮਿਲੇਗਾ ਜੋ ਤੁਹਾਡੇ ਦਿਨ ਨੂੰ ਚਮਕਦਾਰ ਬਣਾ ਦੇਵੇਗਾ। ਰਿਸ਼ਤੇਦਾਰਾਂ ਤੋਂ ਅਚਾਨਕ ਤੋਹਫਾ ਮਿਲ ਸਕਦਾ ਹੈ ਪਰੰਤੂ ਪੂਰੀ ਸੰਭਾਵਨਾ ਹੈ ਕਿ ਇਸ ਦੇ ਬਦਲੇ ਵਿਚ ਕੁਝ ਚਾਹੁੰਦੇ ਹੋ। ਤੁਹਾਡੇ ਜੀਵਨਸਾਥੀ ਦੇ ਪਰਿਵਾਰਕ ਮੈਂਬਰ ਦੀ ਵਜਾਹ ਨਾਲ ਤੁਹਾਡਾ ਦਿਨ ਥੋੜਾ ਪਰੇਸ਼ਾਨੀ ਭਰਿਆ ਹੋ ਸਕਦਾ ਹੈ। ਆਪਣੀ ਕੰਮ ਦੀ ਕੁਸ਼ਲਤਾ ਵਧਾਉਣ ਦੇ ਲਈ ਨਵੀਂ ਤਕਨੀਕਾਂ ਦਾ ਸਹਾਰਾ ਲਉ। ਤੁਹਾਡੀ ਸ਼ੈਲੀ ਅਤੇ ਕੰਮ ਕਰਨ ਦਾ ਨਵਾਂ ਅੰਦਾਜ਼ ਉਨਾਂ ਲੋਕਾਂ ਵਿਚ ਦਿਲਚਸਪੀ ਪੈਦਾ ਕਰੇਗਾ। ਜੋ ਤੁਹਾਡੇ ਤੇ ਨੇੜੇ ਤੋਂ ਧਿਆਨ ਰੱਖਦੇ ਹਨ। ਯਾਤਰਾ ਅਤੇ ਸਿੱਖਿਆ ਨਾਲ ਜੁੜੇ ਕੰਮ ਤੁਹਾਡੀ ਜਾਗਰੁਕਤਾ ਵਿਚ ਵਾਧਾ ਕਰ ਸਕਦੇ ਹਨ। ਅੱਜ ਜੀਵਨ ਸਾਥੀ ਦਾ ਵਿਵਹਾਰ ਤੁਹਾਡੇ ਖਾਸ ਰਿਸ਼ਤਿਆਂ ਤੇ ਗਲਤ ਅਸਰ ਪਾ ਸਕਦਾ ਹੈ।

**ਤੁਲਾ:** ਪਰਿਵਾਰ ਦੇ ਇਲਾਜ ਨਾਲ ਜੁੜੇ ਖਰਚਿਆਂ ਵਿਚ ਵਾਧੇ ਨੂੰ ਨਕਾਰਿਆ ਨਹੀਂ ਜਾ ਸਕਦਾ। ਪੈਸੇ ਕਮਾਉਣ ਦੇ ਲਈ ਨਵੇਂ ਮੋਕੇ ਲਾਭ ਦੇਣਗੇ। ਅਚਾਨਕ ਮਿਲੀ ਕੋਈ ਚੰਗੀ ਖਬਰ ਤੁਹਾਡਾ ਉਤਸ਼ਾਹ ਵਧਾ ਦੇਵੇਗੀ ਪਰਿਵਾਰ ਦੇ ਲੋਕਾਂ ਨਾਲ ਇਸ ਖਬਰ ਨੂੰ ਵੰਡਣਾ ਤੁਹਾਨੂੰ ਖੁਸ਼ੀ ਨਾਲ ਭਰ ਦੇਵੇਗਾ। ਤੁਹਾਨੂੰ ਆਪਣੇ ਪਿਆਰੇ ਦੀਆਂ ਬਾਹਾਂ ਵਿਚ ਆਰਾਮ ਮਹਿਸੂਸ ਕਰੋਂਗੇ। ਤੁਸੀ ਖੁਦ ਨੂੰ ਉਰਜਾ ਨਾਲ ਇਕਮਿਕ ਮਹਿਸੂਸ ਕਰ ਰਹੇ ਹੋਵੋਂਗੇ ਇਸ ਉਰਜਾ ਦਾ ਪ੍ਰਯੋਗ ਕੰਮ ਕਾਰ ਵਿਚ ਕਰੋ ਤੁਹਾਨੂੰ ਅਜਿਹੀ ਜਗ੍ਹਾਂ ਤੋਂ ਬੁਲਾਵਾ ਆਵੇਗਾ ਜਿੱਥੇ ਤੁਸੀ ਇਸ ਦੀ ਕਲਪਨਾ ਵੀ ਨਹੀਂ ਕਰੋਂਗੇ। ਵਿਆਹੁਤ ਜੀਵਨ ਦੇ ਉਲਝੇ ਪਹਿਲੂ ਦਾ ਅਨੁਭਵ ਕਰਨ ਦੇ ਲਈ ਚੰਗਾ ਦਿਨ ਹੈ।

**ਬ੍ਰਿਸ਼ਚਕ:** ਕੋਫੀ ਪੀਣਾ ਛੱਡ ਦਿਉ ਖਾਸ ਤੋਰ ਤੇ ਦਿਲ ਦੇ ਮਰੀਜ਼ਾ ਲਈ।ਅੱਜ ਤੁਹਾਡੇ ਦਫਤਰ ਦਾ ਕੋਈ ਸਹਿਕਰਮੀ ਤੁਹਾਡੀ ਕੀਮਤੀ ਵਸਤੂ ਚੋਰੀ ਕਰ ਸਕਦਾ ਹੈ ਇਸ ਲਈ ਅੱਜ ਆਪਣੇ ਸਾਮਾਨ ਦਾ ਧਿਆਨ ਰੱਖਣ ਦੀ ਲੋੜ ਹੈ। ਦੋਸਤਾਂ ਦਾ ਸਾਥ ਰਾਹਤ ਦੇਵੇਗਾ। ਅੱਜ ਤੁਹਾਡੀ ਪਿਆਰ ਕਹਾਣੀ ਇਕ ਨਵਾਂ ਮੋੜ ਲੈ ਸਕਦੀ ਹੈ ਤੁਹਾਡਾ ਸਾਥੀ ਅੱਜ ਤੁਹਾਡੇ ਨਾਲ ਵਿਆਹ ਨੂੰ ਲੈ ਕੇ ਗੱਲ ਕਰ ਸਕਦਾ ਹੈ ਅਜਿਹੇ ਵਿਚ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਤੁਹਾਨੂੰ ਸੋਚ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ। ਕੰਮਕਾਰ ਵਿਚ ਤੁਹਾਡੇ ਕੰਮ ਦੀ ਸਰਾਹਨਾ ਹੋਵੇਗੀ। ਤੁਹਾਡੇ ਬਾਰੇ ਲੋਕ ਕੀ ਸੋਚਦੇ ਹਨ ਅੱਜ ਤੁਹਾਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪਵੇਗਾ ਬਲਕਿ ਅੱਜ ਤੁਸੀ ਖਾਲੀ ਸਮੇਂ ਵਿਚ ਕਿਸੀ ਨਾਲ ਮਿਲਣਾ ਜੁਲਣਾ ਵੀ ਪਸੰਦ ਨਹੀਂ ਕਰੋਂਗੇ ਅਤੇ ਇਕਾਂਤ ਵਿਚ ਆਨੰਦ ਮਹਿਸੂਸ ਕਰੋਂਗੇ।ਅੱਜ ਤੁਸੀ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਜਾਣ ਦਾ ਮਜ਼ਾ ਲੈ ਸਕਦੇ ਹੋ ਅਤੇ ਬੇਹਤਰੀਨ ਸਮਾਂ ਗੁਜ਼ਾਰ ਸਕਦੇ ਹੋ।

**ਧਨੂੰ:** ਆਪਣਾ ਸੰਤੁਲਨ ਨਾ ਖੋਵੋ ਖਾਸਤੋਰ ਤੇ ਮੁਸ਼ਕਿਲ ਹਾਲਾਤ ਵਿਚ। ਅੱਜ ਘਰ ਤੋਂ ਵੱਡਿਆਂ ਦਾ ਆਸ਼ਿਰਵਾਦ ਲੈ ਕੇ ਨਿਕਲੋਂਗੇ ਤਾਂ ਇਸ ਨਾਲ ਤੁਹਾਨੂੰ ਲਾਭ ਪ੍ਰਾਪਤ ਹੋਵੇਗਾ। ਬੱਚਿਆਂ ਨਾਲ ਸਮਾਂ ਬਿਤਾਉਣਾ ਖਾਸ ਹੋਵੇਗਾ। ਚੀਜ਼ਾਂ ਨੂੰ ਚੰਗੀ ਤਰਾਂ ਸੰਭਾਲੋ ਕਿਉਂ ਕਿ ਤੁਹਾਡੇ ਜੀਵਨਸਾਥੀ ਦਾ ਮੂਡ ਬਹੁਤਾ ਚੰਗਾ ਨਹੀਂ ਲੱਗ ਰਿਹਾ। ਹਾਰ ਦਿਨਾਂ ਦੀ ਉਮੀਦ ਅੱਜ ਤੁਹਾਡੇ ਸਹਿਕਰਮੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰੇਂਗੇ। ਦਿਨ ਭਰ ਵਿਅਸਤ ਰਹਿਣ ਦੇ ਬਾਵਜੂਦ ਅੱਜ ਤੁਸੀ ਆਪਣੇ ਲਈ ਸਮਾਂ ਕੱਢ ਲਵੋਂਗੇ ਅੱਜ ਤੁਸੀ ਖਾਲੀ ਸਮੇਂ ਵਿਚ ਕੁਝ ਰਚਨਾਤਮਕ ਕਰ ਸਕਦੇ ਹੋ। ਤੁਹਾਡੇ ਜੀਵਨ ਸਾਥੀ ਦੇ ਕਿਸੇ ਕੰਮ ਦੀ ਵਜਾਹ ਕਰਕੇ ਤੁਸੀ ਕੁਝ ਸ਼ਰਮਿੰਦਾ ਮਹਿਸੂਸ ਕਰ ਸਕਦੇ ਹੋ ਪਰੰਤੂ ਬਾਅਦ ਵਿਚ ਤੁਹਾਨੂੰ ਅਹਿਸਾਸ ਹੋਵੇਗਾ ਕਿ ਜੋ ਹੋਇਆ ਚੰਗਾ ਹੋਇਆ।

**ਮਕਰ:** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਤੀ ਨੂੰ ਭੰਗ ਕਰ ਸਕਦੀ ਹੈ। ਅੱਜ ਵਪਾਰ ਵਿਚ ਮੁਨਾਫਾ ਕਈਂ ਵਪਾਰੀਆਂ ਦੇ ਚਿਹਰੇ ਖੁਸ਼ੀ ਲਿਆ ਸਕਦੀ ਹੈ। ਘਰੇਲੂ ਕੰਮ ਥਕਾਉਣ ਵਾਲਾ ਹੋਵੇਗਾ ਅਤੇ ਇਸ ਲਈ ਇਹ ਮਾਨਸਿਕ ਤਣਾਵ ਦੀ ਵਜਾਹ ਵੀ ਬਣ ਸਕਦਾ ਹੈ। ਅੱਜ ਤੁਹਾਡੀ ਕੋਈ ਬੁਰੀ ਆਦਤ ਤੁਹਾਡੇ ਪਿਆਰ ਨੂੰ ਮਾੜੀ ਲੱਗ ਸਕਦੀ ਹੈ ਅਤੇ ਉਹ ਤੁਹਾਡੇ ਤੋਂ ਨਾਰਾਜ਼ ਹੋ ਸਕਦੇ ਹਨ। ਤੁਹਾਡੇ ਅੰਦਰੂਨੀ ਕਦਮ ਅਤੇ ਸਾਕਾਰਤਮਕ ਰਵੱਈਆ ਕਰੀਅਰ ਦੇ ਮੋਰਚੇ ਤੇ ਤੁਹਾਨੂੰ ਸਫਲਤਾ ਦਿਲਾਉਗੀ ਅੰਤਰਿਕ ਗੁਣ ਜਿੱਥੇ ਤੁਹਾਨੂੰ ਸੰਤੋਸ਼ ਦੇਣਗੇ ਉੱਥੇ ਹੀ ਸਾਕਾਰਤਮਕ ਸੋਚ ਕਾਮਯਾਬੀ ਦੇਵੇਗੀ। ਤੁਸੀ ਖਾਲੀ ਸਮੇਂ ਵਿਚ ਕੋਈ ਫਿਲਮ ਦੇਖ ਸਕਦੇ ਹੋ ਇਹ ਫਿਲਮ ਦੇਖ ਕੇ ਤੁਹਾਨੂੰ ਲੱਗੇਗਾ ਕਿ ਫਿਲਮ ਪਸੰਦ ਨਹੀਂ ਆਈ ਤੁਸੀ ਆਪਣਾ ਕੀਮਤੀ ਸਮਾਂ ਖਰਾਬ ਕਰ ਦਿੱਤਾ। ਤੁਸੀ ਕੋਰਟਸ਼ਿੱਪ, ਵਿਆਹ ਦੇ ਪੁਰਾਣੇ ਸੰਦਰ ਦਿਨਾਂ ਨੂੰ ਤਾਜ਼ਾ ਕਰੋਂਗੇ ਅਤੇ ਆਪਣੀ ਵਿਆਹੁਤਾ ਜ਼ਿੰਦਗੀ ਵਿਚ ਮਗਨ ਹੋਵੋਂਗੇ।

**ਕੁੰਭ:** ਅੱਜ ਤੁਸੀ ਥਕਾਵਟ ਮਹਿਸੂਸ ਕਰੋਂਗੇ ਅਤੇ ਛੋਟੀ ਛੋਟੀ ਗੱਲਾਂ ਤੇ ਨਾਰਾਜ਼ ਵੀ ਹੋ ਸਕਦੇ ਹੋ। ਤੁਸੀ ਉਨਾਂ ਯੋਜਨਾਵਾਂ ਵਿਚ ਨਿਵੇਸ਼ ਕਰਨ ਤੋਂ ਪਹਿਲਾਂ ਦੋ ਵਾਰ ਸੋਚੋ ਜੋ ਅੱਜ ਤੁਹਾਡੇ ਸਾਹਮਣੇ ਆਈਆਂ ਹਨ। ਅਜਿਹੇ ਮੁੱਦਿਆਂ ਤੇ ਗੱਲ ਕਰਨ ਤੋਂ ਬਚੋ ਜਿਨਾਂ ਨੂੰ ਲੈ ਕੇ ਪਿਆਰ ਤੋਂ ਵਾਦ ਵਿਵਾਦ ਹੋਣ ਦੀ ਸੰਭਾਵਨਾ ਹੈ। ਕੋਸ਼ਿਸ਼ ਕਰੋ ਬੋਲਣ ਤੇ ਕਾਬੂ ਰੱਖੋ ਕਿਉਂ ਕਿ ਸਖਤ ਸ਼ਬਦ ਸ਼ਾਤੀ ਨੂੰ ਖਤਮ ਕਰਕੇ ਤੁਹਾਡੇ ਅਤੇ ਪ੍ਰੇਮੀ ਵਿਚਕਾਰ ਦਰਾੜ ਪੈਦਾ ਕਰ ਸਕਦੇ ਹਨ। ਲਾਭਦਾਇਕ ਦਿਨ ਹੈ ਇਸ ਲਈ ਕੋਸ਼ਿਸ਼ ਕਰੋ ਅਤੇ ਅੱਗੇ ਵਧੋ ਚੰਗੇ ਮੋਕੇ ਤੁਹਾਡੀ ਇੰਤਜ਼ਾਰ ਕਰ ਰਹੇ ਹਨ। ਯਾਤਰਾ ਅਤੇ ਸਿੱਖਿਆ ਨਾਲ ਜੁੜੇ ਕੰਮ ਤੁਹਾਡੀ ਜਾਗਰੁਕਤਾ ਵਿਚ ਵਾਧਾ ਕਰ ਸਕਦੇ ਹਨ। ਰਿਸ਼ਤੇਦਾਰਾਂ ਦੇ ਕਿਸੇ ਕਾਰਨ ਨੂੰ ਲੈ ਕੇ ਵਾਦ ਵਿਵਾਦ ਹੋ ਸਕਦਾ ਹੈ।

**ਮੀਨ:** ਬਾਹਰ ਦਾ ਅਤੇ ਖੁੱਲਾ ਖਾਣਾ ਖਾਉਂਦੇ ਸਮੇਂ ਖਾਸ ਤੌਰ ਤੇ ਬਚਾਅ ਧਿਆਨ ਦੇਣ ਦੀ ਲੋੜ ਹੈ ਹਾਲਾ ਕਿ ਬਿਨਾ ਵਜਾਹ ਤਣਾਅ ਨਾ ਲਵੋ ਕਿਉਂ ਕਿ ਇਹ ਤੁਹਾਨੂੰ ਮਾਨਸਿਕ ਕਸ਼ਟ ਦੇ ਸਕਦਾ ਹੈ। ਜੋ ਲੋਕ ਛੋਟੇ ਕਾਰੋਬਾਰ ਕਰਦੇ ਹਨ ਉਨਾਂ ਨੂੰ ਅੱਜ ਦੇ ਦਿਨ ਆਪਣੇ ਕਿਸੇ ਕਰੀਬੀ ਦੀ ਕੋਈ ਸਲਾਹ ਮਿਲ ਸਕਦੀ ਹੈ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗਾਹ ਵੀ ਦੇ ਸਕਦੇ ਹਨ। ਤੁਹਾਡਾ ਜੀਵਨਸਾਥੀ ਤੁਹਾਡੀ ਸਹਾਇਤਾ ਕਰੇਗਾ ਅਤੇ ਮਦਦਗਾਰ ਸਾਬਿਤ ਹੋਵੇਗਾ। ਕਿਸੀ ਦਿਲਚਸਪ ਇਨਸਾਨ ਨਾਲ ਮਿਲਣ ਦੀ ਪ੍ਰਬਲ ਸੰਭਾਵਨਾ ਹੈ। ਕੁਝ ਲੋਕਾਂ ਦੇ ਲਈ ਕਾਰੋਬਾਰ ਅਤੇ ਸਿੱਖਿਆ ਲਾਭਦਾਇਕ ਹੋਵੇਗੀ। ਤੁਸੀ ਆਪਣੇ ਮਨਪਸੰਦ ਕੰਮਾਂ ਨੂੰ ਪੂਰਾ ਕਰਕੇ ਆਪਣੇ ਰੁਝੇਵੇਂ ਦੇ ਵਿਚਕਾਰ ਆਪਣੇ ਲਈ ਸਮਾਂ ਕੱਢ ਸਕਦੇ ਹੋ ਪਰੰਤੂ ਤੁਸੀ ਆਪਣੇ ਲਈ ਸਮਾਂ ਵਰਤ ਨਹੀਂ ਕਰ ਸਕੋਗੇ ਵਿਵਹਾਰਿਕ ਰੂਪ ਦੇ ਦ੍ਰਿਸ਼ਟੀਕੋਣ ਤੋਂ ਅੱਜ ਤੁਹਾਨੂੰ ਕੁਝ ਅਨੋਖਾ ਤੋਹਫਾ ਮਿਲ ਸਕਦਾ ਹੈ।

# ਸਾਖੀ ਰਾਜੇ ਪੀਪੇ ਦੀ



ਭਗਤ ਰਵਿਦਾਸ ਜੀ ਦੇ ਸਮੇਂ ਤੇ ਰਾਜਾ ਹੋਇਆ ਹੈ ਜਿਸ ਦਾ ਨਾਮ ਪੀਪਾ ਸੀ। ਰਾਜਾ ਬੜੇ ਅੱਛੇ ਆਚਰਨ ਦਾ ਸੀ। ਆਪਣੀ ਪ੍ਰਜਾ ਦਾ ਪੂਰਾ ਧਿਆਨ ਰੱਖਦਾ ਗਰੀਬ ਗੁਰਬੇ ਲੋੜਵੰਦਾਂ ਦੀ ਹਮੇਸ਼ਾ ਇਮਦਾਦ ਕਰਦਾ ਰਹਿੰਦਾ ਸੀ। ਰਾਜੇ ਪੀਪੇ ਦਾ ਰਾਜ ਇਕ ਤਰ੍ਹਾਂ ਨਾਲ ਧਰਮੀ ਰਾਜ ਹੀ ਸੀ। ਰਾਜੇ ਦੇ ਦਰਬਾਰ ਵਿੱਚ ਬਹੁਤ ਸਾਰੇ ਮੰਤਰੀ ਸੰਤਰੀ ਤੇ ਅਹਿਲਕਾਰ ਸਨ ਜਿਨ੍ਹਾਂ ਨਾਲ ਰਾਜਾ ਸਲਾਹਾਂ ਕਰਦਾ ਰਹਿੰਦਾ ਸੀ। ਇਸ ਦਾ ਦਰਬਾਰ ਇਕ ਤਰ੍ਹਾਂ ਨਾਲ ਸੰਗਤ ਵਰਗਾ ਹੀ ਹੁੰਦਾ ਸੀ। ਜਿਸ ਵਿੱਚ ਹਮੇਸ਼ਾ ਧਾਰਮਿਕ ਗੱਲਾਂ ਹੀ ਹੋਇਆ ਕਰਦੀਆਂ ਸਨ।

ਰਾਜੇ ਪੀਪੇ ਨੇ ਸਤਿਸੰਗ ਵਿੱਚ ਇਹ ਸੁਣਿਆ ਸੀ ਕਿ ਭਗਤੀ ਕੀਤੀ ਤਾਂ ਹੀ ਥਾਂਏ ਪੈਂਦੀ ਹੈ। ਜਿਕਤਰ ਮਨੁੱਖ ਨੇ ਕੋਈ ਗੁਰੂ ਧਾਰਨ ਕੀਤਾ ਹੋਵੇ। ਗੁਰੂ ਵੀ ਉਹ ਜਿਹੜਾ ਉਸ ਪ੍ਰਭੂ ਨੂੰ ਮਿਲ ਚੁੱਕਾ ਹੋਵੇ ਐਵੇਂ ਕੋਈ ਕੱਚਾ ਪਿਲਾ ਨਹੀਂ ਜਿਹੜਾ ਖਾਕੇ ਦੱਸ ਰੋਟੀਆਂ ਸੁੱਤਾ ਰਹੇ ਤੇ ਦੱਸ ਵਜੇ ਸੁੱਤਾ ਪਿਆ ਉੱਠੇ ਨਹੀਂ ਨਹੀਂ ਉਹ ਗੁਰੂ ਜਿਹੜਾ ਅਨਦਿਨ ਜਾਗੈ ਕਦੇ ਨਾ ਸੋਵੈ ਦੀ ਅਵਸਥਾ ਦਾ ਮਾਲਕ ਹੋਵੇ ਜਿਸ ਨੂੰ ਧੁਰ ਦਰਗਾਹ ਤੋਂ ਪ੍ਰਭੂ ਨੇ ਨਿਵਾਜਿਆ ਹੋਵੇ।

ਕੋਈ ਜੋਗ ਗੁਰੂ ਨਾ ਮਿਲਣ ਕਰਕੇ ਰਾਜੇ ਦਾ ਮਨ ਬਹੁਤ ਵਿਚਲਤ ਰਹਿੰਦਾ ਸੀ ਕਿ ਕੋਈ ਪੂਰਨ ਗੁਰੂ ਨਜ਼ਰ ਨਹੀਂ ਆ ਰਿਹਾ ਇਹ ਨਾ ਹੋਵੇ ਕਿ ਮੇਰੀ ਇਹ ਉਮਰ ਨਿਗੁਰੇ ਦੀ ਹੀ ਬੀਤ ਜਾਵੇ। ਮਤੇ ਮੈਨੂੰ ਗੁਰੂ ਬਿਹੂਨ ਨੂੰ ਹੀ ਮੌਤ ਆ ਜਾਵੇ ਤਾਂ ਕਿਧਰੇ ਵੀ ਢੋਈ ਨਹੀਂ ਮਿਲੇਗੀ।

ਇਕ ਦਿਨਾ ਰਾਜੇ ਨੇ ਆਪਣੀ ਸਭਾ ਬੁਲਾਈ ਤੇ ਆਪਣੇ ਸਾਰੇ ਅਹਿਲਕਾਰਾਂ ਤੇ ਸਲਾਹਕਾਰਾਂ ਤੋਂ ਪੁੱਛਿਆ ਕਿ ਕੋਈ ਅਜਿਹਾ ਸੰਤ ਮਹਾਤਮਾ ਦੱਸੋ ਜੋ ਪੂਰਨ ਹੋਵੇ ਤਾਂ ਕਿ ਮੈਂ ਉਸਨੂੰ ਆਪਣਾ ਗੁਰੂ ਧਾਰਨ ਕਰ ਸਕਾਂ। ਕਿਸੇ ਨੇ ਦੱਸਿਆ ਕਿ ਬਨਾਰਸ ਵਿੱਚ ਭਗਤ ਰਵੀਦਾਸ ਜੀ ਹਨ ਜਿਹੜੇ ਕਿ ਪੂਰਨ ਸਾਧੂ ਸੰਤ ਸੁਣੀਂਦੇ ਹਨ ਦੂਰ ਦੂਰ ਤੋਂ ਲੋਕ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਂਦੇ ਹਨ ਤੇ ਲੋਕ ਪਰਲੋਕ ਦੇ ਸੁਖ ਹਾਸਲ ਕਰਦੇ ਹਨ। ਭਗਤ ਜੀ ਦੀ ਕਾਫ਼ੀ ਮਹਿਮਾ ਸੁਣਕੇ ਰਾਜੇ ਦੇ ਮਨ ਵਿੱਚ ਵੀ ਚਾਅ ਪੈਦਾ ਹੋਇਆ ਤੇ ਰਾਜੇ ਨੇ ਭਗਤ ਰਵਿਦਾਸ ਜੀ ਨੂੰ ਆਪਣਾ ਗੁਰੂ ਧਾਰਨ ਕਰਨ ਦਾ ਮਨ ਬਣਾ ਲਿਆ। ਰਾਜੇ ਦੇ ਮੰਤਰੀਆਂ ਨੇ ਦੱਸਿਆ ਕਿ ਰਾਜਾ ਜੀ ਇਕ ਗੱਲ ਦਾ ਧਿਆਨ ਰੱਖਿਆ ਜੇ ਰਵਿਦਾਸ ਹੈ ਤਾਂ ਪੂਰਨ ਸੰਤ ਪਰ ਹੈ ਨੀਵੀਂ ਜਾਤ ਦਾ ਤੇ ਤੁਸੀਂ ਹੋ ਰਾਜੇ।

ਰਾਜੇ ਨੇ ਗੱਲ ਸੁਣੀ ਤੇ ਕਿਹਾ ਕਿ ਜਿਸ ਦੇ ਹਿਰਦੇ ਚ ਪ੍ਰਭੂ ਵਸਿਆ ਹੋਵੇ ਉਹ ਭਾਵੇਂ ਕਿਸੇ ਵੀ ਜਾਤੀ ਨਾਲ ਸਬੰਧ ਰੱਖਣ ਵਾਲਾ ਕਿਉਂ ਨਾ ਹੋਵੇ। ਪ੍ਰਭੂ ਦੇ ਦਰ ਤੇ ਪਰਵਾਨ ਹੈ। ਅਜਿਹੇ ਮਹਾਂਪੁਰਸ਼ ਦੇ ਦਰਸ਼ਨ ਹੀ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ। ਗੁਰਬਾਣੀ ਦਾ ਫੁਰਮਾਣ ਹੈ

ਜਿਸ ਨੀਚ ਕੋ ਕੋਈ ਨਾ ਜਾਨਤ ਹੁਣ ਸਗਲ ਭਵਨ ਪ੍ਰਗਟਈ॥

ਭਾਵ ਜਿਸ ਨੂੰ ਸਾਰੇ ਨੀਚ ਨੀਚ ਕਹਿੰਦੇ ਸਨ ਤੇ ਕੋਈ ਵੀ ਉਸਨੂੰ ਜਾਣਦਾ ਨਹੀਂ ਸੀ ਪ੍ਰਭੂ ਦਾ ਨਾਮ ਲੈਣ ਕਰਕੇ ਸਾਰੇ ਭਵਨਾਂ ਚ ਪ੍ਰਗਟ ਹੋ ਗਿਆ।

ਰਾਜਾ ਅਥਾਹ ਸ਼ਰਧਾ ਤੇ ਮਨ ਵਿੱਚ ਪਿਆਰ ਲੈ ਕੇ ਭਗਤ ਰਵਿਦਾਸ ਜੀ ਦੇ ਦਰਸ਼ਨਾਂ ਨੂੰ ਪਹੁੰਚਿਆ ਜਾਕੇ ਨਮਸਕਾਰ ਕੀਤੀ ਅਤੇ ਨਿਵ ਕੇ ਬੇਨਤੀ ਕੀਤੀ ਕਿ ਮੈਨੂੰ ਗਰੀਬ ਨੂੰ ਰੱਖ ਲਵੋ ਇਸ ਸੰਸਾਰ ਭਵਜਲ ਤੋਂ ਤਾਰ ਲਵੋ ਮੈਨੂੰ ਆਪਣਾ ਸ਼ਿਸ਼ ਬਣਾ ਲਵੋ। ਇਸ ਅਗਨ ਸਾਗਰ ਚੋਂ ਬਾਂਹ ਪਕੜ ਬਾਹਰ ਕੱਡ ਦੇਵੋ। ਭਗਤ ਰਵਿਦਾਸ ਜੀ ਨੇ ਰਾਜਨ ਦੇ ਮਨ ਦੀ ਸ਼ਰਧਾ ਦੇਖੀ ਪਿਆਰ ਦੇਖਿਆ ਕਿ ਰਾਜਾ ਬਿਨਾਂ ਸਿਪਾਹੀਆਂ ਤੇ ਬਿਨਾਂ ਲਾਮ ਲਸ਼ਕਰ ਦੇ ਤੁਰਕੇ ਮੇਰੇ ਪਾਸ ਦਰਸ਼ਨਾਂ ਨੂੰ ਆਇਆ ਹੈ। ਕਿਸੇ ਸੰਸਾਰੀ ਅੱਗੇ ਤਾਂ ਨੀਂਵਾਂ ਝੁਕਕੇ ਕੋਈ ਕਿਸੇ ਨੂੰ ਛੱਲ ਸਕਦਾ ਹੈ। ਪਰ ਤਿੰਨਾਂ ਲੋਕਾਂ ਦੀ ਜਾਨਣਹਾਰੇ ਨੂੰ ਭਲਾ ਕੋਈ ਕਿਵੇਂ ਛੱਲ ਸਕਦਾ ਸੀ। ਭਗਤ ਰਵਿਦਾਸ ਜੀ ਨੇ ਰਾਜੇ ਦੇ ਮਨ ਦੀ ਸੱਚੀ ਸ਼ਰਧਾ ਤੇ ਪ੍ਰੇਮ ਨੂੰ ਭਾਂਸ ਲਿਆ ਤੇ ਮਨ ਵਿੱਚ ਖਿਆਲ ਕੀਤਾ ਕਿ ਇਹ ਰਾਜਾ ਕਿਧਰ ਜਪ ਤਪ ਦੇ ਚੱਕਰਾਂ ਚ ਪਵੇਗਾ ਇਸਨੂੰ ਸਿੱਧਾ ਹੀ ਮੁਕਤ ਕਰ ਦਿੰਦੇ ਹਾਂ।

ਭਗਤ ਰਵਿਦਾਸ ਜੀ ਨੇ ਰਾਜੇ ਨੂੰ ਸਿੱਧਾ ਹੀ ਪਾਰ ਉਤਾਰਨ ਦੀ ਮਨ ਵਿੱਚ ਬਿੱਧ ਬਣਾਈ ਤੇ ਰਾਜੇ ਨੂੰ ਆਪਣਾ ਭਾਂਡਾ ਜਿਸ ਵਿੱਚ ਉਹ ਚਮੜੇ ਨੂੰ ਭਿਉਂ ਕੇ ਰੱਖਦੇ ਸਨ ਦਾ ਪਾਣੀ ਪੀਣ ਨੂੰ ਦਿੱਤਾ।

ਜਦ ਭਗਤ ਰਵਿਦਾਸ ਜੀ ਨੇ ਕਿਹਾ ਰਾਜਨ ਅਸੀਂ ਤੈਨੂੰ ਆਪਣਾ ਚੇਲਾ ਸਵਿਕਾਰ ਕਰਦੇ ਹਾਂ ਲਓ ਇਹ ਜਲ ਚਰਨ ਅੰਮ੍ਰਿਤ ਦੇ ਤੌਰ ਤੇ ਛੱਕ ਲਵੋ।

ਰਾਜੇ ਨੇ ਜਦ ਉਹ ਬਰਤਨ ਦੇਖਿਆ ਤੇ ਪਾਣੀ ਦੇਖਿਆ ਜਿਹੜਾ ਕਿ ਚਮੜੇ ਕਰਕੇ ਮੁਸ਼ਕ ਮਾਰ ਰਿਹਾ ਸੀ ਤੇ ਮੈਲਾ ਵੀ ਬਹੁਤ ਸੀ। ਰਾਜੇ ਦਾ ਮਨ ਥਿੜ੍ਹਕ ਗਿਆ ਮਨ ਵਿੱਚ ਸ਼ੰਕਾ ਆ ਗਿਆ ਕਿ ਇਹ ਗੰਦਾ ਪਾਣੀ ਐਨਾ ਗੰਦਾ ਪਾਣੀ ਮੈਂ ਪੀਵਾਂ ਹੁਣ ਇਹ ਪੀਣਾਂ ਪਵੇਗਾ। ਪਹਿਲਾਂ ਆਪ ਹੀ ਅਰਦਾਸਾਂ ਕੀਤੀਆਂ ਸੀ ਕਿ ਮੈਨੂੰ ਚੇਲਾ ਬਣਾ ਲਵੋ ਤੇ ਹੁਣ ਨਾਂਹ ਵੀ ਨਹੀਂ ਕਰ ਸਕਦਾ ਕਿ ਮੈਂ ਇਹ ਗੰਦਾ ਪਾਣੀ ਨਹੀਂ ਪੀਣਾ।ਰਾਜੇ ਦੇ ਮਨ ਵਿੱਚ ਵਿਚਾਰਾਂ ਦਾ ਘਮਸਾਨ ਚਲ ਰਿਹਾ ਸੀ।

ਗੁਰੂ ਦਿੰਦਾ ਤਾਂ ਜ਼ਰੂਰ ਹੈ ਪਰ ਜਦ ਉਸਨੇ ਕੁਝ ਜ਼ਿਆਦਾ ਦੇਣਾ ਹੋਵੇ ਤਾਂ ਪਰੀਖਿਆ ਵੀ ਬੜੀ ਕਰੜੀ ਲੈਂਦਾ ਹੈ। ਜਿਸ ਨੂੰ ਭਗਤ ਕਬੀਰ ਜੀ ਕਹਿੰਦਾ ਹਨ।

ਕਬੀਰ ਕਸਉਟੀ ਰਾਮ ਕੀ ਝੂਠਾ ਟਿਕੇ ਨਾ ਕੋਇ॥

ਇਸ ਕਸਉਟੀ ਵਿੱਚੋਂ ਪਰੀਖਿਆ ਵਿੱਚੋਂ ਸੱਚੇ ਹੀ ਪਾਸ ਹੋ ਸਕਦੇ ਹਨ। ਝੂਠੇ ਇਸ ਕਸਉਟੀ ਵਿਚੋਂ ਪਾਸ ਨਹੀਂ ਹੋ ਸਕਦੇ।

ਰਵੀਦਾਸ ਜੀ ਨੇ ਦੇਣਾ ਤਾਂ ਬਹੁਤ ਕੁਝ ਸੀ ਪਰ ਨਾਲ ਪਰੀਖਿਆ ਵੀ ਤਾਂ ਲੈਣੀ ਹੀ ਸੀ। ਪਰ ਰਾਜਾ ਇਸ ਪਰੀਖਿਆ ਵਿਚੋਂ ਥਿੜ੍ਹਕ ਗਿਆ।

ਰਾਜੇ ਨੇ ਮਨ ਵਿੱਚ ਚਲਾਕੀ ਕੀਤੀ ਕਿ ਹੱਥ ਤਾਂ ਪਾਣੀ ਪੀਣ ਲਈ ਅੱਗੇ ਕਰ ਦਿੱਤੇ ਪਰ ਜਦ ਹੀ ਭਗਤ ਜੀ ਨੇ ਉਹ ਅੰਮ੍ਰਿਤ ਰੁਪੀ ਜਲ ਰਾਜੇ ਦੇ ਹੱਥਾਂ ਵਿੱਚ ਪਾਇਆ ਤਾਂ ਰਾਜੇ ਨੇ ਹੱਥ ਢਿੱਲੇ ਕਰ ਲਏ ਜਿਸ ਨਾਲ ਉਹ ਸਾਰਾ ਜਲ ਰਾਜੇ ਦੀਆਂ ਬਾਹਾਂ ਵਿੱਚ ਦੀ ਹੁੰਦਾ ਹੋਇਆ ਕੁਝ ਉਸਦੇ ਕੁੜਤੇ ਨੂੰ ਲੱਗ ਗਿਆ ਤੇ ਕੁਝ ਡੁੱਲ ਗਿਆ। ਇਹ ਗੱਲ ਸੁਣਕੇ ਸਾਨੂੰ ਰਾਜਾ ਅਤਿ ਦਰਜੇ ਦਾ ਮੂਰਖ ਭਾਸੇਗਾ ਕਿ ਰਾਜੇ ਨੇ ਇਹ ਕੀ ਕੀਤਾ ਪਰ ਕਰ ਅਸੀਂ ਵੀ ਇਹੀ ਰਹੇ ਹਾਂ ਆਪਣੀ ਰੋਜ਼ਮਰਾ ਜ਼ਿੰਦਗੀ ਵਿੱਚ ਉਹ ਪ੍ਰਭੂ ਤਾਂ ਸਾਨੂੰ ਅੰਮ੍ਰਿਤ ਦੇਕੇ ਤਾਰਨਾ ਚਾਹੁੰਦਾ ਹੈ ਪਰ ਅਸੀਂ ਹੱਥ ਢਿੱਲੇ ਕਰਕੇ ਉਸਨੂੰ ਧਰਤੀ ਤੇ ਸੁੱਟ ਦਿੰਦੇ ਹਾਂ ਜਿਸ ਕਰਕੇ ਸਾਡੀ ਕਲਿਆਣ ਨਹੀਂ ਹੁੰਦੀ।

ਇਸ ਨੂੰ ਗੁਰਬਾਣੀ ਵਿੱਚ ਵੀ ਇਉਂ ਬਿਆਨ ਕੀਤਾ ਹੈ।

ਕਰ ਮਹਿ ਅੰਮ੍ਰਿਤ ਆਨ ਨਿਸਾਰਿਓ ਖਿਸਰ ਗਇਓ ਭੂਮ ਪਰ ਡਾਰਿਓ॥

ਭਾਵ ਕਿ ਹੱਥਾਂ ਵਿੱਚ ਅੰਮ੍ਰਿਤ ਦਿੱਤਾ ਮਨੁੱਖ ਨੇ ਹੱਥ ਢਿੱਲੇ ਕਰ ਲਏ ਤੇ ਉਹ ਸਾਰਾ ਭੂਮੀ ਤੇ ਡਿੱਗ ਗਿਆ ਤੇ ਖਰਾਬ ਹੋ ਗਿਆ।

ਇਸੇ ਤਰ੍ਹਾਂ ਰਾਜੇ ਨੇ ਕੀਤਾ ਹੱਥ ਢਿੱਲੇ ਕਰਕੇ ਸਾਰਾ ਅੰਮ੍ਰਿਤ ਆਪਣੇ ਕੁੜਤੇ ਤੇ ਵਗਾ ਲਿਆ। ਭਗਤ ਰਵਿਦਾਸ ਜੀ ਸਾਰਾ ਕੁਝ ਦੇਖ ਰਹੇ ਸਨ ਮਨ ਵਿੱਚ ਜਾਣਦੇ ਸਨ ਪਰ ਮੁਸਕਰਾ ਰਹੇ ਸਨ ਰਾਜੇ ਦੀ ਚਲਾਕੀ ਦੇਖਕੇ। ਐਥੇ ਜਗਿਆਸੂਆਂ ਲਈ ਇਕ ਵਿਚਾਰਨ ਵਾਲੀ ਗੱਲ ਹੈ ਕਿ ਰਾਜੇ ਵਿੱਚ ਐਨੀ ਸ਼ਰਧਾ ਤੇ ਪਰੇਮ ਸੀ ਜਿਸਨੇ ਭਗਤ ਰਵਿਦਾਸ ਜੀ ਨੂੰ ਪਹਿਲੀ ਵਾਰ ਚ ਹੀ ਪ੍ਰਸੰਨ ਕਰ ਲਿਆ। ਪ੍ਰਸੰਨ ਵੀ ਅਜਿਹਾ ਕੀਤਾ ਕਿ ਭਗਤ ਜੀ ਰਾਜੇ ਨੂੰ ਤਾਰਨ ਲਈ ਵੀ ਤਿਆਰ ਹੋ ਗਏ ਬਿਨਾਂ ਕਿਸੇ ਘਾਲ ਕਰਵਾਇਆਂ ਸਿੱਧਾ ਮੁਕਤੀ ਦਾ ਮਾਰਗ ਦੇਣ ਲਈ ਤਿਆਰ ਹੋ ਗਏ। ਪਰ ਰਾਜੇ ਦੇ ਮਨ ਵਿੱਚ ਇਕ ਸ਼ੰਕਾ ਆਇਆ ਜਿਸ ਨੇ ਸਾਰਾ ਕੁਝ ਤਬਾਹ ਕਰਕੇ ਰੱਖ ਦਿੱਤਾ। ਇਕ ਛੋਟਾ ਜਿਹਾ ਸੰਸਾ ਕਿ ਇਹ ਗੰਦਾ ਪਾਣੀ ਇਹ ਗੰਦਾ ਪਾਣੀ ਬਸ। ਰਹਿ ਗਿਆ ਸਾਰੀ ਕਿਰਪਾ ਤੋਂ ਵਾਂਝਾ।

ਰਾਜਾ ਆਪਣੇ ਮਹਿਲਾਂ ਵਿੱਚ ਆਇਆ ਉਹ ਪੁਸ਼ਾਕ ਉਤਾਰੀ ਜਿਸ ਤੇ ਅੰਮ੍ਰਿਤ ਡੁੱਲ੍ਹਾ ਸੀ ਚਮੜੇ ਦੇ ਦਾਗ ਲੱਗ ਗਏ ਸਨ। ਪੁਸ਼ਾਕ ਉਤਾਰੀ ਤੇ ਧੋਬੀ ਨੂੰ ਧੋਣ ਲਈ ਦੇ ਦਿੱਤੀ। ਧੋਬੀ ਦੀ ਇਕ ਛੋਟੀ ਬੱਚੀ ਸੀ ਜਿਸਨੇ ਉਹ ਪੁਸ਼ਾਕ ਜਿਸ ਤੇ ਚਮੜੇ ਦਾਗ ਲੱਗੇ ਸਨ। ਉਸਨੂੰ ਮੂੰਹ ਵਿੱਚ ਪਾਕੇ ਚੂਸਣਾ ਸ਼ੁਰੂ ਕਰ ਦਿੱਤਾ। ਜਿਉਂ ਜਿਉਂ ਚੂਸਦੀ ਗਈ ਉਹ ਅੰਮ੍ਰਿਤ ਜਿਹੜਾ ਭਗਤ ਰਵਿਦਾਸ ਜੀ ਨੇ ਰਾਜੇ ਨੂੰ ਦਿੱਤਾ ਸੀ ਉਸ ਲੜਕੀ ਦੇ ਅੰਦਰ ਪਹੁੰਚ ਗਿਆ ਤੇ ਉਸਦੇ ਬਜਰ ਕਪਾਟ ਖੁੱਲ ਗਏ। ਤਿੰਨਾਂ ਲੋਕਾਂ ਦੀ ਸੋਝੀ ਆ ਗਈ ਬ੍ਰਹਮ ਗਿਆਨ ਹੋ ਗਿਆ। ਲੱਗੀ ਰਾਮ ਰਾਮ ਜਪਣ ਜਿਹੜੀ ਗੱਲ ਕਹੇ ਉਹ ਸੱਚੀ ਹੋ ਜਾਇਆ ਕਰੇ ਸ਼ਹਿਰ ਵਿੱਚ ਰੌਲਾ ਪੈ ਗਿਆ ਕਿ ਛੋਟੀ ਬੱਚੀ ਚ ਪਰਮਾਤਮਾ ਵਸ ਗਿਆ ਹੈ। ਜੋ ਕੋਈ ਦੁਖੀਆ ਆਉਂਦਾ ਹੈ ਸਹੀ ਹੋ ਜਾਂਦਾ ਹੈ। ਬੱਚੀ ਦੀ ਵਡਿਆਈ ਰਾਜੇ ਕੋਲ ਪਹੁੰਚੀ ਤਾਂ ਰਾਜਾ ਵੀ ਦਰਸ਼ਨਾਂ ਨੂੰ ਆ ਗਿਆ। ਜਦ ਬੱਚੀ ਨੇ ਰਾਜੇ ਨੂੰ ਦੇਖਿਆ ਤਾਂ ਬੜਾ ਅਦਬ ਦਿੱਤਾ ਤੇ ਕਿਹਾ ਕਿ ਮੇਰੇ ਮੁਰਸ਼ਦ ਆ ਗਏ ਰਾਜਾ ਬਹੁਤ ਹੈਰਾਨ ਹੋਇਆ ਕਿ ਮੈਂ ਇਸਦਾ ਮੁਰਸ਼ਦ ਕਿਵੇਂ ਹੋਇਆ ਤਾਂ ਉਸ ਬੱਚੀ ਨੇ ਸਾਰੀ ਗੱਲ ਦੱਸੀ। ਰਾਜਾ ਮੱਥੇ ਤੇ ਹੱਥ ਮਾਰਕੇ ਬਹੁਤ ਪਛਤਾਇਆ ਤੇ ਭੱਜਾ ਭਗਤ ਰਵਿਦਾਸ ਜੀ ਕੋਲ ਜਾ ਚਰਨਾਂ ਤੇ ਡਿੱਗਾ ਤੇ ਬੋਲਿਆ ਹੁਣ ਬਖਸ਼ੋ ਪ੍ਰਭੂ ਭਗਤ ਜੀ ਨੇ ਫੁਰਮਾਇਆ ਹੁਣ ਵੇਲਾ ਲੰਘ ਗਿਆ ਹੈ ਰਾਜਨ ਹੁਣ ਘਾਲਣਾ ਘਾਲੋ ਤੇ ਘਾਲ ਦੇ ਰਸਤੇ ਦੁਆਰਾ ਹੀ ਪ੍ਰਭੂ ਪ੍ਰਾਪਤੀ ਹੋ ਸਕਦੀ ਹੈ।

# ਭੁੱਲਣ ਵਿੱਚ ਹੀ ਭਲਾਈ

ਸਮਾਜ ਵਿੱਚ ਰਹਿੰਦਿਆਂ ਇਨਸਾਨ ਦਾ ਪਰਿਵਾਰਕ ਮੈਂਬਰਾਂ ਦੇ ਨਾਲ ਨਾਲ ਬਹੁਤ ਸਾਰੇ ਹੋਰ ਲੋਕਾਂ ਨਾਲ ਵੀ ਵਾਹ ਪੈਂਦਾ ਹੈ। ਰੋਜ਼ਮਰ੍ਹਾ ਦੇ ਕੰਮਾਂ ਕਾਰਾਂ 'ਚ ਵਿਚਰਦਿਆਂ ਇਨਸਾਨ ਨੂੰ ਵੱਖੋ ਵੱਖਰੇ ਸੁਭਾਅ ਵਾਲੇ ਇਨਸਾਨ ਮਿਲਦੇ ਹਨ। ਕਈ ਮਿਲਣ ਵਾਲੇ ਦੀ ਬਹੁਤ ਤਾਰੀਫ਼ ਕਰਦੇ ਹਨ। ਕਈ ਤੁਹਾਡੇ ਸੱਚੇ ਪ੍ਰਸ਼ੰਸਕ ਵੀ ਹੁੰਦੇ ਹਨ, ਪਰ ਬਹੁਗਿਣਤੀ ਲੋਕਾਂ ਦਾ ਵਿਹਾਰ ਸਾਹਮਣੇ ਕੁਝ ਹੋਰ ਹੁੰਦਾ ਹੈ ਅਤੇ ਪਿੱਠ ਪਿੱਛੇ ਕੁਝ ਹੋਰ ਹੁੰਦਾ ਹੈ। ਬਹੁਤ ਸਾਰੇ ਵਿਅਕਤੀ ਤੁਹਾਡੇ ਪਰ੍ਹੇ ਹੋਣ ਸਾਰ ਤੁਹਾਡੀ ਬੁਰਾਈ ਸ਼ੁਰੂ ਕਰ ਦਿੰਦੇ ਹਨ। ਸੂਝਵਾਨ ਲੋਕ ਅਜਿਹੇ ਵਿਅਕਤੀਆਂ ਦੀ ਅਸਲੀਅਤ ਸਾਹਮਣੇ ਆਉਣ 'ਤੇ ਵੀ ਕੋਈ ਪ੍ਰਤੀਕਿਰਿਆ ਜ਼ਾਹਰ ਨਹੀਂ ਕਰਦੇ। ਉਹ ਇਸ ਤਰ੍ਹਾਂ ਵਿਹਾਰ ਕਰਦੇ ਹਨ, ਜਿਵੇਂ ਉਨ੍ਹਾਂ ਨੂੰ ਕੁਝ ਪਤਾ ਹੀ ਨਾ ਹੋਵੇ। ਕਈ ਵਿਅਕਤੀਆਂ ਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਦੇ ਦੋਗਲੇ ਵਿਹਾਰ ਵਾਲੇ ਲੋਕਾਂ ਨੂੰ ਸ਼ੀਸ਼ਾ ਵਿਖਾਉਣਾ ਜ਼ਰੂਰੀ ਹੈ। ਫਿਰ ਉਹ ਸ਼ੀਸ਼ਾ ਵਿਖਾਉਣ ਲਈ ਤਰੀਕੇ ਤਲਾਸ਼ਣ ਵਿੱਚ ਬਹੁਤ ਸਾਰਾ ਸਮਾਂ ਬਰਬਾਦ ਕਰ ਦਿੰਦੇ ਹਨ।



ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਜੋ ਇਨਸਾਨ ਨੂੰ ਧੁਰ ਅੰਦਰ ਤੱਕ ਵਲੂੰਧਰ ਕੇ ਰੱਖ ਦਿੰਦੀਆਂ ਹਨ। ਕਈ ਵਿਅਕਤੀ ਜ਼ੁਬਾਨ ਦੇ ਅਜਿਹੇ ਗਹਿਰੇ ਜ਼ਖ਼ਮ ਦਿੰਦੇ ਹਨ ਕਿ ਤੁਹਾਡੀ ਰੂਹ ਕੰਬ ਜਾਂਦੀ ਹੈ। ਜਿਵੇਂ ਕਿਸੇ ਨੇ ਕਿਹਾ ਹੈ ਕਿ ਤਲਵਾਰ ਦੇ ਜ਼ਖ਼ਮ ਤਾਂ ਭਰ ਜਾਂਦੇ ਹਨ, ਪਰ ਜ਼ੁਬਾਨ ਦੇ ਜ਼ਖ਼ਮ ਨਹੀਂ ਭਰਦੇ। ਕੌੜੇ ਜਾਂ ਚੁੱਭਵੇਂ ਬੋਲ ਇਨਸਾਨ ਨੂੰ ਰਹਿ ਰਹਿ ਕੇ ਪਰੇਸ਼ਾਨ ਕਰਦੇ ਹਨ। ਮੰਦੇ ਬੋਲਾਂ ਨਾਲ ਆਪਣੇ ਤੋਂ ਨੀਵੇਂ ਵਿਅਕਤੀ 'ਤੇ ਗੁੱਸਾ ਕੱਢਣਾ ਸਾਡੇ ਸਮਾਜ ਵਿੱਚ ਆਮ ਹੀ ਹੈ। ਫਿਰ ਉਹ ਕਹਿਣਗੇ ਮੇਰਾ ਬਲੱਡ ਪ੍ਰੈੱਸ਼ਰ ਵਧ ਗਿਆ ਸੀ ਜਾਂ ਮੈਨੂੰ ਗੁੱਸਾ ਆ ਗਿਆ ਸੀ, ਪਰ ਵਿਦਵਾਨਾਂ ਦਾ ਕਹਿਣਾ ਹੈ ਕਿ ਗੁੱਸਾ ਨਾਮ ਦੀ ਕੋਈ ਸ਼ੈਅ ਨਹੀਂ ਹੁੰਦੀ। ਇਹ ਹਮੇਸ਼ਾਂ ਆਪਣੇ ਤੋਂ ਕਮਜ਼ੋਰ 'ਤੇ ਹੀ ਕਿਉਂ ਆਉਂਦਾ ਹੈ? ਆਪਣੇ ਤੋਂ ਤਕੜੇ ਸਾਹਮਣੇ ਗੁੱਸਾ ਕਿੱਧਰ ਛੂੰ ਮੰਤਰ ਹੋ ਜਾਂਦਾ ਹੈ?

ਰੂਹ ਨੂੰ ਤਕਲੀਫ਼ ਦੇਣ ਵਾਲੀਆਂ ਘਟਨਾਵਾਂ ਜਾਂ ਬੋਲ ਇਨਸਾਨ 'ਚ ਬਦਲੇ ਦੀ ਭਾਵਨਾ ਪੈਦਾ ਕਰ ਦਿੰਦੇ ਹਨ। ਪੀੜਤ ਵਿਅਕਤੀ ਸੋਚਦਾ ਰਹਿੰਦਾ ਹੈ ਕਿ ਜਿਵੇਂ ਉਸ ਨੇ ਮੈਨੂੰ ਮੰਦੇ ਬੋਲ ਬੋਲੇ, ਉਵੇਂ ਹੀ ਮੈਂ ਬੋਲਾਂਗਾ ਜਾਂ ਫਿਰ ਵਿਅਕਤੀ ਕਿਸੇ ਵੱਲੋਂ ਕੀਤੀ ਵਧੀਕੀ ਦਾ ਜਵਾਬ ਵਧੀਕੀ ਦੇ ਰੂਪ ਵਿੱਚ ਹੀ ਦੇਣ ਬਾਰੇ ਸੋਚਦਾ ਰਹਿੰਦਾ ਹੈ। ਇਹ ਬਦਲਾ ਲੈਣ ਦੀ ਭਾਵਨਾ ਵਿਅਕਤੀ ਦੇ ਦਿਲੋ ਦਿਮਾਗ਼ 'ਤੇ ਭਾਰੂ ਰਹਿੰਦੀ ਹੈ। ਕਈ ਇਨਸਾਨ ਆਪਣੇ ਨਾਲ ਬੀਤੀ ਦਾ ਬਦਲਾ ਲੈਣ ਲਈ ਬਹੁਤ ਘਾਤਕ ਹੱਦ ਤੱਕ ਚਲੇ ਜਾਂਦੇ ਹਨ। ਬਦਲੇ ਦੀ ਅੱਗ ਇਨਸਾਨ ਨੂੰ ਕੁੱਟਮਾਰ ਕਰਨ ਤੋਂ ਅੱਗੇ ਕਤਲ ਤੱਕ ਵੀ ਲੈ ਜਾਂਦੀ ਹੈ। ਨੌਕਰਾਂ ਵੱਲੋਂ ਮਾਲਕਾਂ ਦੀ ਕੀਤੀ ਹੱਤਿਆ ਦੇ ਤਮਾਮ ਕਾਰਨਾਂ ਵਿੱਚੋਂ ਇੱਕ ਕਾਰਨ ਮੰਦੇ ਬੋਲਾਂ ਦਾ ਬਦਲਾ ਲੈਣਾ ਵੀ ਹੁੰਦਾ ਹੈ।

ਬਦਲੇ ਦੀ ਅੱਗ ਵਿੱਚ ਸੜਦਾ ਵਿਅਕਤੀ ਕਿਸੇ ਦਾ ਨੁਕਸਾਨ ਕਰਨ ਤੋਂ ਪਹਿਲਾਂ ਆਪਣਾ ਨੁਕਸਾਨ ਕਰ ਬੈਠਦਾ ਹੈ। ਅਜਿਹੀ ਭਾਵਨਾ ਇਨਸਾਨ ਦਾ ਦਿਮਾਗ਼ੀ ਤਵਾਜ਼ਨ ਵਿਗਾੜੀ ਰੱਖਦੀ ਹੈ। ਇਨਸਾਨ ਦੀ ਊਰਜਾ ਉਸਾਰੂ ਪਾਸੇ ਲੱਗਣ ਦੀ ਬਜਾਏ ਬਦਲੇ ਦੀਆਂ ਸਕੀਮਾਂ ਘੜਨ ਵਿੱਚ ਲੱਗੀ ਰਹਿੰਦੀ ਹੈ। ਸ਼ਾਇਦ ਬਹੁਤ ਸਾਰੇ ਅਪਰਾਧ ਵੀ ਇਸ ਤਰ੍ਹਾਂ ਦੇ ਹਾਲਾਤ ਵਿੱਚੋਂ ਉਪਜਦੇ ਹਨ।

ਹਰ ਇਨਸਾਨ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਵਧੀਕੀ ਜਾਂ ਚੁੱਭਵੇਂ ਬੋਲਾਂ ਦਾ ਸਾਹਮਣਾ ਸਿਰਫ਼ ਤੁਹਾਨੂੰ ਹੀ ਨਹੀਂ ਕਰਨਾ ਪੈ ਰਿਹਾ। ਇਸ ਤਰ੍ਹਾਂ ਦੇ ਅਣਸੁਖਾਵੇਂ ਪਲ ਹਰ ਇਨਸਾਨ ਦੀ ਜ਼ਿੰਦਗੀ ਦਾ ਹਿੱਸਾ ਬਣਦੇ ਹਨ। ਮੰਦੇ ਜਾਂ ਚੁੱਭਵੇਂ ਬੋਲਾਂ ਨਾਲ ਸਾਹਮਣੇ ਵਾਲੇ ਨੂੰ ਪਰੇਸ਼ਾਨ ਕਰਨਾ ਸਾਡੇ ਸਮਾਜ ਵਿੱਚ ਆਮ ਹੁੰਦਾ ਜਾ ਰਿਹਾ ਹੈ। ਅਜਿਹੇ ਪਲਾਂ ਨੂੰ ਭੁਲਾ ਦੇਣ ਵਾਲੇ ਇਨਸਾਨ ਆਪਣੀ ਊਰਜਾ ਨੂੰ ਉਸਾਰੂ ਪਾਸੇ ਲਗਾ ਕੇ ਜ਼ਿੰਦਗੀ 'ਚ ਬਿਹਤਰੀਨ ਪ੍ਰਾਪਤੀਆਂ ਕਰ ਜਾਂਦੇ ਹਨ। ਜਦੋਂਕਿ ਅਜਿਹੇ ਪਲਾਂ ਨੂੰ ਦਿਲ 'ਤੇ ਲਾ ਕੇ ਬਦਲਾ ਲੈਣ ਦੇ ਰਸਤੇ ਤੁਰੇ ਇਨਸਾਨ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਅੰਦਰ ਪਲਦਾ ਗੁੱਸਾ ਚੁੱਪ ਚਪੀਤੇ ਉਨ੍ਹਾਂ ਦਾ ਹੀ ਨੁਕਸਾਨ ਕਰਦਾ ਰਹਿੰਦਾ ਹੈ। ਬਦਲੇ ਦੀ ਅੱਗ ਵਿੱਚ ਸੜਦਾ ਇਨਸਾਨ ਸਮਾਜ ਲਈ ਵੀ ਚੁਣੌਤੀ ਬਣ ਜਾਂਦਾ ਹੈ। ਉਸ ਦੀਆਂ ਗਤੀਵਿਧੀਆਂ ਦੂਜਿਆਂ ਲਈ ਵੀ ਹਾਨੀਕਾਰਕ ਹੋ ਨਿੱਬੜਦੀਆਂ ਹਨ।

ਆਪਣੀ ਮੰਜ਼ਿਲ 'ਤੇ ਪਹੁੰਚਣ ਦੇ ਇੱਛੁੱਕ ਇਨਸਾਨ ਦੁਖਾਂਤਕ ਪਲਾਂ ਦਾ ਬੋਝ ਨਾਲ ਲੈ ਕੇ ਨਹੀਂ ਤੁਰਦੇ। ਉਹ ਸੁਖਾਂਤਕ ਪਲਾਂ ਨੂੰ ਅਪਣਾਈ ਜਾਂਦੇ ਹਨ ਅਤੇ ਦੁਖਦ ਪਲਾਂ ਨੂੰ ਭੁਲਾਈ ਜਾਂਦੇ ਹਨ। ਸੰਵੇਦਨਸ਼ੀਲ ਇਨਸਾਨ ਬਦਲੇ ਦੀ ਭਾਵਨਾ ਜਲਦੀ ਪਾਲਦੇ ਹਨ। ਉਨ੍ਹਾਂ ਲਈ ਉਨ੍ਹਾਂ ਦੀ ਸੰਵੇਦਨਸ਼ੀਲਤਾ ਹੀ ਸਰਾਪ ਹੋ ਨਿੱਬੜਦੀ ਹੈ। ਉਹ ਹਰ ਛੋਟੀ ਤੋਂ ਛੋਟੀ ਗੱਲ ਨੂੰ ਮਹਿਸੂਸ ਕਰਦੇ ਹਨ, ਪਰ ਇਸ ਪਾਸੇ ਰਾਜਸੀ ਆਗੂਆਂ ਦਾ ਹਾਜ਼ਮਾ ਬੜਾ ਬਾਕਮਾਲ ਹੁੰਦਾ ਹੈ। ਉਨ੍ਹਾਂ ਦੀ ਸਹਿਣਸ਼ੀਲਤਾ ਆਮ ਵਿਅਕਤੀਆਂ ਨੂੰ ਹੈਰਾਨ ਕਰ ਦਿੰਦੀ ਹੈ, ਪਰ ਸ਼ਾਇਦ ਇਹ ਹੀ ਉਨ੍ਹਾਂ ਦੀ ਸਫਲ ਜ਼ਿੰਦਗੀ ਦਾ ਮੰਤਰ ਹੁੰਦਾ ਹੈ। ਮੁੱਕਦੀ ਗੱਲ ਜ਼ਿੰਦਗੀ 'ਚ ਆਏ ਦੁਖਾਂਤਕ ਪਲਾਂ ਨੂੰ ਭੁਲਾਉਣ ਵਿੱਚ ਹੀ ਭਲਾਈ ਹੈ। ਇਹ ਵੀ ਹਕੀਕਤ ਹੈ ਕਿ ਅਜਿਹੇ ਪਲਾਂ ਨੂੰ ਭੁਲਾ ਦੇਣਾ ਓਨਾ ਸੌਖਾ ਨਹੀਂ ਜਿੰਨਾ ਕਹਿਣਾ ਸੌਖਾ ਹੈ, ਪਰ ਫਿਰ ਵੀ ਹਰ ਇਨਸਾਨ ਨੂੰ ਆਪਣਾ ਖੂਨ ਮਚਾਉਣ ਨਾਲੋਂ ਦੁੱਖ ਦੇਣ ਵਾਲੇ ਪਲਾਂ ਨੂੰ ਭੁਲਾ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

BINDER SINGH KHUDI KALAN
ਸੰਪਰਕ: 98786-05965

# ਸਾਡੇ ਸਮਿਆਂ ਦਾ ਚੰਗੇਜ ਖਾਨ !

ਕੋਈ ਸਮਾਂ ਸੀ ਜਦੋ ਮੰਗੋਲੀਆ ਜਿਹੇ ਉਜਾੜ ਦੇਸ਼ ਦੇ ਕਿਸੇ ਆਦਿਵਾਸੀ ਜੰਗਲੀ ਇਲਾਕੇ ਚੋਂ ਉਠਕੇ ਮਾੜਕੂ ਜਿਹਾ ਚੰਗੇਜ ਖ਼ਾਨ ਉਠਿਆ ਤੇ ਪਹਿਲਾਂ ਆਵਦੇ ਆਲੇ ਦੁਆਲਿਓਂ ਮਾਰ ਧਾੜ ਕਰਕੇ ਜਿਓਂ ਘੋੜੇ ਤੇ ਕਾਠੀ ਪਾ ਤੁਰਿਆ ਤਾਂ ਆਹੂ ਲਾਹੁੰਦਾ ਤੁਰਿਆ ਗਿਆ।

ਹਰ ਉਸ ਕਬੀਲੇ ਦੇ ਮੁਖੀ ਨੂੰ ਹਰ ਉਸ ਰਾਜ ਭਾਗ ਦੇ ਮੁਖੀ ਨੂੰ ਗਲਾਮਿਓਂ ਫੜ ਫੜ ਮਾਰ ਮੁਕਾਉਂਦਾ ਆਵਦਾ ਰਾਜ ਘੋਸ਼ਿਤ ਕਰਦਾ ਆਵਦੇ ਕਰਿੰਦੇ ਛੱਡਦਾ ਹੋਇਆ ਅੱਗੇ ਲੰਘ ਜਾਂਦਾ ਤੇ ਪਿੱਛੇ ਆਵਦੇ ਭਰੋਸੇਮੰਦ ਬੰਦੇ ਉਗਾਹੀ ਵਾਸਤੇ ਛੱਡ ਜਾਂਦਾ,ਇਤਿਹਾਸ ਗਵਾਹ ਹੈ ਚੰਗੇਜ ਖ਼ਾਨ ਇੱਕ ਤੂਫ਼ਾਨ ਦਾ ਨਾਂ ਸੀ ਜੋ ਬੋਹੁਤ ਭਿਆਨਕ ਸੀ,

ਚੰਗੇਜ਼ ਖ਼ਾਨ ਦੇ ਸਮੇਂ (ਲਗਭਗ 1206–1227)

ਮੰਗੋਲੀਆ (ਮੂਲ ਦੇਸ਼),ਚੀਨ ਦਾ ਉੱਤਰੀ ਹਿੱਸਾ,ਕਜ਼ਾਖਸਤਾਨ,ਕਿਰਗਿਜ਼ਸਤਾਨ, ਉਜ਼ਬੇਕਿਸਤਾਨ, ਤੁਰਕਮ ਨਿਸਤਾਨ,ਅਫ਼ਗਾਨਿਸਤਾਨ,ਇਰਾਨ,ਪਾਕਿਸਤਾਨ ਦਾ ਕੁਝ ਹਿੱਸਾ (ਸਿੰਧ ਤੇ ਆਲੇ ਦੁਆਲੇ),ਰੂਸ ਦਾ ਦੱਖਣੀ ਹਿੱਸਾ ਉਸਦੇ ਪੁੱਤਰਾਂ ਅਤੇ ਪੋਤਿਆਂ ਦੇ ਸਮੇਂ (ਮੰਗੋਲ ਸਾਮਰਾਜ ਦਾ ਫੈਲਾਅ) ਚੀਨ (ਪੂਰਾ) – ਕੁਬਲਾਈ ਖ਼ਾਨ ਦੇ ਸਮੇਂ, ਰੂਸ, ਯੂਕਰੇਨ, ਜਾਰਜੀਆ, ਅਰਮੀਨੀਆ, ਅਜ਼ਰਬਾਈਜਾਨ,ਤੁਰਕੀ (ਕੁਝ ਹਿੱਸੇ),ਇਰਾਕ,ਸੀਰੀਆ,ਦੱਖਣੀ ਕੋਰੀਆ,ਹੰਗਰੀ ਤੱਕ ਹਮਲੇ

ਮੰਗੋਲ ਸਾਮਰਾਜ ਇਤਿਹਾਸ ਦਾ ਜ਼ਮੀਨ ਦੇ ਖੇਤਰ ਅਨੁਸਾਰ ਸਭ ਤੋਂ ਵੱਡਾ ਲਗਾਤਾਰ ਸਾਮਰਾਜ ਸੀ,ਜੋ ਏਸ਼ੀਆ ਤੋਂ ਯੂਰਪ ਤੱਕ ਫੈਲਿਆ ਹੋਇਆ ਸੀ,

ਭਾਰਤ ਦੀ ਖੁਸ਼ਕਿਸਮਤ ਸੀ ਕੇ ਚੰਗੇਜ ਖਾਨ ਭਾਰਤ ਆਉਂਦਾ ਆਉਂਦਾ ਮੁੜ ਗਿਆ ਤੇ ਫੇਰ ਦੁਬਾਰਾ ਇਧਰ ਨ੍ਹੀ ਆ ਸਕਿਆ,

ਦੁਨੀਆ ਵਿੱਚ ਲੋਕਤੰਤਰ ਦੀ ਦੁਹਾਈ ਪਾਉਣ ਵਾਲਾ ਅਮਰੀਕਾ ਜਿਸਦਾ ਮਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਜੋ ਕਿ ਦੂਜੀ ਵਾਰੀ ਅਮਰੀਕਾ ਦਾ ਰਾਸ਼ਟਰਪਤੀ ਬਣਿਆ ਹੈ ਉਹ ਵੀ ਅੱਜ ਚੰਗੇਜ ਖ਼ਾਨ ਦੇ ਨਕਸ਼ੇ ਕਦਮ ਚੱਲ ਰਿਹਾ ਹੈ।

ਦੁਨੀਆ ਦੀਆਂ ਅੱਖਾਂ ਵਿੱਚ ਲੋਕਤੰਤਰ ਅਤੇ ਇਨਸਾਨੀਅਤ ਦੇ ਰਾਖੇ ਦਾ ਭਰਮ ਫੈਲਾਅ ਕੇ ਦਾਦਾਗਿਰੀ ਵਿਖਾ ਰਿਹਾ ਹੈ,ਵੈਨਜ਼ੁਇਲਾ ਦੇ ਰਾਸ਼ਟਰਪਤੀ ਨੂੰ ਉਸਦੇ ਬੈਡਰੂਮ ਚੋ ਚੱਕ ਕੇ ਲੈ ਜਾਣਾ ਗਰੀਨਲੈਂਡ ਤੇ ਕਬਜ਼ੇ ਦੀਆਂ ਧਮਕੀਆਂ ਕੈਨੇਡਾ ਨੂੰ ਅਮਰੀਕਾ ਦਾ 53ਵਾਂ ਰਾਜ ਗਰਦਾਨਣਾ,ਇਰਾਕ ਵਿੱਚ ਅੱਗ ਫੈਲਾਅ ਕੇ ਅਸਿੱਧੇ ਤੌਰ ਤੇ ਕਬਜ਼ਾ ਕਰਨ ਦੇ ਮਨਸੂਬੇ,ਦੱਖਣੀ ਸਮਰਿਕੀ ਦੇਸ਼ਾਂ ਨੂੰ ਧਮਕੀਆਂ ਦੇ ਕੇ ਦਹਿਸ਼ਤ ਫੈਲਾਅ ਕੇ ਲੋਕਤੰਤਰ ਦੀ ਸਾਹ ਰਗ ਨੱਪੀ ਖੜਿਆ,ਲਾਹਨਤ ਹੈ ਜੋ ਲੋਕਤੰਤਰ ਦਾ ਢੱਕਵੰਜ ਰਚ ਕੇ ਸਿੱਧਾ ਸਿੱਧਾ ਧੱਕਾ ਕਰੀ ਤੁਰਿਆ ਆਉਂਦਾ ਤੇ ਲੋਕਤੰਤਰ ਦੇ ਢੋਲ ਵਜਾ ਵਜਾ ਖੇਖਣ ਕਰਦਾ ਪਿਆ।

ਅੱਜ ਬੁਹੋਤ ਦੇਸ਼ ਇਹਦੀ ਦਹਿਸ਼ਤ ਦਾ ਸ਼ਿਕਾਰ ਹਨ ਡਰਦੇ ਹਨ, ਅੱਜ ਡੋਨਾਲਡ ਟਰੰਪ ਚੰਗੇਜ ਖ਼ਾਨ ਦਾ ਰੂਪ ਧਾਰਨ ਕਰ ਚੁੱਕਾ ਹੈ।






# ਦਿਲਜੀਤ ਦੋਸਾਂਝ ਨੇ ਪੰਜਾਬ ਰੋਡਵੇਜ਼ 'ਚ ਕੀਤਾ ਸਫ਼ਰ

## ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਸਾਂਝੀ ਕੀਤੀ ਭਾਵੁਕ ਪੋਸਟ





ਪੰਜਾਬੀ ਅਦਾਕਾਰ ਅਤੇ ਸਿੰਗਰ ਦਿਲਜੀਤ ਦੋਸਾਂਝ ਨੇ ਪੰਜਾਬ ਰੋਡਵੇਜ਼ ਦੀ ਬੱਸ ਵਿੱਚ ਸਫਰ ਕੀਤਾ ਹੈ। ਉੱਥੇ ਹੀ ਉਨ੍ਹਾਂ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਭਾਵੁਕ ਪੋਸਟ ਵੀ ਸਾਂਝੀ ਕੀਤੀ ਹੈ। ਦੱਸ ਦਈਏ ਕਿ ਦਿਲਜੀਤ ਦੋਸਾਂਝ ਨੇ ਆਉਣ ਵਾਲੀ ਫਿਲਮ Border-2 ਦੇ ਸੈੱਟ ਤੋਂ ਇੱਕ ਹੋਰ ਵੀਡੀਓ ਸਾਂਝੀ ਕੀਤੀ ਹੈ, ਜੋ ਕਿ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਇਸ ਫਿਲਮ ਵਿੱਚ ਦਿਲਜੀਤ ਦੋਸਾਂਝ ਭਾਰਤੀ ਹਵਾਈ ਫੌਜ ਦੇ ਇੱਕ ਬਹਾਦਰ ਯੋਧੇ ਨਿਰਮਲ ਸਿੰਘ ਸੇਖੋਂ ਦੀ ਭੂਮਿਕਾ ਨਿਭਾਉਂਦੇ ਨਜ਼ਰ ਆਉਣਗੇ, ਜਿਨ੍ਹਾਂ ਨੇ ਦੁਸ਼ਮਣ ਦੇ 5-6 ਲੜਾਕੂ ਜਹਾਜ਼ਾਂ ਨੂੰ ਡੇਗ ਕੇ ਦੇਸ਼ ਦਾ ਮਾਣ ਵਧਾਇਆ ਸੀ।

ਇਸ ਵਾਇਰਲ ਹੋ ਰਹੀ ਵੀਡੀਓ ਵਿੱਚ ਦਿਲਜੀਤ ਦੋਸਾਂਝ ਨੂੰ ਪੰਜਾਬ ਰੋਡਵੇਜ਼ ਦੀ ਬੱਸ ਵਿੱਚ ਸਫਰ ਕਰਦਿਆਂ ਹੋਇਆਂ ਦੇਖਿਆ ਜਾ ਸਕਦਾ ਹੈ। ਬੱਸ ਵਿੱਚ ਬੈਠਿਆਂ ਹੋਇਆਂ ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਹੋਇਆਂ ਉਨ੍ਹਾਂ ਨੇ ਭਾਵੁਕ ਪੋਸਟ ਸਾਂਝੀ ਕੀਤੀ ਹੈ।

ਇਸ ਭਾਵਨਾਤਮਕ ਪੋਸਟ ਵਿੱਚ ਉਨ੍ਹਾਂ ਨੇ ਲਿਖਿਆ ਹੈ ਡੈਡ ਮੇਰੇ ਪੰਜਾਬ ਰੋਡਵੇਜ਼ ਵਿੱਚ ਕੰਮ ਕਰਦੇ ਸੀ, ਜਦੋਂ ਵੀ ਮੈਂ ਇਹ ਬੱਸ ਦੇਖਦਾ ਮੈਨੂੰ ਇਦਾਂ ਲੱਗਦਾ ਜਿਵੇਂ ਸਾਡੇ ਘਰ ਦੀ ਬੱਸ ਹੋਵੇ, ਆਪਣਾ ਕੁਝ ਵੀ ਨਹੀਂ, ਤੇ ਸਭ ਕੁਝ ਆਪਣਾ ਹੀ ਆ, ਜੇ ਕਦੇ ਬਿਨਾਂ ਦੱਸੇ ਚਲਾ ਗਿਆ ਤਾਂ ਸਮਝਿਓ ਕੁਝ ਹੀ ਗਿਆ, ਮਰਜ਼ੀ ਨਾਲ, ਜਿੰਨਾ ਚਿਰ ਸਾਥ ਆ, ਉਹਦੇ ਭਾਣੇ ਵਿੱਚ ਆ।

# ਮਸ਼ਹੂਰ ਅਦਾਕਾਰ ਅਕਸ਼ੈ ਕੁਮਾਰ ਦਾ ਹੋਇਆ ਐਕਸੀਡੈਂਟ

## ਜੁਹੂ 'ਚ ਪਲਟੀ SUV



ਮਨੋਰੰਜਨ ਜਗਤ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ, ਜਿਸ ਨੇ ਪ੍ਰਸ਼ੰਸਕਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਦਰਅਸਲ, ਸੋਮਵਾਰ ਸ਼ਾਮ ਨੂੰ ਮੁੰਬਈ ਦੇ ਜੁਹੂ ਇਲਾਕੇ ਵਿੱਚ ਉਦੋਂ ਹਫੜਾ-ਦਫੜੀ ਮਚ ਗਈ, ਜਦੋਂ ਅਦਾਕਾਰ ਅਕਸ਼ੈ ਕੁਮਾਰ ਦੇ ਕਾਫ਼ਲੇ ਨਾਲ ਸਬੰਧਤ ਇੱਕ ਗੱਡੀ ਸੜਕ ਹਾਦਸੇ ਦਾ ਸ਼ਿਕਾਰ ਹੋ ਗਈ। ਅਕਸ਼ੈ ਕੁਮਾਰ ਸ਼ੂਟਿੰਗ ਖਤਮ ਕਰਕੇ ਏਅਰਪੋਰਟ ਤੋਂ ਆਪਣੇ ਜੁਹੂ ਸਥਿਤ ਰਿਹਾਇਸ਼ ਵੱਲ ਜਾ ਰਹੇ ਸਨ, ਉਦੋਂ ਸਿਲਵਰ ਬੀਚ ਕੈਫੇ ਨੇੜੇ ਇਹ ਘਟਨਾ ਵਾਪਰ ਗਈ।

### ਜਾਣੋ ਕਿਵੇਂ ਵਾਪਰਿਆ ਹਾਦਸਾ?

ਜਾਣਕਾਰੀ ਅਨੁਸਾਰ, ਇੱਕ ਤੇਜ਼ ਰਫ਼ਤਾਰ ਮਰਸੀਡੀਜ਼ ਕਾਰ ਪਹਿਲਾਂ ਇੱਕ ਆਟੋਰਿਕਸ਼ਾ ਨੂੰ ਟੱਕਰ ਮਾਰ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਆਟੋ ਰਿਕਸ਼ਾ ਕੰਟਰੋਲ ਗੁਆ ਬੈਠਾ ਅਤੇ ਸਿੱਧਾ ਅਕਸ਼ੈ ਕੁਮਾਰ ਦੀ ਸੁਰੱਖਿਆ ਵੈਨ ਨਾਲ ਟਕਰਾ ਗਿਆ। ਫਿਰ ਸੁਰੱਖਿਆ ਵੈਨ ਅਦਾਕਾਰ ਦੀ ਐੱਸਯੂਵੀ ਨਾਲ ਟਕਰਾ ਗਈ, ਜੋ ਅੱਗੇ ਜਾ ਰਹੀ ਸੀ, ਜਿਸ ਕਾਰਨ ਕੁਝ ਸਕਿੰਟਾਂ ਵਿੱਚ ਕਈ ਵਾਹਨ ਆਪਸ 'ਚ ਟਕਰਾ ਗਏ।

### ਆਟੋ ਡਰਾਈਵਰ ਜ਼ਖਮੀ, ਹਸਪਤਾਲ 'ਚ ਭਰਤੀ

ਹਾਦਸੇ ਵਿੱਚ ਆਟੋ ਰਿਕਸ਼ਾ ਚਾਲਕ ਜ਼ਖਮੀ ਹੋ ਗਿਆ ਅਤੇ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਖੁਸ਼ਕਿਸਮਤੀ ਨਾਲ, ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਾਲਾਂਕਿ ਟੱਕਰ ਤੋਂ ਬਾਅਦ ਡਰਾਈਵਰ ਅਤੇ ਇੱਕ ਯਾਤਰੀ ਥੋੜ੍ਹੇ ਸਮੇਂ ਲਈ ਸੁਰੱਖਿਆ ਵਾਹਨ ਹੇਠ ਫਸ ਗਏ ਸਨ, ਪਰ ਸਥਾਨਕ ਲੋਕਾਂ ਅਤੇ ਸੁਰੱਖਿਆ ਕਰਮਚਾਰੀਆਂ ਦੀ ਮਦਦ ਨਾਲ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

### ਅਕਸ਼ੈ ਕੁਮਾਰ ਨੇ ਦਿਖਾਈ ਇਨਸਾਨੀਅਤ

ਚਸ਼ਮਦੀਦਾਂ ਦੇ ਅਨੁਸਾਰ, ਅਕਸ਼ੈ ਕੁਮਾਰ ਖੁਦ ਆਪਣੀ SUV ਵਿੱਚੋਂ ਬਾਹਰ ਨਿਕਲੇ ਅਤੇ ਆਪਣੇ ਗਾਰਡਾਂ ਨਾਲ ਜ਼ਖਮੀਆਂ ਦੀ ਮਦਦ ਕਰਦੇ ਹੋਏ ਦੇਖਿਆ ਗਿਆ। ਲੋਕਾਂ ਨੇ ਅਦਾਕਾਰ ਅਤੇ ਉਸਦੀ ਟੀਮ ਨੂੰ ਆਟੋ ਨੂੰ ਹਟਾਉਣ ਅਤੇ ਅੰਦਰ ਫਸੇ ਲੋਕਾਂ ਨੂੰ ਬਚਾਉਣ ਵਿੱਚ ਸਰਗਰਮੀ ਨਾਲ ਲੱਗੇ ਦੇਖਿਆ।

### ਹਾਦਸੇ ਦਾ ਵੀਡੀਓ ਹੋਇਆ ਵਾਇਰਲ

ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਪਲਟਿਆ ਹੋਇਆ ਵਾਹਨ ਅਤੇ ਲੋਕ ਮਦਦ ਲਈ ਭੱਜਦੇ ਦਿਖਾਈ ਦੇ ਰਹੇ ਹਨ। ਵੀਡੀਓ ਨੇ ਪ੍ਰਸ਼ੰਸਕਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ। ਹਾਲਾਂਕਿ, ਸੂਤਰਾਂ ਨੇ ਸਪੱਸ਼ਟ ਕੀਤਾ ਹੈ ਕਿ ਅਕਸ਼ੈ ਕੁਮਾਰ ਪੂਰੀ ਤਰ੍ਹਾਂ ਸੁਰੱਖਿਅਤ ਹਨ। ਹਾਦਸੇ ਦੀ ਸੂਚਨਾ ਮਿਲਦੇ ਹੀ ਮੁੰਬਈ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ। ਥੋੜ੍ਹੇ ਸਮੇਂ ਲਈ ਆਵਾਜਾਈ ਰੋਕ ਦਿੱਤੀ ਗਈ ਅਤੇ ਬਾਅਦ

# ਹਨੀ ਸਿੰਘ ਵਿਵਾਦਾਂ 'ਚ!

ਮਸ਼ਹੂਰ ਰੈਪਰ ਯੋ ਯੋ ਹਨੀ ਸਿੰਘ ਵੱਡੇ ਵਿਵਾਦਾਂ ਵਿੱਚ ਘਿਰਦੇ ਹੋਏ ਨਜ਼ਰ ਆ ਰਹੇ ਹਨ। ਦਿੱਲੀ ਵਿੱਚ ਹੋਏ ਇੱਕ ਲਾਈਵ ਕੰਸਰਟ ਦੌਰਾਨ ਹਨੀ ਸਿੰਘ ਨੇ ਸਟੇਜ ਤੋਂ ਦਰਸ਼ਕਾਂ ਨਾਲ ਗੱਲਬਾਤ ਕਰਦਿਆਂ ਦਿੱਲੀ ਦੀ ਠੰਡ ਅਤੇ 'ਇੰਟੀਮੇਸੀ' ਨੂੰ ਲੈ ਕੇ ਬੇਹੱਦ ਭੱਦੇ ਅਤੇ ਆਪੱਤੀਜਨਕ ਕਮੈਂਟ ਕੀਤੇ ਹਨ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਕਾਰਨ ਪ੍ਰਸ਼ੰਸਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

### ਜਾਣੋ ਕੀ ਹੈ ਪੂਰਾ ਮਾਮਲਾ?

ਸੋਸ਼ਲ ਮੀਡੀਆ ਉੱਪਰ ਵਾਇਰਲ ਵੀਡੀਓ ਵਿੱਚ ਹਨੀ ਸਿੰਘ ਦਿੱਲੀ ਦੀ ਕੜਾਕੇ ਦੀ ਠੰਡ ਦਾ ਜ਼ਿਕਰ ਕਰਦੇ ਹੋਏ ਅਚਾਨਕ ਸੀਮਾਵਾਂ ਲੰਘ ਗਏ ਅਤੇ ਅਜਿਹੀ ਗੱਲ ਕਹੀ ਜਿਸ ਨੂੰ ਕਈਆਂ ਨੇ ਗੰਦਾ ਅਤੇ ਭੱਦਾ ਦੱਸਿਆ ਹੈ। ਉਨ੍ਹਾਂ ਨੇ ਠੰਡ ਵਿੱਚ 'ਇੰਟੀਮੇਟ' ਹੋਣ ਬਾਰੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ, ਜਿਸ 'ਤੇ ਸੋਸ਼ਲ ਮੀਡੀਆ ਯੂਜ਼ਰਸ ਭੜਕ ਉੱਠੇ ਹਨ। ਹਾਲਾਂਕਿ ਕੰਸਰਟ ਵਿੱਚ ਮੌਜੂਦ ਕਈ ਲੋਕ ਉਨ੍ਹਾਂ ਦੀਆਂ ਗੱਲਾਂ 'ਤੇ ਹੱਸਦੇ ਅਤੇ ਹੂਟਿੰਗ ਕਰਦੇ ਸੁਣਾਈ ਦਿੱਤੇ, ਪਰ ਹੁਣ ਹਨੀ ਸਿੰਘ ਨੂੰ ਸਖ਼ਤ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

### ਹਨੀ ਦੀ ਰੱਜ ਕੇ ਹੋ ਰਹੀ ਟ੍ਰੋਲਿੰਗ

ਵੀਡੀਓ ਵਾਇਰਲ ਹੁੰਦੇ ਹੀ ਲੋਕਾਂ ਨੇ ਹਨੀ ਸਿੰਘ ਨੂੰ ਟ੍ਰੋਲ ਕਰਨਾ ਸ਼ੁਰੂ ਕਰ ਦਿੱਤਾ ਹੈ। ਕਈ ਯੂਜ਼ਰਸ ਨੇ ਇਸ ਨੂੰ 'ਘਟੀਆ' ਅਤੇ 'ਸਟੇਜ ਐਟੀਕੇਟ' (ਸ਼ਿਸ਼ਟਾਚਾਰ) ਦੇ ਖਿਲਾਫ ਦੱਸਿਆ ਹੈ। ਕੁਝ ਲੋਕਾਂ ਨੇ ਤਾਂ ਇੱਥੋਂ ਤੱਕ ਸਵਾਲ ਚੁੱਕ ਦਿੱਤੇ ਹਨ ਕਿ 'ਕੀ ਇਹ ਸਭ ਨਸ਼ੇ ਦਾ ਅਸਰ ਹੈ?'

# ਮਸ਼ਹੂਰ ਗਾਇਕ ਦੀ ਅਚਾਨਕ ਵਿਗੜੀ ਤਬੀਅਤ!



ਸੰਗੀਤ ਜਗਤ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਦੱਸ ਦੇਈਏ ਕਿ ਮਸ਼ਹੂਰ ਗਾਇਕ ਦੀ ਸਿਹਤ ਵਿਗੜਨ ਕਾਰਨ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਦਰਅਸਲ, ਅਰਮਾਨ ਮਲਿਕ ਨੇ ਸੋਸ਼ਲ ਮੀਡੀਆ 'ਤੇ ਆਪਣੀ ਇਕ ਤਸਵੀਰ ਸਾਂਝੀ ਕਰ ਕੇ ਪ੍ਰਸ਼ੰਸਕਾਂ ਨੂੰ ਆਪਣਾ ਹੈਲਥ ਅਪਡੇਟ ਦਿੱਤਾ ਹੈ, ਜਿਸ ਨੂੰ ਦੇਖ ਕੇ ਉਨ੍ਹਾਂ ਦੇ ਫੈਨਜ਼ ਕਾਫੀ ਚਿੰਤਤ ਨਜ਼ਰ ਆ ਰਹੇ ਹਨ।

### ਹਸਪਤਾਲ ਤੋਂ ਸਾਂਝੀ ਕੀਤੀ ਤਸਵੀਰ

ਅਰਮਾਨ ਮਲਿਕ ਵੱਲੋਂ ਸ਼ੇਅਰ ਕੀਤੀ ਤਸਵੀਰ ਵਿੱਚ ਉਨ੍ਹਾਂ ਦੇ ਹੱਥ ਵਿੱਚ ਆਈ.ਵੀ. ਡਰਿੱਪ (IV Drip) ਲੱਗੀ ਹੋਈ ਦਿਖਾਈ ਦੇ ਰਹੀ ਹੈ। ਉਨ੍ਹਾਂ ਨੇ ਇਸ ਤਸਵੀਰ ਦੇ ਕੈਪਸ਼ਨ ਵਿੱਚ ਲਿਖਿਆ, "ਪਿਛਲੇ ਕੁਝ ਦਿਨ ਚੰਗੇ ਨਹੀਂ ਬੀਤੇ"। ਹਾਲਾਂਕਿ ਗਾਇਕ ਨੇ ਹਸਪਤਾਲ ਵਿੱਚ ਭਰਤੀ ਹੋਣ ਦੇ ਅਸਲ ਕਾਰਨ ਦਾ ਖੁਲਾਸਾ ਨਹੀਂ ਕੀਤਾ ਹੈ, ਪਰ ਉਨ੍ਹਾਂ ਨੇ ਪ੍ਰਸ਼ੰਸਕਾਂ ਨੂੰ ਭਰੋਸਾ ਦਿੱਤਾ ਹੈ ਕਿ ਹੁਣ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਉਹ ਪੂਰੀ ਤਰ੍ਹਾਂ ਆਰਾਮ ਕਰ ਰਹੇ ਹਨ।

### ਪ੍ਰਸ਼ੰਸਕਾਂ ਨੇ ਕੀਤੀ ਜਲਦੀ ਠੀਕ ਹੋਣ ਦੀ ਦੁਆ

ਗਾਇਕ ਦੀ ਇਸ ਪੋਸਟ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕਮੈਂਟਸ ਦਾ ਹੜ੍ਹ ਆ ਗਿਆ। ਪ੍ਰਸ਼ੰਸਕ ਲਗਾਤਾਰ ਉਨ੍ਹਾਂ ਦੀ ਸਿਹਤ ਬਾਰੇ ਸਵਾਲ ਪੁੱਛ ਰਹੇ ਹਨ ਅਤੇ ਉਨ੍ਹਾਂ ਦੇ ਜਲਦੀ ਠੀਕ ਹੋਣ ਲਈ ਦੁਆਵਾਂ ਕਰ ਰਹੇ ਹਨ। ਕੁਝ ਯੂਜ਼ਰਸ ਨੇ ਲਿਖਿਆ, "ਤੁਹਾਨੂੰ ਕੀ ਹੋਇਆ ਹੈ?" ਜਦਕਿ ਕੁਝ ਹੋਰਾਂ ਨੇ ਉਨ੍ਹਾਂ ਨੂੰ ਆਪਣਾ ਖਿਆਲ ਰੱਖਣ ਦੀ ਸਲਾਹ ਦਿੱਤੀ ਹੈ। ਅਰਮਾਨ ਨੇ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਇਕ ਹੋਰ ਪੋਸਟ ਵੀ ਸਾਂਝੀ ਕੀਤੀ, ਜਿਸ ਵਿੱਚ ਲਿਖਿਆ ਸੀ ਕਿ ਇਸ ਸਾਲ ਉਨ੍ਹਾਂ ਚੀਜ਼ਾਂ ਦੀ ਸੂਚੀ ਵਿੱਚ ਆਪਣਾ ਨਾਂ ਸ਼ਾਮਲ ਕਰਨਾ ਨਾ ਭੁੱਲੋ ਜਿਨ੍ਹਾਂ ਦਾ ਤੁਸੀਂ ਧਿਆਨ ਰੱਖਣਾ ਹੈ।

### ਇਸ ਕਾਰਨ ਚਰਚਾ ਵਿੱਚ ਰਿਹਾ ਗਿਆ

ਦੱਸਣਯੋਗ ਹੈ ਕਿ ਅਰਮਾਨ ਮਲਿਕ ਪਿਛਲੇ ਕੁਝ ਸਮੇਂ ਤੋਂ ਆਪਣੇ ਭਰਾ ਅਮਾਲ ਮਲਿਕ ਨਾਲ ਕੀਤੀ ਜਾ ਰਹੀ ਤੁਲਨਾ ਕਾਰਨ ਸੁਰਖੀਆਂ ਵਿੱਚ ਸਨ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਕ ਲੰਬੀ ਪੋਸਟ ਲਿਖ ਕੇ ਪ੍ਰਸ਼ੰਸਕਾਂ ਨੂੰ ਅਪੀਲ ਕੀਤੀ ਸੀ ਕਿ ਉਨ੍ਹਾਂ ਦੋਵਾਂ ਭਰਾਵਾਂ ਨੂੰ ਇਕ-ਦੂਜੇ ਦੇ ਖਿਲਾਫ ਖੜ੍ਹਾ ਨਾ ਕੀਤਾ ਜਾਵੇ, ਕਿਉਂਕਿ ਉਨ੍ਹਾਂ ਦੇ ਰਾਹ ਵੱਖਰੇ ਹਨ ਪਰ ਉਹ ਇਕ-ਦੂਜੇ ਦੀ ਸਫਲਤਾ ਵਿੱਚ ਖੁਸ਼ ਹਨ।

# ਨੇਹਾ ਕੱਕੜ ਨੇ ਸੋਸ਼ਲ ਮੀਡੀਆ ਸਣੇ ਜ਼ਿੰਮੇਵਾਰੀਆਂ ਤੋਂ ਲਿਆ ਬ੍ਰੇਕ

## ਤਲਾਕ ਦੀਆਂ ਖ਼ਬਰਾਂ ਵਿਚਾਲੇ ਮਸ਼ਹੂਰ ਗਾਇਕਾ ਪਤੀ ਰੋਹਨਪ੍ਰੀਤ ਨੂੰ ਲੈ ਬੋਲੀ...



ਮਸ਼ਹੂਰ ਗਾਇਕਾ ਨੇਹਾ ਕੱਕੜ ਵੱਲੋਂ ਇੰਸਟਾਗ੍ਰਾਮ 'ਤੇ ਸ਼ੇਅਰ ਕੀਤੀ ਗਈ ਪੋਸਟ ਨੇ ਪ੍ਰਸ਼ੰਸਕਾਂ ਵਿਚਾਲੇ ਹਲਚਲ ਮਚਾ ਦਿੱਤਾ ਹੈ। ਦਰਅਸਲ, ਗਾਇਕਾ ਵੱਲੋਂ ਵੱਡਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਲਿਖਿਆ ਕਿ ਉਹ ਕੁਝ ਸਮੇਂ ਲਈ ਲਾਈਮਲਾਈਟ ਤੋਂ ਦੂਰ ਰਹਿਣਾ ਚਾਹੁੰਦੀ ਹੈ।

### ਨੇਹਾ ਦਾ ਐਲਾਨ

ਦੱਸ ਦਈਏ ਕਿ ਸੋਮਵਾਰ ਨੂੰ ਨੇਹਾ ਨੇ ਇੰਸਟਾਗ੍ਰਾਮ ਸਟੋਰੀ 'ਤੇ ਲਿਖਿਆ ਕਿ ਜ਼ਿੰਮੇਵਾਰੀਆਂ, ਰਿਸ਼ਤਿਆਂ, ਕੰਮ ਅਤੇ ਇਸ ਸਮੇਂ ਮੇਰੇ ਦਿਮਾਗ ਵਿੱਚ ਜੋ ਵੀ ਹੈ, ਉਸ ਤੋਂ ਬ੍ਰੇਕ ਲੈਣ ਦਾ ਸਮਾਂ ਆ ਗਿਆ ਹੈ। ਮੈਨੂੰ ਨਹੀਂ ਪਤਾ ਕਿ ਮੈਂ ਵਾਪਸ ਆਵਾਂਗੀ ਜਾਂ ਨਹੀਂ। ਧੰਨਵਾਦ।"

### ਨੇਹਾ ਦੀ ਦੂਜੀ ਪੋਸਟ

ਆਪਣੀ ਦੂਜੀ ਪੋਸਟ ਵਿੱਚ, ਗਾਇਕਾ ਨੇ ਪੈਪਰਾਜ਼ੀ ਤੋਂ ਵੀ ਬੇਨਤੀ ਹੈ। ਜਿਸ 'ਚ ਉਨ੍ਹਾਂ ਨੇ ਲਿਖਿਆ ਕਿ ਮੈਂ ਪਾਪਰਾਜ਼ੀ ਅਤੇ ਪ੍ਰਸ਼ੰਸਕਾਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਮੈਨੂੰ ਬਿਲਕੁਲ ਵੀ ਕੈਪਚਰ ਜਾਂ ਸਪੋਟ ਨਾ ਕਰਨ। ਮੈਨੂੰ ਉਮੀਦ ਹੈ ਕਿ ਤੁਸੀਂ ਮੇਰੀ ਨਿੱਜਤਾ ਦਾ ਸਤਿਕਾਰ ਕਰੋਗੇ ਅਤੇ ਮੈਨੂੰ ਇਸ ਦੁਨੀਆ ਵਿੱਚ ਸੁਤੰਤਰ ਤੌਰ 'ਤੇ ਰਹਿਣ ਦਿਓਗੇ। ਕਿਰਪਾ ਕਰਕੇ ਕੋਈ ਕੈਮਰਾ ਨਹੀਂ! ਮੈਂ ਬੇਨਤੀ ਕਰਦੀ ਹਾਂ! ਮੇਰੀ ਸ਼ਾਂਤੀ ਲਈ ਤੁਸੀਂ ਮੈਨੂੰ ਇਹ ਘੱਟੋ-ਘੱਟ ਦੇ ਸਕਦੇ ਹੋ।

### ਤਲਾਕ ਦੀਆਂ ਖ਼ਬਰਾਂ ਨੂੰ ਲੈ ਤੋੜੀ ਚੁੱਪੀ

ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਨੇ ਕਿਹਾ ਕਿ ਉਹ ਕੰਮ ਅਤੇ ਆਪਣੇ ਰਿਸ਼ਤੇ ਦੋਵਾਂ ਤੋਂ ਬ੍ਰੇਕ ਲੈ ਰਹੀ ਹੈ, ਅਤੇ ਉਸਨੂੰ ਨਹੀਂ ਪਤਾ ਕਿ ਉਹ ਵਾਪਸ ਆਵੇਗੀ ਜਾਂ ਨਹੀਂ। ਇਸ ਪੋਸਟ ਤੋਂ ਬਾਅਦ, ਲੋਕ ਅੰਦਾਜ਼ਾ ਲਗਾ ਰਹੇ ਹਨ ਕਿ ਗਾਇਕਾ ਅਤੇ ਉਸਦੇ ਪਤੀ ਰੋਹਨਪ੍ਰੀਤ ਸਿੰਘ ਵਿਚਕਾਰ ਚੀਜ਼ਾਂ ਠੀਕ ਨਹੀਂ ਹਨ।

ਕਈ ਜਗ੍ਹਾ ਤੇ ਇਹ ਵੀ ਕਿਹਾ ਗਿਆ ਕਿ ਰੋਹਨਪ੍ਰੀਤ ਅਤੇ ਨੇਹਾ ਦੋਵੇਂ ਵੱਖ ਹੋ ਰਹੇ ਹਨ। ਹਾਲਾਂਕਿ, ਕੱਲ੍ਹ ਦੇਰ ਰਾਤ ਇੱਕ ਸਟੋਰੀ ਪੋਸਟ ਕਰਕੇ ਇਨ੍ਹਾਂ ਅਟਕਲਾਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ। ਉਸਨੇ ਇੰਸਟਾਗ੍ਰਾਮ 'ਤੇ ਇੱਕ ਕਹਾਣੀ ਪੋਸਟ ਕੀਤੀ, ਜਿਸ ਵਿੱਚ ਲਿਖਿਆ, "ਕਿਰਪਾ ਕਰਕੇ ਮੇਰੇ ਪਤੀ ਅਤੇ ਮੇਰੇ ਪਿਆਰੇ ਪਰਿਵਾਰ ਨੂੰ ਇਸ ਵਿੱਚ ਨਾ ਘਸੀਟੋ... ਉਹ ਸ਼ਾਨਦਾਰ ਲੋਕ ਹਨ, ਅਤੇ ਮੈਂ ਜੋ ਹਾਂ ਉਹ ਉਨ੍ਹਾਂ ਕਰਕੇ ਹਾਂ। ਮੈਂ ਕੁਝ ਹੋਰ ਲੋਕਾਂ ਅਤੇ ਸਿਸਟਮ ਕਾਰਨ ਦੁਖੀ ਹਾਂ। ਮੈਨੂੰ ਉਮੀਦ ਹੈ ਕਿ ਤੁਸੀਂ ਸਮਝੋਗੇ ਅਤੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਇਸ ਸਭ ਤੋਂ ਦੂਰ ਰੱਖੋਗੇ। ਮੇਰਾ ਮੰਨਣਾ ਹੈ ਕਿ ਮੈਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰਦੇ ਸਮੇਂ ਇੰਨਾ ਭਾਵੁਕ ਨਹੀਂ ਹੋਣਾ ਚਾਹੀਦਾ, ਕਿਉਂਕਿ ਮੀਡੀਆ ਜਾਣਦਾ ਹੈ ਕਿ ਤਿਲ ਤੋਂ ਪਹਾੜ ਕਿਵੇਂ ਬਣਾਉਣਾ ਹੈ। ਹੁਣ ਤੋਂ, ਮੈਂ ਆਪਣੀ ਨਿੱਜੀ ਜ਼ਿੰਦਗੀ ਬਾਰੇ ਗੱਲ ਨਹੀਂ ਕਰਾਂਗੀ... ਚਿੰਤਾ ਨਾ ਕਰੋ, ਮੈਂ ਜਲਦੀ ਵਾਪਸ ਆਵਾਂਗੀ।"

# ਮਸ਼ਹੂਰ ਪੰਜਾਬੀ ਕਲਾਕਾਰ ਦਾ ਹੋਇਆ ਵਿਆਹ

## ਸੋਸ਼ਲ ਮੀਡੀਆ 'ਤੇ ਤਸਵੀਰਾਂ ਵਾਇਰਲ





ਪੰਜਾਬੀ ਸਿਨੇਮਾ ਜਗਤ ਤੋਂ ਖਾਸ ਖਬਰ ਸਾਹਮਣੇ ਆ ਰਹੀ ਹੈ। ਦੱਸ ਦੇਈਏ ਕਿ ਮਸ਼ਹੂਰ ਅਦਾਕਾਰ ਧੀਰਜ ਕੁਮਾਰ ਵਿਆਹ ਦੇ ਬੰਧਨ ਵਿੱਚ ਬੱਝ ਗਏ ਹਨ। ਉਨ੍ਹਾਂ ਨੇ ਵਿਆਹ ਦੀਆਂ ਖੂਬਸੂਰਤ ਤਸਵੀਰਾਂ ਆਪਣੇ ਸੋਸ਼ਲ ਮੀਡੀਆ ਹੈਂਡਲ ਉੱਪਰ ਸਾਂਝੀਆਂ ਕੀਤੀਆਂ ਹਨ। ਕਲਾਕਾਰ ਨੂੰ ਫਿਲਮ ਜਗਤ ਦੇ ਸਿਤਾਰਿਆਂ ਵੱਲੋਂ ਲਗਾਤਾਰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਜਾਣਕਾਰੀ ਲਈ ਦੱਸ ਦੇਈਏ ਕਿ ਵਿਆਹ ਦੀਆਂ ਦੀ ਰਸਮਾਂ ਨੂੰ ਚੁਣਿੰਦਾ ਪਰਿਵਾਰਿਕ ਮੈਂਬਰਾਂ ਅਤੇ ਕਰੀਬੀਆਂ ਦੀ ਹਾਜ਼ਰੀ ਵਿੱਚ ਪੂਰਾ ਕੀਤਾ ਗਿਆ।

ਸਿੱਖ ਅਤੇ ਪਾਰੰਪਰਿਕ ਰੀਤੀ ਰਿਵਾਜਾਂ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਈਆਂ ਇੰਨ੍ਹਾਂ ਵਿਵਾਹਿਕ ਰਸਮਾਂ ਨੂੰ ਬਹੁਤ ਹੀ ਨਿੱਜੀ ਰੱਖਿਆ ਗਿਆ, ਜਿਸ ਦਰਮਿਆਨ ਉਨ੍ਹਾਂ ਅਪਣੀ ਹਮਸਫਰ ਰਾਵੀ ਨਾਲ ਸੱਤ ਫੇਰੇ ਲਏ, ਜਿਸ ਬਾਰੇ ਜਾਣਕਾਰੀ ਹਾਲ ਵਿੱਚ ਉਨ੍ਹਾਂ ਨੇ ਆਪਣੇ ਇੰਸਟਾਗ੍ਰਾਮ ਉਤੇ ਪੋਸਟ ਸਾਂਝੀ ਕਰਕੇ ਦਿੱਤੀ। ਉਨ੍ਹਾਂ ਨੇ ਇੰਸਟਾਗ੍ਰਾਮ ਤੇ ਪੋਸਟ ਸ਼ੇਅਰ ਕਰਦੇ ਹੋਏ ਲਿਖਿਆ," ਬੇਕਰਾਰੀਆਂ.. ਹੁੰਦੀਆਂ ਕੀਮਤੀ ਜੀ, ਹਾਸਿਲ ਇਹਨਾਂ ਵਿਚੋਂ... ਇਤਮਿਨਾਨ ਹੋਵੇ..

ਫ਼ਿਦਾ ਸਭ ਹੁੰਦੇ..ਤੂੰ ਨਿਸਾਰ ਹੋ ਜਾ...
ਓਹਨੂੰ ਪਤਾ ਲੱਗੇ..ਤਾਂ ਗੁਮਾਨ ਹੋਵੇ..
ਦਿਲਾ ਹਾਰ ਤੇ ਸਹੀ..ਆਪਾ ਵਾਰ ਤੇ ਸਹੀ ..
ਇਥੇ ਹਾਰਿਆਂ ਦੀ..ਉੱਚੀ ਸ਼ਾਨ ਹੋਵੇ..
ਐਸੀ ਆਸ਼ਿਕੀ ਕਰੀਂ..ਸਰਤਾਜ ਸ਼ਾਇਰਾ..
ਕੋਈ ਹੈਰਾਨ ਹੋਵੇ ਤੇ ਕੁਰਬਾਨ ਹੋਵੇ.।

"Mohabbat sabar Hundi ae
Te sabar Har koi nhi kar sakda."

ਦੱਸ ਦੇਈਏ ਕਿ ਕਲਾਕਾਰ ਦੀ ਪਤਨੀ ਦਾ ਨਾਮ ਰਾਵੀ ਹੈ, ਜੋ ਕਿ ਸਾਫ ਸ਼ਬਦਾਂ ਵਿੱਚ ਤਸਵੀਰ ਵਿੱਚ ਮੌਜੂਦ ਕੇਕ ਉੱਪਰ ਲਿਖਿਆ ਹੋਇਆ ਨਜ਼ਰ ਆ ਰਿਹਾ ਹੈ। ਹਾਲਾਂਕਿ ਕਲਾਕਾਰ ਦੀ ਪਤਨੀ ਬਾਰੇ ਜ਼ਿਆਦਾ ਜਾਣਕਾਰੀ ਸਾਹਮਣੇ ਨਹੀਂ ਆਈ ਹੈ।

### ਫਿਲਮ ਅਤੇ ਓਟੀਟੀ ਪ੍ਰੋਜੈਕਟਸ ਵਿੱਚ ਸ਼ਾਮਲ

ਮਾਲਵਾ ਦੇ ਸਰਹੱਦੀ ਜ਼ਿਲ੍ਹੇ ਫਾਜ਼ਿਲਕਾ ਨਾਲ ਸੰਬੰਧਿਤ ਇਹ ਹੋਣਹਾਰ ਅਦਾਕਾਰ ਬਹੁਤ ਥੋੜੇ ਜਿਹੇ ਸਮੇਂ ਵਿੱਚ ਹੀ ਪੰਜਾਬੀ ਸਿਨੇਮਾ ਦੇ ਖੇਤਰ ਵਿੱਚ ਅਪਣੀ ਧਾਂਕ ਜਮਾਉਣ ਲੈਣ ਵਿੱਚ ਕਾਮਯਾਬ ਰਹੇ ਹਨ, ਜੋ ਇੰਨੀ ਦਿਨੀਂ ਕਈ ਵੱਡੇ ਅਤੇ ਸੈਮੀ ਫਿਲਮ ਅਤੇ ਓਟੀਟੀ ਪ੍ਰੋਜੈਕਟਸ ਨਾਲ ਜੁੜੇ ਹੋਏ ਹਨ, ਜਿੰਨ੍ਹਾਂ ਤੋਂ ਇਲਾਵਾ ਉਨ੍ਹਾਂ ਦੀਆਂ ਕੁਝ ਫਿਲਮਾਂ ਅਤੇ ਵੈੱਬ ਸੀਰੀਜ਼ ਦੀ ਸ਼ੂਟਿੰਗ ਸੰਪੂਰਨ ਵੀ ਹੋ ਚੁੱਕੀ ਹੈ, ਜੋ ਜਲਦ ਓਟੀਟੀ ਅਤੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣਗੀਆਂ।

ਸਹਾਇਕ ਕਲਾਕਾਰ ਦੇ ਤੌਰ ਅਪਣੇ ਕਰੀਅਰ ਦਾ ਅਗਾਜ਼ ਕਰਨ ਵਾਲੇ ਇਹ ਵਰਸਟਾਈਲ ਅਦਾਕਾਰ ਅੱਜ ਸੋਲੋ ਹੀਰੋ ਦੇ ਤੌਰ ਉਤੇ ਸਥਾਪਿਤ ਨਾਂਅ ਬਣਦੇ ਜਾ ਰਹੇ ਹਨ, ਜਿੰਨ੍ਹਾਂ ਵੱਲੋਂ ਲੀਡ ਅਦਾਕਾਰ ਦੇ ਤੌਰ ਉਤੇ ਕੀਤੀਆਂ ਕਈ ਹਾਲੀਆ ਫਿਲਮਾਂ ਨੂੰ ਦਰਸ਼ਕਾਂ ਦੁਆਰਾ ਕਾਫ਼ੀ ਸਰਾਹਿਆ ਗਿਆ ਹੈ, ਜਿਸ ਵਿੱਚ ਜੱਸੀ ਮਾਨ ਦੁਆਰਾ ਨਿਰਦੇਸ਼ਿਤ 'ਮਾਏਂ ਨੀਂ ਮੈਂ ਇੱਕ ਸ਼ਿਕਰਾ ਯਾਰ ਬਣਾਇਆ' ਵੀ ਸ਼ਾਮਿਲ ਹਨ।






# ਢਾਈ ਡਾਲਰ ਦਾ ਕਰਜ਼ਾ



ਇਹ ਮੇਰੀ ਪਹਿਲੀ 'ਦੇਸ ਵਾਪਸੀ' ਸੀ। ਦੋ ਸਾਲ ਆਸਟ੍ਰੇਲੀਆ ਰਹਿਣ ਪਿਛੋਂ ਪਹਿਲੀ ਵਾਰ ਦਿੱਲੀ ਦੇ ਅੰਤਰ-ਰਾਸ਼ਟਰੀ ਹਵਾਈ ਅੱਡੇ ਤੇ ਉਤਰੇ ਸਾਂ। ਭਾਵੇਂ ਕਿ ਰਿਸ਼ਤੇਦਾਰਾਂ ਨੂੰ ਲੈਣ ਅਤੇ ਛੱਡਣ ਵਾਸਤੇ ਅਨੇਕਾਂ ਵਾਰ ਮੈਂ ਏਅਰਪੋਰਟ ਆਇਆ ਸਾਂ ਪਰ ਦੇਸ ਵਾਪਸੀ ਦਾ ਅਨੁਭਵ ਹੰਡਾਉਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਮੇਰੇ ਮਾਮਾ ਜੀ ਅਤੇ ਛੋਟਾ ਭਣਵਈਆਂ, ਸਾਨੂੰ ਲੈਣ ਵਾਸਤੇ ਆਏ ਸਨ। ਏਅਰਪੋਰਟ ਦੇ ਸ਼ੀਸ਼ਿਆਂ ਵਿਚਦੀ ਆਪਣਿਆਂ ਨੂੰ ਵੇਖ ਕੇ ਦੋਹਾਂ ਪਾਸਿਆਂ ਤੋਂ ਉਪਰ ਉਠੇ ਤੇ ਜ਼ੋਰ ਜ਼ੋਰ ਦੀ ਹਿਲਦੇ ਹੱਥਾਂ ਦੀਆਂ ਭਾਵਨਾਵਾਂ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

ਕਾਰ ਵਿੱਚ ਬੈਠ ਕੇ ਚੱਲਣ ਲੱਗੇ ਤਾਂ ਮੇਰੇ ਬੇਟੇ ਨਵਦੀਪ ਨੇ ਸੀਟ ਬੈਲਟ ਤੋਂ ਫਸਾਦ ਪਾ ਲਿਆ। ਆਖੇ ਪਹਿਲਾਂ ਸੀਟ ਬੈਲਟ ਲਾਉ ਤੇ ਫਿਰ ਕਾਰ ਚਲਾਉ। ਕਾਰ ਵਿੱਚ ਬੈਲਟਾਂ ਘੱਟ ਸਨ ਤੇ ਸਵਾਰੀਆਂ ਜ਼ਿਆਦਾ। ਜਿਹੜੀ ਇੱਕ ਬੈਲਟ ਸੀ ਉਹ ਉਸਨੂੰ ਲਾ ਦਿੱਤੀ ਪਰ ਉਸਦੀ ਅਗਲੀ ਜ਼ਿਦ ਸੀ ਕਿ ਬੈਲਟਾਂ ਸਾਰੇ ਜਣੇ ਲਾਉ ਨਹੀਂ ਤਾਂ ਪੁਲੀਸ ਫੜ ਲਵੇਗੀ। ਉਸਨੂੰ ਸਮਝਾਇਆ ਕਿ ਆਪਾਂ ਹੁਣ ਇੰਡੀਆਂ 'ਚ ਹਾਂ ਆਸਟ੍ਰੇਲੀਆ ਵਿੱਚ ਨਹੀਂ। ਏਥੇ ਸੀਟ ਬੈਲਟਾਂ ਸਿਰਫ ਡਰਾਈਵਰ ਅੰਕਲ ਹੀ ਲਾਉਂਦੇ ਹਨ ਨਾਲੇ ਕਾਰ ਵਿੱਚ ਹਨੇਰਾ ਹੈ। ਪੁਲੀਸ ਨੂੰ ਪਤਾ ਨਹੀਂ ਲੱਗਣਾ ਕਿ ਬੈਲਟਾਂ ਲਾਈਆਂ ਹਨ ਜਾਂ ਨਹੀਂ। ਇਹ ਪਹਿਲੀ ਤਸਵੀਰ ਸੀ ਜੋ ਆਪਣੇ ਦੇਸ ਦੀ ਧਰਤੀ ਤੇ ਕਦਮ ਰੱਖਣ ਤੋਂ ਥੋੜਾਂ ਸਮਾਂ ਬਾਅਦ ਹੀ ਮੈਨੂੰ ਆਪਣੇ ਪੁੱਤਰ ਨੂੰ ਪੇਸ਼ ਕਰਨੀ ਪਈ। ਨਿਯਮਾਂ ਦੀ ਪਾਲਣਾ ਕਰਨ ਲਈ ਜੋ ਸੰਸਕਾਰ ਬਾਹਰਲੇ ਮੁਲਕਾਂ ਵਿੱਚ ਸਖਾਏ ਜਾਂਦੇ ਹਨ ਉਹਨਾਂ ਨੂੰ ਚਕਣਾ ਚੂਰ ਕਰਨ ਲਈ ਸਾਨੂੰ ਆਉਂਦਿਆਂ ਹੀ ਮਜ਼ਬੂਰ ਤੇ ਲਾਚਾਰ ਹੋਣਾ ਪੈਂਦਾ ਹੈ।

"ਤੁਸੀਂ ਬੱਚੇ ਨੂੰ ਅਜਿਹਾ ਕਿਉਂ ਕਹਿ ਰਹੇ ਹੋ? ਨਾਲੇ ਸਮਾਨ ਵਾਲੀ ਟਰਾਲੀ ਤਾਂ ਸੜਕ ਤੋਂ ਪਾਸੇ ਕਰ ਆਉਣੀ ਸੀ। ਉਥੇ ਤਾਂ ਬੜੇ ਚੰਗੇ ਬਣਦੇ ਹੋ" । ਪਟਨੀ ਵਿਚੋਂ ਵੀ ਵਿਦੇਸੀ ਸਭਿਆਚਾਰ ਬੋਲ ਰਿਹਾ ਸੀ। ਉਹ ਸਮਾਨ ਵਾਲੀ ਉਸ ਟਰਾਲੀ ਬਾਰੇ ਕਹਿ ਰਹੀ ਸੀ ਜਿਸ ਉਪਰੋਂ ਆਪਣਾ ਸਮਾਨ ਤਾਂ ਚੁੱਕ ਕੇ ਕਾਰ ਵਿੱਚ ਰੱਖ ਲਿਆ ਸੀ ਪਰ ਟਰਾਲੀ ਨਸ਼ੂੰ ਸੜਕ ਦੇ ਵਿਚਕਾਰ ਹੀ ਰਹਿਣ ਦਿੱਤਾ ਸੀ ਤੇ ਆਪ ਕਾਰ ਵਿੱਚ ਆਣ ਬੈਠਾ ਸਾਂ।

"ਏਥੇ ਸਭ ਚਲਦਾ ਹੈ" । ਮੈਂ ਏਨਾਂ ਆਖ ਉਸਨੂੰ ਤਾਂ ਟਾਲ ਦਿੱਤਾ ਪਰ ਆਪ ਸੋਚਣ ਲੱਗਾ ਕਿ ਮੈਂ ਅਜਿਹਾ ਕਿਉਂ ਕਿਹਾ ਜਾਂ ਮੈਂ ਅਜਿਹਾ ਕਿਉਂ ਕੀਤਾ? ਦਰਅਸਲ ਇਸ ਸੋਚ ਦੀ ਨਵਿਰਤੀ ਹੀ ਇਸ ਲੇਖ ਦਾ ਵਿਸ਼ਾ ਹੈ। 'ਰੋਮ ਵਿੱਚ ਜਾ ਕੇ ਰੋਮਨਾਂ ਵਾਲਾ ਵਰਤਾਉ' ਕਰਨ ਵਾਲੀ ਕਹਾਵਤ ਮਨ ਵਿੱਚ ਸੀ ਜਾਂ ਇਹ ਡਰ ਕਿ ਪਤਾ ਨਹੀਂ ਕਿਹੜੀ ਨੁਕਰੋਂ ਕੋਈ ਆ ਕੇ ਹੁਕਮ ਚਾੜਸ਼ ਦੇਵੇਗਾ ਕਿ ਸਰਦਾਰ ਜੀ ਗੱਡੀ ਇੱਕ ਪਾਸੇ ਲਾ ਲਵੋ ਤੇ ਸਮਾਨ ਚੈੱਕ ਕਰਵਾਉ। ਫਿਰ ਅਟੈਚੀ ਖੋਹਲਣ ਤੋਂ ਬਿਨਾਂ ਸਾਥੋਂ ਇਹ ਸਾਬਤ ਨਹੀਂ ਹੋਣਾ ਕਿ ਅਸੀਂ ਗਰੀਨ ਚੈਨਲ ਵਿੱਚਦੀ ਲੰਘ ਕੇ ਆਏ ਹਾਂ ਤੇ ਸਾਡੇ ਕੋਲ ਕੋਈ ਗੈਰ ਕਾਨੂੰਨੀ ਸਮਾਨ ਨਹੀਂ ਹੈ। ਸੜਕ ਦੇ ਕੰਢੇ ਤੇ ਖੁਲੇ ਹੋਏ ਅਟੈਚੀ ਵੇਖ ਕੇ, ਏਅਰਪੋਰਟ ਦੇ ਟਰਾਲੀ ਹੈਲਪਰ ਦੇ ਖਚਰੇ ਹਾਸੇ ਨੂੰ ਸਹਿਣ ਕਰਨ ਤੋਂ ਬਚਣ ਲਈ, ਮੈਂ ਜਲਦੀ ਤੁਰਨ ਦੇ ਯਤਨਾਂ ਵਿੱਚ ਸਾਂ। ਇਸ ਤੋਂ ਇਲਾਵਾ ਘਰ ਪਹੁੰਚਣ ਤੱਕ ਇਹ ਡਰ ਬਣਿਆ ਰਹਿੰਦਾ ਹੈ, ਕਿ ਪਤਾ ਨਹੀਂ ਸੂਟਕੇਸਾਂ ਦੀਆ ਰੱਸੀਆਂ ਕਿਹੜੇ ਨਾਕੇ ਤੇ ਖੋਹਲਣੀਆਂ ਪੈਣ ਜਾਂ ਕਿਹੜੇ ਢਾਬੇ ਤੋਂ ਸੂਟਕੇਸਾਂ ਵਿੱਚੋਂ ਆਉਦੀਆਂ ਖੁਸ਼ਬੋਆਂ ਨੂੰ ਸੁੰਘ ਕੇ, ਕੋਈ ਤੁਹਾਡੀ ਗੱਡੀ ਫਾਲੋ ਕਰਨ ਲੱਗ ਪਵੇ।

ਦਰਅਸਲ ਏਹੋ ਜਿਹੇ ਡਰ ਅਤੇ ਕਈ ਹੋਰ ਤਰਾਂ ਦੇ ਸ਼ੰਕੇ ਜ਼ਹਾਜ਼ ਦੇ ਉਤਰਦਿਆਂ ਹੀ ਮਨ ਵਿੱਚ ਆਉਣ ਲੱਗ ਪੈਂਦੇ ਹਨ ਕਿ ਪਤਾ ਨਹੀਂ ਇੰਮੀਗ੍ਰੇਸ਼ਨ ਵਾਲੇ ਕੀ ਕਹਿਣਗੇ? ਕਸਟਮ ਵਾਲੇ ਸਮਾਨ ਜਾਣ ਦੇਣਗੇ ਕਿ ਨਹੀਂ? ਬਾਹਰ ਨਿਕਲ ਕੇ ਤਾਂ ਕੋਈ ਪੰਗਾ ਨਹੀਂ ਪਵੇਗਾ? ਇੰਨਾਂ ਸ਼ੰਕਿਆਂ ਤੋਂ ਸੁਖਾਂਵੀਂ ਨਵਿਰਤੀ ਪ੍ਰਾਪਤ ਕਰਨ ਲਈ, ਨਾ ਚਹੁੰਦਿਆ ਹੋਇਆ ਵੀ ਅਜਿਹੀਆਂ ਹਰਕਤਾਂ ਕਰਨੀਆਂ ਪੈਂਦੀਆਂ ਹਨ ਜਿਨਾਂ ਨੂੰ ਵੇਖ ਕੇ, ਦੂਸਰਿਆਂ ਨੂੰ ਦੁਖ ਮਹਿਸੂਸ ਹੁੰਦਾ ਹੈ ਕਿ ਕਈ ਕਈ ਸਾਲ ਵਿਦੇਸ਼ਾਂ ਵਿੱਚ ਬਤਾਉਣ ਪਿਛੋਂ ਵੀ, ਸਾਡੇ ਲੋਕਾਂ ਨੂੰ ਤਹਿਜ਼ੀਬ ਪਤਾ ਨਹੀ ਕਦੋਂ ਆਵੇਗੀ?

ਵਿਦੇਸ਼ੀ ਸਲੀਕੇ ਦਾ ਜਨਾਜ਼ਾ ਇੰਮੀਗ੍ਰੇਸ਼ਨ ਵਾਲੀ ਲਾਈਨ ਤੋੜਨ ਨਾਲ ਹੀ ਸ਼ੁਰੂ ਹੋ ਜਾਂਦਾ ਹੈ ਅਤੇ ਇਹ ਉਸ ਵੇਲੇ ਹੋਰ ਵੀ ਸਿਖਰ ਤੇ ਪਹੁੰਚ ਜਾਂਦਾ ਹੈ ਜਦੋਂ ਵਿਦੇਸ਼ਾਂ ਵਿੱਚ ਹੱਸ ਕੇ ਹਜ਼ਾਰਾਂ ਡਾਲਰ ਟੈਕਸ ਦੇਣ ਵਾਲੇ ਲੋਕ, ਆਪਣੀ ਧਰਤੀ ਤੇ ਪੈਰ ਰੱਖਦਿਆਂ ਹੀ, ਪਹਿਲਾ ਯਤਨ ਕਰਦੇ ਹਨ ਕਿ ਕਿਸੇ ਨਾ ਕਿਸੇ ਤਰਾਂ ਬਿਨਾਂ ਕਸਟਮ ਡਿਊਟੀ ਦਿੱਤਿਆਂ, ਉਹਨਾਂ ਦਾ ਸਾਰਾ ਸਮਾਨ ਏਅਰਪੋਰਟ ਤੋਂ ਬਾਹਰ ਨਿਕਲ ਜਾਵੇ। ਵਿਦੇਸ਼ੀ ਕਲਚਰ ਦਾ ਇਮਾਨਦਾਰ ਹਿੱਸਾ ਬਣੇ ਇਹ ਲੋਕ, ਏਅਰਪੋਰਟ ਦੇ ਅਧਿਕਾਰੀਆਂ ਨੂੰ ਵਿਦੇਸ਼ੀ ਸੈਂਟਾਂ, ਸ਼ਰਾਬ ਜਾਂ ਡਾਲਰਾਂ ਨਾਲ ਰੁਝਾ ਕੇ, ਰੰਗ ਬਰੰਗੀਆਂ ਰੱਸੀਆਂ ਨਾਲ ਬੱਝੇ ਬਝਾਏ ਸੂਟਕੇਸ, ਬਿਨਾਂ ਡਿਊਟੀ ਅਦਾ ਕੀਤਿਆਂ ਬਾਹਰ ਲੈ ਜਾਣ ਵਿੱਚ ਸਫਲ ਹੋ ਜਾਂਦੇ ਹਨ ਤੇ ਫਿਰ ਬੜੇ ਮਾਣ ਨਾਲ ਉਹ ਆਪਣੀ ਇਸ ਪ੍ਰਾਪਤੀ ਦਾ ਜ਼ਿਕਰ ਦੂਸਰਿਆਂ ਕੋਲ ਕਰਦੇ ਹਨ।

ਪਰ ਵਿਦੇਸ਼ਾਂ ਵਿੱਚ ਅਜਿਹਾ ਨਹੀਂ ਹੈ। ਉਥੇ ਲਾਈਨ ਬਣਾਈ ਰੱਖਣ ਵਾਲੇ ਬਹੁਤੇ ਹੁੰਦੇ ਹਨ ਤੇ ਤੋੜਨ ਵਾਲੇ ਘੱਟ, ਸੜਕ ਵਿੱਚੋਂ ਟਰਾਲੀ ਹਟਾਉਣ ਵਾਲੇ ਜਿਆਦਾ ਅਤੇ ਵਿੱਚ ਛੱਡਣ ਵਾਲੇ ਥੋੜਸ਼ੇ, ਡਿਊਟੀ ਭਰਨ ਤੋਂ ਬਿਨਾਂ ਸਮਾਨ ਲੈ ਜਾਣ ਬਾਰੇ ਕਹਿਣਾ ਤਾਂ ਕੀ, ਅਜਿਹਾ ਕਰਨ ਬਾਰੇ ਕੋਈ ਸੋਚਦਾ ਵੀ ਨਹੀਂ। ਇਹਨਾਂ ਮੁਲਕਾਂ ਵਿੱਚ ਪ੍ਰਬੰਧਕੀ ਢਾਂਚਾ ਮਜਬੂਤ ਹੁੰਦਾ ਹੈ। ਜਿਥੇ 'ਉਹ' ਟੈਕਸ ਕੱਟਦੇ ਹਨ, ਉਥੇ ਹਰ ਬਣਦੀ ਮੁਢਲੀ ਸਹੂਲਤ ਹਰ ਆਮ ਨਾਗਰਿਕ ਨੂੰ, ਬਿਨਾਂ ਕਿਸੇ ਵਿਤਕਰੇ ਅਤੇ ਪ੍ਰੇਸ਼ਾਨੀ ਦੇ ਪ੍ਰਾਪਤ ਹੰਦੀ ਹੈ। ਇਸੇ ਲਈ ਤਾਂ ਆਮ ਨਾਗਰਿਕ, ਬਣਦੀਆਂ ਅਦਾਇਗੀਆਂ ਨੂੰ ਵੇਲੇ ਸਿਰ ਭਰਨਾਂ ਆਪਣਾ ਫਰਜ਼ ਸਮਝਦਾ ਹੈ।

ਮੈਂ ਆਪਣੀ ਦਸਦਾ ਹਾਂ। ਆਸਟ੍ਰੇਲੀਆ ਵਿਖੇ ਮੈਂ ਬੱਸ ਰਾਂਹੀ ਆਪਣੇ ਕੰਮ ਤੇ ਆਉਂਦਾ ਜਾਂਦਾ ਸਾਂ। ਬਸ ਸਰਵਿਸ ਏਨੀ ਵਧੀਆ ਕਿ ਪੁਛੋ ਹੀ ਨਾ। ਨਵੀਆਂ ਨਕੋਰ ਲਗਦੀਆਂ ਸਾਫ ਸੁਥਰੀਆਂ ਏਅਰ ਕੰਡੀਸ਼ਨਡ ਬੱਸਾਂ। ਜੇਕਰ ਕਿਸੇ ਬਾਜ਼ੁਰਗ ਨੂੰ ਬੱਸ ਵਿੱਚ ਚੜਨ ਸਮੇਂ ਉੱਚਾ ਸਟੇਪ ਲੈਣ ਵਿੱਚ ਦਿਕਤ ਆਉਂਦੀ ਹੋਵੇ, ਤਾਂ ਬੱਸ ਦਾ ਡਰਾਈਵਰ, ਬਸ ਨੂੰ ਇਸ ਢੰਗ ਨਾਲ ਨੀਵਆਂ ਕਰ ਦਿੰਦਾ ਹੈ ਕਿ ਬਾਜ਼ੁਰਗ ਆਸਾਨੀ ਨਾਲ ਬੱਸ ਵਿੱਚ ਚੜਸ਼ ਸਕਨ। ਟਾਈਮ ਦੀ ਪੂਰੀ ਪਾਬੰਦੀ। ਕੋਈ ਓਵਰਲੋਡ ਨਹੀ। ਗੱਲ ਕੀ ਹਰ ਸਹੂਲਤ। ਦੋ ਸਾਲਾਂ ਵਿੱਚ ਸਿਰਫ ਤੇ ਸਿਰਫ ਇੱਕ ਵਾਰ ਹੀ ਟਿਕਟਾਂ ਦੀ ਚੈਕਿੰਗ ਹੋਈ। ਟਿਕਟਾਂ ਵਾਸਤੇ ਕੋਈ ਕੰਡਕਟਰ ਨਹੀਂ। ਬਸ ਦਾ ਡਰਾਈਵਰ ਹੀ ਟਿਕਟਾਂ ਦਿੰਦਾ ਹੈ। ਟੁਟੇ ਪੈਸਿਆਂ ਦਾ ਕੋਈ ਰੌਲਾ ਨਹੀਂ। ਅਬਲ ਤਾਂ ਹਰ ਕੋਈ ਬਣਦੇ ਕਰਾਏ ਦੇ ਟੁਟੇ ਪੈਸੇ ਲੈ ਕੇ ਬੱਸ ਵਿੱਚ ਚੜਨਾਂ ਆਪਣਾ ਫਰਜ ਸਮਝਦਾ ਹੈ ਪਰ ਫਿਰ ਵੀ ਜੇਕਰ ਕਿਸੇ ਕੋਲ ਭਾਨ ਨਾ ਵੀ ਹੋਵੇ ਤਾਂ ਡਰਾਈਵਰ ਕੋਲ ਭਾਨ ਹੁੰਦਾ ਹੈ। ਪਰ ਇੱਕ ਦਿਨ ਜਦ ਮੈਂ ਆਪਣੇ ਕੰਮ ਤੋਂ ਵਾਪਿਸ ਪਰਤ ਰਿਹਾਂ ਸਾਂ ਤਾਂ ਇੱਕ ਅੰਗਰੇਜ਼ ਨੌਜੁਆਨ ਡਰਾਈਵਰ, ਬੱਸ ਚਲਾ ਰਿਹਾ ਸੀ। ਮੇਰੇ ਕੋਲ ਢਾਈ ਡਾਲਰ ਟੁਟੇ ਨਹੀਂ ਸਨ। ਮੈਂ ਉਸਨੂੰ ਵੀਹ ਡਾਲਰ ਦਾ ਨੋਟ ਟਿਕਟ ਵਾਸਤੇ ਦਿੱਤਾ। ਉਸਨੇ ਆਪਣੀ ਕੈਸ ਟ੍ਰੇਅ ਚੈੱਕ ਕੀਤੀ ਪਰ ਉਸ ਕੋਲ ਬਕਾਇਆ ਦੇਣ ਲਈ ਭਾਨ ਨਹੀਂ ਸੀ।

"ਕੋਈ ਗੱਲ ਨਹੀਂ। ਤੁਸੀਂ ਚੜਸ਼ ਆਵੋ ਤੇ ਆਰਾਮ ਨਾਲ ਬੈਠੋ" ਡਰਾਈਵਰ ਨੇ ਮੁਸਕਰਾ ਕੇ ਕਿਹਾ। ਇਹ ਪਹਿਲੀ ਵਾਰ ਹੋਇਆ ਸੀ ਕਿ ਡਰਾਈਵਰ ਕੋਲ ਟੁੱਟੇ ਪੈਸੇ ਨਾ ਹੋਣ ਤੇ ਮੈਂ ਬਿਨਾਂ ਟਿਕਟ ਦੇ ਸਫਰ ਕਰਾਂ। ਮੈਂ ਬਸ ਵਿੱਚ ਚੜ ਤਾਂ ਗਿਆ ਪਰ ਜਦ ਮੈਂ ਬੱਸ ਵਿਚਲੀਆਂ ਹੋਰ ਸਵਾਰੀਆਂ ਵੱਲ ਝਾਤੀ ਮਾਰੀ ਤਾਂ ਉਹ ਮੇਰੇ ਵੱਲ ਇਸ ਤਰਾਂ ਵੇਖ ਰਹੀਆਂ ਸਨ ਜਿਵੇਂ ਮੈਂ ਬਹੁਤ ਵੱਡਾ ਚੋਰ ਹੋਵਾਂ। ਪਰ ਇਸ ਵਿੱਚ ਮੇਰਾ ਕੋਈ ਕਸੂਰ ਨਹੀਂ ਸੀ। ਵੀਹ ਡਾਲਰ ਦਾ ਨੋਟ ਹਾਲੇ ਵੀ ਮੇਰੇ ਹੱਥ ਵਿੱਚ ਸੀ। ਮੈਂ ਮਨਚਲੇ ਡਰਾਈਵਰ ਬਾਰੇ ਸੋਚਨ ਲੱਗਾ ਕਿ ਹੋ ਸਕਦਾ ਹੈ ਕਿ ਉਸ ਕੋਲ ਸੱਚਮੁਚ ਹੀ ਟੁੱਟੇ ਪੈਸੇ ਨਾ ਹੋਣ ਜਾਂ ਉਸਨੇ ਗਿਨਣ ਖੁਣੋਂ ਹੀ ਕਹਿ ਦਿੱਤਾ ਹੋਵੇ। ਨਾਲੇ ਮੈਂ ਅਗਲੇ ਸਟਾਪ ਤੇ ਹੀ ਤਾਂ ਉੱਤਰ ਜਾਣਾ ਸੀ ਪਰ ਜੇਕਰ ਇਸ ਦੌਰਾਨ ਹੀ ਚੈਕਿੰਗ ਹੋ ਗਈ ਤਾਂ ਮੈਂ ਕੀ ਕਹਾਂਗਾਂ ਕਿ ਡਰਾਈਵਰ ਨੇ ਟਿਕਟ ਨਹੀਂ ਦਿੱਤੀ। ਇਹ ਕਿਸੇ ਨੇ ਮੰਨਣਾ ਨਹੀਂ ਤੇ ਇਹ ਪ੍ਰਚਾਰ ਹੋ ਜਾਣਾ ਹੈ ਕਿ ਸਰਦਾਰ ਲੋਕ ਬੱਸਾਂ ਵਿੱਚ ਟਿਕਟਾਂ ਨਹੀਂ ਲੈਂਦੇ। ਦੂਸਰੇ ਪਾਸੇ ਇਹ ਵੀ ਸੋਚਦਾ ਸਾਂ ਕਿ ਚਲੋ ਚੰਗਾ ਹੀ ਹੋਇਆ। ਢਾਈ ਡਾਲਰ ਭਾਵ ਸੱਠ ਸੱਤਰ ਰੁਪਈਏ ਬਚ ਗਏ। ਪਰ ਬੱਸ ਦੀਆਂ ਸਹੂਲਤਾਂ ਨੂੰ ਵੇਖਦਿਆਂ ਮੈਨੂੰ ਆਪਣੀ ਇਹ ਸੋਚ ਬੜੀ ਘਟੀਆ ਲੱਗੀ। ਆਪਣੇ ਸਟਾਪ ਤੇ ਉਤਰ ਤਾਂ ਗਿਆ ਪਰ ਮਨ ਉਤੇ ਮਨਾਂਮੂੰਹੀਂ ਭਾਰ ਸੀ। ਬੱਸ ਡਰਾਈਵਰ ਨੇ ਢਾਈ ਡਾਲਰ ਦਾ ਕਰਜ਼ਾ ਮੇਰੇ ਸਿਰ ਚਾੜ ਦਿੱਤਾ ਸੀ ਤੇ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੇਂ ਇਹ ਕਰਜ਼ਾ ਕਿਸ ਤਰਾਂ ਉਤਾਰਾਂਗਾਂ। ਕਦੀ ਸੋਚਦਾ ਢਾਈ ਡਾਲਰ ਖਜ਼ਾਨੇ ਵਿੱਚ ਜਮਾਂ ਕਰਵਾ ਦੇਵਾਂ, ਕਿਸੇ ਚੈਰੀਟੀ ਦੀ ਗੋਲਕ ਵਿੱਚ ਪਾ ਦੇਵਾਂ ਪਰ ਇਸ ਨਾਲ ਉਹਨਾਂ ਤੱਕਣੀਆਂ ਦੀ ਪੂਰਤੀ ਨਹੀਂ ਸੀ ਹੋਣੀ ਜੋ ਬੱਸ ਵਿੱਚਲੀਆ ਸਵਾਰੀਆਂ ਨੇ ਮੇਰੇ ਵੱਲ ਤੱਕੀਆਂ ਸਨ। ਮੈਂ ਇਸ ਪ੍ਰਬੰਧ ਦਾ ਸਹੀ ਅਰਥਾਂ ਵਿੱਚ ਕਰਜ਼ਾ ਮੋੜਨਾਂ ਚਾਹੁੰਦਾ ਸਾਂ।

ਸਮਾਂ ਬੀਤਦਾ ਗਿਆ ਪਰ ਕੋਈ ਵਧੀਆ ਅਦਾਇਗੀ ਨਹੀਂ ਸਾਂ ਸੋਚ ਸਕਿਆ। ਏਨੇ ਚਿਰ ਨੂੰ ਕਨੈਡਾ ਮੂਵ ਹੋ ਜਾਣ ਦਾ ਪ੍ਰੋਗਰਾਮ ਬਣ ਗਿਆ। ਜਾਣ ਦੀ ਤਾਰੀਖ਼ ਵੀ ਤਹਿ ਹੋ ਗਈ ਪਰ ਸਿਰ ਤੇ ਕਰਜ਼ਾ ਜਿਉਂ ਦਾ ਤਿਉਂ ਸੀ। ਕਨੈਡਾ ਜਾਣ ਲਈ ਫਲਾਈਟ ਤੋਂ ਇੱਕ ਦਿਨ ਪਹਿਲਾਂ ਸ਼ਾਮ ਨੂੰ ਮੈਂ ਬੱਸ ਰਾਂਹੀ ਘਰ ਪਰਤ ਰਿਹਾਂ ਸਾਂ ਕਿ ਬੱਸ ਦੇ ਕੋਲ ਦੀ ਇੱਕ ਐਂਬੂਲੈਂਸ ਉੱਚੀ ਉੱਚੀ ਸਾਇਰਨ ਮਾਰਦੀ ਹੋਈ ਲੰਘੀ। ਕੋਈ ਐਕਸੀਡੈਂਟ ਹੋਇਆ ਲਗਦਾ ਸੀ ਤੇ ਫੱਟੜ ਨੂੰ ਹਸਪਤਾਲ ਪਹੁੰਚਾਇਆ ਜਾ ਰਿਹਾ ਸੀ। ਇੱਕਦਮ ਮਨ ਵਿੱਚ ਖਿਆਲ ਆਇਆ ਕਿ ਫੱਟੜ ਨੂੰ ਖੂਨ ਦੀ ਵੀ ਲੋੜ ਪੈ ਸਕਦੀ ਹੈ ਤੇ ਖੂਨ ਦੇ ਕੇ ਮੈਂ ਆਪਣਾ ਕਰਜ਼ਾ ਲਾਹ ਸਕਦਾ ਹਾਂ। ਪਰ ਇਹ ਕਿਵੇਂ ਸੰਭਵ ਸੀ। ਸ਼ਾਮ ਦਾ ਸਮਾਂ ਸੀ, ਸਵੇਰੇ ਫਲਾਈਟ ਸੀ ਅਤੇ ਸਿਧਾ ਹਸਪਤਾਲ ਜਾ ਕੇ ਬਲੱਡ ਡੋਨੇਟ ਨਹੀਂ ਸੀ ਕੀਤਾ ਜਾ ਸਕਦਾ। ਪਰ ਕਰਜ਼ਾ ਵੀ ਤਾਂ ਲਾਹੁਣਾ ਸੀ ਤੇ ਬਲੱਡ ਦੇਣਾ ਹੀ ਇੱਕੋ ਇੱਕ ਵਧੀਆ ਅਦਾਇਗੀ ਸੀ। ਸੋ ਮੈਂ ਬਲੱਡ ਦੇਣ ਦਾ ਫੈਸਲਾ ਕਰਕੇ, ਅਗਲੇ ਬੱਸ ਸਟਾਪ ਤੇ ਬੱਸ ਵਿੱਚੋਂ ਉਤਰ ਗਿਆ। ਬਲੱਡ ਬੈਂਕ ਦਾ ਪਤਾ ਕੀਤਾ ਤੇ ਅਗਲੇ ਹੀ ਪਲ ਮੈਂ ਰੈੱਡ ਕਰਾਸ ਆਫ ਆਸਟ੍ਰੇਲੀਆ ਦੀ ਬਲੱਡ ਡਵੀਜ਼ਨ ਵਿਖੇ ਖ਼ੂਨ ਦਾਨ ਕਰ ਰਿਹਾ ਸਾਂ। ਮੈਂ ਜਾਣਦਾ ਸਾਂ ਕਿ ਘਰ ਲੇਟ ਪਹੁੰਚਣ ਕਰਕੇ ਹੰਗਾਮਾਂ ਹੋਵੇਗਾ ਪਰ ਜੋ ਮੈਨੂੰ ਜੋ ਰਾਹਤ ਖ਼ੂਨ ਦੇ ਕੇ ਮਿਲੀ ਸੀ, ਉਹ ਪਤਨੀ ਦੇ ਗੁਸੇ ਤੋਂ ਕਿਤੇ ਵੱਧ ਸੀ। ਢਾਈ ਡਾਲਰ ਦਾ ਕਰਜ਼ਾ ਲਾਹ ਕੇ, ਮੈਂ ਆਪਣੇ ਆਪ ਨੂੰ ਹੌਲਾ ਫੁੱਲ ਮਹਿਸੂਸ ਕਰ ਰਿਹਾ ਸਾਂ ਤੇ ਸਵੇਰੇ ਕਨੈਡਾ ਜਾਣ ਲਈ ਸੁਰਖ਼ਰੂ ਸਾਂ।

ਇਸ ਸਾਰੇ ਕੁਝ ਤੋਂ ਮੇਰਾ ਭਾਵ ਕਿ ਜਿਹੜਾ ਸਿਸਟਮ ਤੁਹਾਡੀ ਕੇਅਰ ਕਰਦਾ ਹੈ, ਉਸ ਬਾਰੇ ਬਹੁਤ ਸਾਰੇ ਲੋਕ ਵਫ਼ਾਦਾਰ ਹਨ ਅਤੇ ਜਿਹੜਾ ਸਿਸਟਮ ਤੁਹਾਡੇ ਬਾਰੇ ਨਹੀਂ ਸੋਚਦਾ, ਉਸਦੇ ਲੋਕ ਪ੍ਰਬੰਧਕੀ ਢਾਂਚੇ ਨੂੰ ਤੋੜ ਮਰੋੜ ਕੇ, ਆਪਣੇ ਆਪਣੇ ਵੱਲ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਏਸੇ ਲਈ ਵਿਦੇਸ਼ਾਂ ਵਿੱਚ ਉਮਰਾਂ ਗਾਲ ਕੇ, ਉਥੋਂ ਦੇ ਤੌਰ ਤਰੀਕੇ ਸਿੱਖ ਕੇ ਲੋਕ, ਜਦ ਆਪਣੇ ਦੇਸ਼ ਵਾਪਸ ਪਰਤਦੇ ਹਨ ਤਾਂ ਏਅਰਪੋਰਟ ਤੇ ਹੀ, ਵਿਦੇਸ਼ੀ ਸਭਿਆਚਾਰ ਦੀਆਂ ਚੰਗੀਆਂ ਗੱਲਾਂ ਨੂੰ ਇੱਕ ਪਾਸੇ ਰੱਖਕੇ, ਆਪਣੇ ਦੇਸ਼ ਦੇ ਸਿਸਟਮ ਨੂੰ ਅਪਣਾਉਣ ਲਈ ਮਜ਼ਬੂਰ ਹੋਣਾ ਪੈਂਦਾ ਹੈ ਜਿਸ ਤੋਂ ਲਗਦਾ ਹੈ ਕਿ ਏਨੇ ਸਾਲਾਂ ਵਿੱਚ ਵੀ ਉਹਨਾਂ ਨੇ ਵਿਦੇਸ਼ੀ ਸਲੀਕਾ ਨਹੀਂ ਸਿਖਿਆ॥ ਜੋ ਇਸ ਸਿਸਟਮ ਦੀ ਸਮਾਜਿਕ ਬਨਤਰ ਅਤੇ ਪ੍ਰੰਬਧਕੀ ਢਾਂਚੇ ਵਿੱਚ ਫਿਟ ਨਹੀਂ ਹੁੰਦੇ, ਉਹਨਾਂ ਨੂੰ ਏਅਰਪੋਰਟ ਤੋਂ ਲੈ ਕੇ ਆਪਣੇ ਸਟੇਅ ਦੌਰਾਨ ਤੇ ਵਾਪਿਸ ਵਿਦੇਸ਼ ਪਰਤਣ ਤੱਕ, ਕਈ ਪ੍ਰਕਾਰ ਦੀਆਂ ਮੁਸੀਬਤਾਂ ਅਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਨਾਂ ਪੈ ਸਕਦਾ ਹੈ। ਵਿਦੇਸ਼ ਤੋਂ ਆਏ ਮੇਰੇ ਮਾਮੇ ਦੇ ਪੁੱਤ ਭਰਾ ਨ, ਵਿਦੇਸ਼ੀ ਸਲੀਕਾ ਅਪਣਾਉਣ ਦੇ ਯਤਨ ਵਜੋਂ, ਚੰਡੀਗੜਸ਼ ਦੀ ਇੱਕ ਸੜਕ ਤੇ ਜ਼ੈਬਰਾ ਕਰਾਸਿੰਗ ਤੇ ਸੜਸ਼ਕ ਪਾਰ ਕਰਨ ਲਈ ਖੜੀਆਂ ਕੁਝ ਔਰਤਾਂ ਨੂੰ, ਆਪਣੀ ਕਾਰ ਰੋਕ ਕੇ ਲੰਘ ਜਾਣ ਦਾ ਇਸ਼ਾਰਾ ਕੀਤਾ ਤਾਂ ਉਹ ਔਰਤਾਂ ਉਸਦਾ ਧੰਨਵਾਦ ਕਰਨ ਦੀ ਥਾਂ ਉਸਦੇ ਗਲ ਪੈ ਗਈਆ, ਕਿ ਉਸਨੇ ਉਹਨਾਂ ਨੂੰ ਵੇਖ ਕੇ ਜਾਣਬੁੱਝ ਕੇ ਕਾਰ ਰੋਕੀ ਹੈ ਤੇ ਇਸ਼ਾਰਾ ਕੀਤਾ ਹੈ। ਮਾਮਲਾ ਪੁਲੀਸ ਕੋਲ ਜਾਣੋ ਮਸਾਂ ਟੱਲਿਆ। ਏਸੇ ਕਰਕੇ ਸੀਟ ਬੈਲਟ ਸਬੰਧੀ ਮੈਂ ਆਪਣੇ ਪੁਤਰ ਨੂੰ ਤਰਕ ਵਿਹੂਣੀ ਦਲੀਲ ਦੇ ਕੇ ਟਾਲ ਦਿੱਤਾ ਸੀ ਤੇ ਸਮਾਨ ਵਾਲੀ ਟਰਾਲੀ, ਸੜਕ ਵਿਚਾਲੇ ਛੱਡ ਦੇਣਾ ਮੈਨੂੰ ਬੁਰਾ ਨਹੀਂ ਸੀ ਲੱਗਾ। ਮੇਰੀ ਪਟਨੀ ਅਜ ਤੱਕ ਵੀ ਇਸ ਦਲੀਲ ਤੇ ਕਾਇਮ ਹੈ ਕਿ ਵਿਦੇਸ਼ਾਂ ਵਿੱਚ ਅਸੀਂ ਜੋ ਕੁਝ ਚੰਗਾਂ ਸਿਖਦੇ ਹਾਂ, ਉਸਨੂੰ ਆਪਣੇ ਦੇਸ਼ ਵਿੱਚ ਵੀ, ਅਮਲ ਵਿੱਚ ਲਿਆਉਣਾ ਚਾਹੀਦਾ ਹੈ।

ਪਰ ਇਸ ਸਾਰੇ ਕੁਝ ਤੋਂ ਮੇਰਾ ਹਰਗਿਜ਼ ਇਹ ਭਾਵ ਨਹੀਂ, ਕਿ ਇੰਡੀਆ ਜਾਣਾ ਇੱਕ ਖ਼ਤਰਨਾਕ ਪ੍ਰੋਜੈਕਟ ਹੈ। ਉਪਰ ਦੱਸੇ ਡਰ ਜਾਂ ਖਤਰੇ ਉਹਨਾਂ ਚਾਵਾਂ ਅਤੇ ਰੀਝਾਂ ਸਾਹਮਣੇ ਨਾ ਮਾਤਰ ਹਨ ਜੋ ਇੱਕ ਭਾਰਤੀ, ਵਿਦੇਸ਼ ਵਿੱਚੋਂ ਆਪਣੇ ਮਨ ਵਿੱਚ ਲੈ ਕੇ ਆਉਂਦਾ ਹੈ। ਮਾਂ ਪਿਉ ਦੀ ਆਸੀਸ, ਭੈਣ ਭਰਾਵਾਂ ਦੀ ਚਾਅ ਭਰੀ ਗਲਵਕੜੀ, ਰਿਸ਼ਤੇਦਾਰਾ ਦੀਆਂ ਟਿਚਰਾਂ ਅਤੇ ਯਾਰਾਂ ਮਿਤਰਾਂ ਦੇ ਉਲਾਂਭੇ। ਬਾਜ਼ੁਰਗਾਂ ਦੇ ਠੰਡੇ ਤੱਤੇ ਬਿਸਤਰਿਆਂ ਵਿੱਚ ਘੁਸਰਕੇ ਨਿਘਿਆ ਹੋਣਾ, ਮਾਂ ਜਾਂ ਦਾਦੀ ਦੇ ਹੱਥਾਂ ਦੀ ਬਣੀ ਘਰ ਦੇ ਦੁੱਧ ਦੀ ਬਰਫੀ ਤੇ ਕਿੰਨਾਂ ਕੁਝ ਹੋਰ । ਵਿਦੇਸ਼ੀ ਸਿਸਟਮ ਭਾਵੇਂ ਕਿੰਨਾਂ ਵੀ ਚੰਗਾ ਕਿਉਂ ਨਾ ਹੋਵੇ ਜਾਂ ਆਪਣਾ ਸਿਸਟਮ ਕਿੰਨਾਂ ਵੀ ਮਾੜਾ ਕਿਉਂ ਨਾ ਹੋਵੇ, ਇਹ ਚੀਜ਼ਾਂ ਪ੍ਰਦੇਸਾਂ ਵਿੱਚ ਨਹੀਂ ਮਿਲਦੀਆਂ। ਸਾਰੀ ਉਮਰ ਬੰਦਾ ਇੰਨਾਂ ਲਈ ਤਰਸਦਾ ਹੈ।

# ਮੌਤ ਕੀ ਹੈ...?



ਜੇਕਰ ਤੁਸੀਂ ਜੀਵਨ ਨੂੰ ਡੂੰਘਾਈ ਨਾਲ ਦੇਖੋ ਤਾਂ ਤੁਸੀਂ ਜਾਣ ਸਕੋਗੇ ਕਿ ਮੌਤ ਕੀ ਹੈ। ਅਤੇ ਜੇਕਰ ਤੁਸੀਂ ਇਹ ਸਮਝ ਲਿਆ ਕਿ ਮੌਤ ਕੀ ਹੈ ਤਾਂ ਹੀ ਤੁਸੀਂ ਜੀਵਨ ਨੂੰ ਵੀ ਸਮਝ ਸਕੋਗੇ। ਜੀਵਨ ਅਤੇ ਮੌਤ ਜੈਵਿਕ ਰੂਪ ਵਿੱਚ ਇੱਕ ਹੀ ਹਨ – ਉਹ ਅਲੱਗ-ਅਲੱਗ ਨਹੀਂ ਹਨ।

ਆਮ ਤੌਰ 'ਤੇ, ਡਰ ਦੇ ਕਾਰਨ, ਅਸੀਂ ਉਨ੍ਹਾਂ ਵਿਚਕਾਰ ਇੱਕ ਪਾੜਾ ਪੈਦਾ ਕਰ ਲਿਆ ਹੈ। ਅਸੀਂ ਸੋਚਦੇ ਹਾਂ ਕਿ ਜੀਵਨ ਚੰਗਾ ਹੈ ਅਤੇ ਮੌਤ ਬੁਰੀ ਹੈ। ਅਸੀਂ ਸੋਚਦੇ ਹਾਂ ਕਿ ਜੀਵਨ ਨੂੰ ਚਾਹੁੰਨਾ ਚਾਹੀਦਾ ਹੈ ਅਤੇ ਮੌਤ ਤੋਂ ਬਚਣਾ ਚਾਹੀਦਾ ਹੈ। ਅਸੀਂ ਸੋਚਦੇ ਹਾਂ ਕਿ ਕਿਸੇ ਤਰ੍ਹਾਂ ਸਾਨੂੰ ਮੌਤ ਤੋਂ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ। ਇਹ ਮੂਰਖਤਾ ਭਰੀ ਧਾਰਨਾ ਸਾਡੇ ਜੀਵਨ ਵਿੱਚ ਬੇਅੰਤ ਦੁੱਖ ਪੈਦਾ ਕਰਦੀ ਹੈ ਕਿਉਂਕਿ ਜੋ ਕੋਈ ਵੀ ਮੌਤ ਤੋਂ ਆਪਣੇ ਆਪ ਨੂੰ ਬਚਾਉਣ 'ਚ ਲੱਗ ਜਾਂਦਾ ਹੈ ਉਹ ਜੀਵਨ ਜੀਣ ਦੇ ਅਯੋਗ ਹੋ ਜਾਂਦਾ ਹੈ।

ਉਹ ਉਸ ਆਦਮੀ ਵਰਗਾ ਹੈ ਜੋ ਸਾਹ ਛੱਡਣ ਤੋਂ ਡਰਦਾ ਹੈ — ਇਸ ਲਈ ਉਹ ਸਾਹ ਅੰਦਰ ਵੀ ਨਹੀਂ ਲੈ ਸਕਦਾ। ਉਹ ਉੱਥੇ ਹੀ ਅਟਕ ਜਾਂਦਾ ਹੈ। ਫਿਰ ਉਹ ਬਸ ਰੀਂਗਦਾ ਹੈ; ਉਸਦਾ ਜੀਵਨ ਫਿਰ ਵਹਾਅ ਨਹੀਂ ਰਹਿੰਦਾ, ਉਸਦਾ ਜੀਵਨ ਫਿਰ ਦਰਿਆ ਨਹੀਂ ਰਹਿੰਦਾ।

ਜੇ ਤੁਸੀਂ ਸੱਚਮੁੱਚ ਜੀਣਾ ਚਾਹੁੰਦੇ ਹੋ, ਤਾਂ ਤੁਹਾਨੂੰ ਮਰਨ ਲਈ ਵੀ ਤਿਆਰ ਰਹਿਣਾ ਹੋਵੇਗਾ। ਤੁਹਾਡੇ ਅੰਦਰ ਮੌਤ ਤੋਂ ਡਰ ਕੌਣ ਰਿਹਾ ਹੈ? ਕੀ ਜੀਵਨ ਮੌਤ ਤੋਂ ਡਰਦਾ ਹੈ? ਇਹ ਸੰਭਵ ਹੀ ਨਹੀਂ ਹੈ। ਜੀਵਨ ਆਪਣੇ ਹੀ ਅਨਿੱਖੜਵੇਂ ਹਿੱਸੇ ਤੋਂ ਕਿਵੇਂ ਡਰ ਸਕਦਾ ਹੈ? ਤੁਹਾਡੇ ਅੰਦਰ ਕੁਝ ਹੋਰ ਹੈ ਜੋ ਡਰ ਰਿਹਾ ਹੈ। ਇਹ ਹਉਮੈ (ਓਗੋ) ਹੈ ਜੋ ਡਰਦੀ ਹੈ। ਜੀਵਨ ਅਤੇ ਮੌਤ ਇੱਕ ਦੂਜੇ ਦੇ ਵਿਰੋਧੀ ਨਹੀਂ ਹਨ; ਹਉਮੈ ਅਤੇ ਮੌਤ ਵਿਰੋਧੀ ਹਨ। ਜੀਵਨ ਅਤੇ ਮੌਤ ਵਿਰੋਧੀ ਨਹੀਂ ਹਨ; ਹਉਮੈ ਅਤੇ ਜੀਵਨ ਵਿਰੋਧੀ ਹਨ।

ਹਉਮੈ ਦੋਵਾਂ ਦੇ ਵਿਰੁੱਧ ਹੈ — ਜੀਵਨ ਦੇ ਵੀ ਅਤੇ ਮੌਤ ਦੇ ਵੀ।

ਹਉਮੈ ਜਿਉਣ ਤੋਂ ਵੀ ਡਰਦੀ ਹੈ ਅਤੇ ਮਰਨ ਤੋਂ ਵੀ ਡਰਦੀ ਹੈ। ਇਹ ਜਿਉਣ ਤੋਂ ਡਰਦੀ ਹੈ ਕਿਉਂਕਿ ਜੀਵਨ ਵੱਲ ਹਰ ਕਦਮ ਮੌਤ ਨੂੰ ਹੋਰ ਨੇੜੇ ਲੈ ਆਉਂਦਾ ਹੈ। ਜੇਕਰ ਤੁਸੀਂ ਜੀਉਂਦੇ ਹੋ ਤਾਂ ਤੁਸੀਂ ਮੌਤ ਦੇ ਹੋਰ ਨੇੜੇ ਆ ਰਹੇ ਹੋ।

ਹਉਮੈ ਮੌਤ ਤੋਂ ਡਰਦੀ ਹੈ, ਇਸ ਲਈ ਉਹ ਜੀਵਨ ਤੋਂ ਵੀ ਡਰਦੀ ਹੈ। ਹਉਮੈ ਬਸ ਰੀਂਗਦੀ ਰਹਿੰਦੀ ਹੈ। ਬਹੁਤ ਸਾਰੇ ਲੋਕ ਅਜਿਹੇ ਹਨ ਜੋ ਨਾ ਤਾਂ ਪੂਰੀ ਤਰ੍ਹਾਂ ਜ਼ਿੰਦਾ ਹਨ ਅਤੇ ਨਾ ਹੀ ਪੂਰੀ ਤਰ੍ਹਾਂ ਮਰੇ ਹੋਏ। ਇਹ ਹਾਲਤ ਕਿਸੇ ਵੀ ਹੋਰ ਚੀਜ਼ ਨਾਲੋਂ ਵੱਧ ਭਿਆਨਕ ਹੈ। ਜੋ ਮਨੁੱਖ ਪੂਰੀ ਤਰ੍ਹਾਂ ਜ਼ਿੰਦਾ ਹੈ, ਉਹ ਮੌਤ ਨਾਲ ਵੀ ਪੂਰਨ ਹੁੰਦਾ ਹੈ। — ਓਸ਼ੋ

# ਪੁੱਤਰ ਹੋਣ?

ਤੁਸੀਂ ਕਿਉਂ ਚਾਹੁੰਦੇ ਹੋ ਕਿ ਪੁੱਤਰ ਹੋਣ? ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਪੁੱਤਰ ਤੁਹਾਡੇ ਪ੍ਰਤੀਨਿਧੀ ਬਣਨ। ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਪੁੱਤਰ ਤੁਹਾਡੇ ਚਿਹਰੇ ਨੂੰ ਵਾਰ-ਵਾਰ ਦੁਹਰਾਉਂਦੇ ਰਹਿਣ। ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਪੁੱਤਰ ਤੁਹਾਡਾ ਹੀ ਰੂਪ, ਮਤਲਬ ਤੁਹਾਡੀ ਕਾਰਬਨ ਕਾਪੀ ਹੋਣ। ਤੁਸੀਂ ਉਹਨਾਂ ਨੂੰ ਨਹੀਂ ਚਾਹੁੰਦੇ! ਤੁਸੀਂ ਜਾਣਦੇ ਹੋ ਕਿ ਤੁਸੀਂ ਮਰ ਜਾਓਗੇ। ਤੁਸੀਂ ਆਪਣੇ ਆਪ ਨੂੰ ਪੁੱਤਰਾਂ ਦੇ ਰੂਪ ਵਿੱਚ ਦੁਬਾਰਾ ਜ਼ਿੰਦਾ ਰੱਖਣਾ ਚਾਹੁੰਦੇ ਹੋ, ਬੱਸ। ਇਸੇ ਲਈ ਇਸ ਦੇਸ਼ ਵਿੱਚ ਕਿਹਾ ਜਾਂਦਾ ਹੈ ਕਿ ਜਿਸ ਦੇ ਪੁੱਤਰ ਨਹੀਂ ਹਨ, ਉਸ ਦੀ ਜ਼ਿੰਦਗੀ ਬੇਕਾਰ ਹੈ। ਪੁੱਤਰ ਹੋਣਾ ਹੀ ਚਾਹੀਦਾ ਹੈ। ਜੇ ਆਪਣਾ ਨਹੀਂ ਹੋਇਆ, ਤਾਂ ਕਿਸੇ ਹੋਰ ਦਾ ਗੋਦ ਲੈ ਲਓ, ਪਰ ਤੁਹਾਡੇ ਕੋਲ ਇੱਕ ਪੁੱਤਰ ਹਰ ਹਾਲ 'ਚ ਹੋਣਾ ਹੀ ਚਾਹੀਦਾ ਹੈ। ਕਿਉਂ ਹੋਣਾ ਚਾਹੀਦਾ ਹੈ ਪੁੱਤਰ? ਕਿਉਂਕਿ ਪੁੱਤਰ ਦੇ ਮੋਢਿਆਂ 'ਤੇ ਸਵਾਰ ਹੋ ਕੇ ਤੁਹਾਡੀ ਹਉਮੈ ਚੱਲਦੀ ਰਹੇਗੀ। ਤੁਸੀਂ ਚਲੇ ਜਾਓਗੇ, ਪਰ ਪਿੱਛੇ ਕੋਈ ਤਾਂ ਰਹੇਗਾ, ਨਾਮ ਲੇਵਾ! ਕੋਈ ਤਾਂ ਹੋਵੇਗਾ ਪਿੱਛੇ ਜੋ ਤੁਹਾਡੇ ਵੰਸ਼ ਨੂੰ ਕਾਇਮ ਰੱਖੇਗਾ। ਤੁਹਾਡੀ ਦੁਕਾਨ ਤਾਂ ਚਲਦੀ ਰਹੇਗੀ। ਕੀ ਤੁਹਾਨੂੰ ਨਹੀਂ ਲੱਗਦਾ ਕਿ ਇਹ ਹਉਮੈ ਦਾ ਹੀ ਵਿਸਤਾਰ ਹੈ। ਗਹਿਰਾਈ 'ਚ ਉੱਤਰ ਕੇ ਵੇਖੋ, ਕੀ ਤੁਹਾਨੂੰ ਨਹੀਂ ਲੱਗਦਾ ਇਹ ਬੇਕਾਰ ਗੱਲਾਂ ਨੇ। ਬੇਵਕੂਫ਼ੀ ਭਰੀ ਸੋਚ ਹੈ। ਇਕ ਵਾਰ ਇਸ ਸੰਸਾਰ ਤੋਂ ਗਏ ਕਿ ਗਏ, ਅੱਗੇ ਪਤਾ ਨਹੀਂ ਕਿੱਧਰ ਜਾਣਾ ਹੋਵੇ। ਪਿੱਛੋ ਕੀ ਹੋ ਰਿਹਾ ਹੈ, ਕੌਣ ਕੀ ਕਰ ਰਿਹਾ ਹੈ। ਕੀ ਫ਼ਰਕ ਪੈਂਦਾ ਹੈ। ਕਿਹੜਾ ਪੁੱਤਰ, ਕੀ ਤੁਹਾਡੀ ਹਉਮੈ, ਸਭ ਪਿੱਛੇ ਹੀ ਧਰੇ ਦੇ ਧਰੇ ਰਹਿ ਗਏ। ਬੇਕਾਰ ਦੀ ਚਿੰਤਾ ਛੱਡੋ ...! — ਓਸ਼ੋ

# ਕਾਦੀਆਂ ਟੇਸ਼ਨ...




ਕਾਦੀਆਂ ਟੇਸ਼ਨ..ਬਹੁਮੁੱਲੀਆਂ ਯਾਦਾਂ ਦੀ ਨਾ-ਮੁੱਕਣ ਵਾਲੀ ਲੜੀ..ਸਤਾਸੀ ਅਠਾਸੀ ਵੇਲੇ ਬਾਪੂ ਹੁਰੀਂ ਇਥੇ ਕੁਝ ਮਹੀਨੇ ਟੇਸ਼ਨ ਮਾਸਟਰ ਰਹੇ..ਅਸੀਂ ਬਟਾਲਿਓਂ ਕਾਦੀਆਂ ਤੀਕਰ ਗੱਡੀ ਤੇ ਹੂਟੇ ਲੈ ਕੇ ਫੇਰ ਵਾਪਿਸ ਪਰਤ ਜਾਇਆ ਕਰਦੇ..ਜਾਣਾ ਵੀ ਬਿਨਾ ਟਿਕਟ..!

ਸਾਮਣੇ ਪਿੰਡ ਖਾਰਾ..ਓਥੇ ਮਹਿੰਦਰ ਕੌਰ ਤੇ ਦਲੀਪ ਸਿੰਘ ਮਾਸੀ ਮਾਸੜ..ਕਈ ਵੇਰ ਓਹਨਾ ਰੋਟੀ ਘੱਲ ਦੇਣੀ..ਅੱਜ ਖਾਣ ਵਾਲੇ ਤੇ ਘੱਲਣ ਵਾਲੇ ਦੋਵੇਂ ਰਵਾਨਗੀ ਪਾ ਗਏ..ਜੱਗ ਜੰਕਸ਼ਨ ਰੇਲਾਂ ਦਾ..ਗੱਡੀ ਇੱਕ ਆਵੇ ਇੱਕ ਜਾਵੇ!

ਲਾਗੇ ਪਿੰਡ ਤਤਲੇ ਦਾ ਕਰਮ ਸਿੰਘ ਅਤੇ ਬੁੱਟਰ ਕਲਾ ਦੇ ਡਾਕਟਰ ਗੁਰਨਾਮ ਸਿੰਘ..ਉਸ ਵੇਲੇ ਦੇ ਲੇਖੇ ਲੱਗ ਗਏ ਸ਼ਹੀਦ..ਸਿੱਖ ਨੈਸ਼ਨਲ ਕਾਲਜ..ਕਲਾਸਵਾਲਾ ਸਕੂਲ..ਬਾਪੂ ਹੁਰਾਂ ਬਾਹਰਵੀਂ ਜਮਾਤ..ਇਥੋਂ ਵੱਡੇ ਵੱਡੇ ਅਫਸਰ ਪੈਦਾ ਹੋਏ..ਮਿਸਟਰ ਰੰਗ ਪਾਲ ਅਤੇ ਰਾਮ ਸਿੰਘ ਵਾਲਾ ਬੇਰਿੰਗ ਕਾਲਜ..ਦੱਸਦੇ ਦਾਖਿਲਾ ਨਹੀਂ ਸੀ ਮਿਲਿਆ..ਫੇਰ ਸਿੱਖ ਨੈਸ਼ਨਲ ਕਾਲਿਜ ਕਾਦੀਆਂ ਨੇ ਆਪਣੀ ਬੁੱਕਲ ਵਿਚ ਲਿਆ..!

ਸੰਤਾਲੀ ਵੇਲੇ ਡੁਮਾਲੇ ਪਿੰਡ ਤੋਂ ਤੁਰਿਆਂ ਦਾ ਪਹਿਲਾ ਪੜਾਅ ਖਾਲਸਾ ਕਾਲਜ ਅਮ੍ਰਿਤਸਰ ਫੇਰ ਅਗਲਾ ਮਿਰਜੇ ਦੀਆਂ ਕਾਦੀਆਂ..ਵੱਡੀਆਂ ਵੱਡੀਆਂ ਖੁੱਲੀਆਂ ਕੋਠੀਆਂ ਅਤੇ ਬਾਗਾਂ ਰੁੱਖਾਂ ਦਾ ਸ਼ਹਿਰ..ਇੱਕ ਕੋਠੀ ਮੱਲ ਵੀ ਲਈ ਪਰ ਫੇਰ ਛੱਡਣੀ ਪਈ..ਵਸਨੀਕਾਂ ਨੇ ਪਨਾਹੀਆਂ ਨਾਲ ਕੀਤਾ ਭੈੜਾ ਵਰਤਾਓ..ਮੰਦੇ ਬੋਲ ਬੋਲੇ..ਭੁੱਖੇ-ਬੰਗਾਲੀ ਆਖ ਰਿਸ਼ਤਾ ਨਾ ਕਰਿਆ ਕਰੇ..ਅਖੀਰ ਪੱਕੇ ਡੇਰੇ ਲੱਗੇ ਪਿੰਡ ਰਸੂਲਪੁਰ..ਨਹਿਰ ਕੰਢੇ..ਕੋਲ ਉੱਚੇ ਬੁਰਜਾਂ ਵਾਲਾ ਪਿੰਡ ਮਸਾਣੀਆਂ..ਬਹਾਦੁਰ ਹੁਸੈਨ..ਮਨੋਹਰਪੁਰ..ਅਵਾਣ..ਲੀਲ..ਡੱਲਾ..ਸ਼ਾਹਬਾਦ ਸੰਗਤਪੁਰਾ..ਦੁਨੀਆਂ ਸੰਧੂ ਮੁਰਾਦਪੁਰ..ਵਡਾਲਾ ਗ੍ਰੰਥੀਆਂ..ਕਾਲੀਆਂ ਬਾਮਣੀਆਂ..ਸੰਨ ਛਿਆਸੀ ਬਾਬਾ ਗੁਰਮੇਜ ਸਿੰਘ ਢਿਲਵਾਂ ਅਤੇ ਮੱਖਣ ਸਿੰਘ ਛਿੱਥ ਦੀ ਸ਼ਹੀਦੀ..ਚਾਚੇ ਭਜਨ ਦੀ ਮੁਖਬਰੀ ਦੇ ਵੱਡੇ ਚਰਚੇ..ਤਲਵੰਡੀ ਝੁੰਗਲਾਂ ਕੋਲ ਇੱਕ ਵੇਰ ਬਰਾਤੇ ਗਏ..ਉਹ ਚੁੱਪ-ਚੁਪੀਤੇ ਆਏ ਤੇ ਚਮਕੀਲਾ ਬੰਦ ਕਰਵਾ ਦਿੱਤਾ..ਭਾਈ ਮਨਜੀਤ ਸਿੰਘ ਖੁਜਾਲੇ ਦਾ ਪਿੰਡ..!

ਆਪਣੇ ਪਿੰਡ ਦੀ ਨਹਿਰ ਤੇ ਕੱਪੜੇ ਧੋਂਦੀਆਂ ਚਾਚੀਆਂ ਤਾਈਆਂ..ਕੋਈ ਲੀੜਾ ਰੁੜ ਜਾਣਾ ਤਾਂ ਆਖਣਾ ਮੋੜ ਕੇ ਲਿਆਓ..ਇੰਝ ਹੀ ਪਾਣੀ ਵਿਚ ਦੂਰ ਨਿੱਕਲ ਗਏ ਡੰਗਰਾਂ ਦੇ ਮੋੜੇ ਵੀ ਪਾਉਂਦੇ ਰਹੀਦਾ ਸੀ..!

ਕੋਲ ਵੱਸੇ ਪਿੰਡ..ਥਿੰਦ ਧਾਰੀਵਾਲ ਅਵਾਣ ਮਨੋਹਰਪੁਰ ਠੱਕਰ ਸੰਧੂ..ਸਲਾਹ ਪੁਰ ਨੱਤ ਮੋਕਲ ਧੰਨੇ ਚੀਮੇਂ ਬੁੱਟਰ ਡੇਹਰੀਵਾਲ ਬਸਰਾਵਾਂ ਸੰਗਰਾਵਾਂ ਮੇਟਲਾ ਪੰਜ ਗਰਾਈਆਂ..ਜਦਪੁਰ ਸੇਖਵਾਂ..ਲੋਹ ਚੱਬ..ਧੁੱਪਸੜੀ..ਪੇਰੋਸ਼ਾਹ..ਸੇਖਵਾਂ..ਢਡਿਆਲਾ ਨਜਾਰਾ..ਭਾਈ ਸੁਖਵਿੰਦਰ ਸਿੰਘ ਪੱਪੂ ਦਾ ਪਿੰਡ..!

ਏਧਰ ਪਿਤਾ ਜੀ ਦੇ ਕਿੰਨੇ ਯਾਰ..ਰਿਸ਼ਤੇਦਾਰੀਆਂ..ਵਕਫ਼ੀਆਂ..ਕਰਨਲ ਗੁਰਦੀਪ ਸਿੰਘ ਹੇਅਰ..ਕੁਲਵੰਤ ਸਿੰਘ ਸਿੱਧੂ ਖੇਤੀਬਾੜੀ ਇੰਸਪੈਕਟਰ..!

ਧੰਦੋਈ ਭੂਆ ਦੇ ਸਹੁਰੇ..ਰਸੂਲਪੁਰੋਂ ਜਾਂਦਾ ਸਿੱਧਾ ਕੱਚਾ ਰਾਹ..ਵਿਚ ਪੈਂਦੀ ਚਕੇਰੀ..ਰੁੱਖਾਂ ਦਾ ਸੰਘਣਾ ਝੁੰਡ..ਕੁਲ ਜਹਾਨ ਦੀ ਸ਼ਾਂਤਮਈ ਥਾਂ..ਓਥੇ ਇੱਕ ਬਾਬਾ ਜੀ..ਹੁਣ ਦੱਸਦੇ ਗੁਰੁਦੁਆਰਾ ਏ..ਹਰਪੂਰੇ ਸਕੂਲ ਦੇ ਕੋਲ ਫੁੱਫੜ ਜੀ ਦੀ ਬੰਬੀ..!

ਓਥੋਂ ਕਿਸੇ ਨੇ ਪੁਲਸ ਚੌਂਕੀ ਤੇ ਰਾਕਟ ਚਲਾ ਦਿੱਤੇ..ਫੁੱਫੜ ਕਿਆਂ ਦੀ ਕਾਫੀ ਪੁੱਛਗਿੱਛ ਹੋਈ..ਪਰ ਦੂਜਾ ਫੁੱਫੜ ਜੀ ਬੀ.ਐੱਸ.ਐੱਫ ਵਿਚ ਵੱਡਾ ਅਫਸਰ..ਛੇਤੀ ਖਲਾਸੀ ਹੋ ਗਈ..!

ਲਾਗੇ ਓਧਨਵਾਲ..ਖੁਜਾਲਾ..ਚੀਮਾ ਖੁੱਡੀ..ਭਾਮ..ਭਰਥ ਮਠੋਲਾ..ਪਿੰਡ ਸ਼ਾਹਪੁਰ ਅਰਾਈਆਂ ਪਿਤਾ ਜੀ ਦੀ ਨਾਨਕੇ..ਪਿੱਛੋਂ ਪਾਕਿਸਤਾਨੋਂ ਪਿੰਡ ਉੱਗੋਕੇ..ਸਿਆਲਕੋਟ ਵਜੀਰਾਬਾਦ ਰੋਡ ਤੇ ਨਹਿਰ ਦੇ ਕੰਢੇ ਤੇ ਵੱਸਿਆ ਵੱਡਾ ਪਿੰਡ..ਵੱਡੇ ਬਾਪੂ ਜੀ ਕਿੰਨੀਆਂ ਗੱਲਾਂ ਦੱਸਦੇ ਹੁੰਦੇ..ਪਰ ਓਦੋਂ ਬੋਰ ਲੱਗਦੀਆਂ ਪਰ ਹੁਣ ਹੈ ਨਹੀਂ..ਕਿੰਨਾ ਇਤਿਹਾਸ ਇਸ ਬੋਰੀਅਤ ਦੀ ਭੇਟਾਂ ਚੜ ਗਿਆ..ਸਾਂਭਿਆ ਹੁੰਦਾ ਤਾਂ ਅੱਜ ਬੋਧਿਕਤਾ ਚੋਖੀ ਅਮੀਰ ਹੁੰਦੀ!

ਕੋਲ ਦਕੋਹਾ ਘੁਮਾਣ ਕੋਕਲਪੁਰ ਸ਼ੀਂਹ ਭੱਟੀਆਂ..ਸੱਖਣੇ ਨਾਮ ਲਿਖਣੇ ਮੇਰੀ ਮਜਬੂਰੀ ਵਰਨਾ ਹਰੇਕ ਪਿੰਡ ਦੀ ਇੱਕ ਆਪਣੀ ਵੱਖਰੀ ਕਹਾਣੀ..ਰਾਹ ਖੇੜੇ..ਸਾਈਕਲ ਆਸਰੇ ਮੁਕਾਏ ਲੰਮੇ ਪੰਧ..ਥਾਂ ਥਾਂ ਹੁੰਦੀਆਂ ਤਲਾਸ਼ੀਆਂ ਮੁਕਾਬਲੇ ਪਨਾਹਾਂ ਠਾਹਰਾਂ ਰੋਟੀ ਪਾਣੀ ਰਹੁ ਗੁੜ ਕਮਾਦ ਛੋਲੀ ਕਣਕਾਂ ਝੋਨੇ ਅਤੇ ਗਿਆਰਾਂ ਬਰਾਤੀਆਂ ਵਾਲੇ ਦੌਰ..!

ਪੁੱਛ ਗਿੱਛ ਧਾਗੇ ਤਵੀਤ ਉਪਾਅ ਫਾਂਡੇ ਓਪਰੀਆਂ ਸ਼ੈਵਾਂ ਚੁੜੇਲਾਂ ਭੂਤ ਪ੍ਰੇਤ ਸਿਆਣੇ ਗਿਆਣੇ ਸਭ ਬਿਲਕੁਲਨਾਮਾਤਰ..ਕਾਲੇ ਆਖੇ ਜਾਂਦੇ ਦੌਰ ਵਿਚ ਸਸਤੇ ਵਿਚ ਛੁੱਟ ਗਏ ਧੀਆਂ ਧਿਆਣੀਆਂ ਦੇ ਕਿੰਨੇ ਸਾਰੇ ਗਰੀਬ ਗੁਰਬੇ ਮਾਪੇ..ਅਜੇ ਵੀ ਉਸ ਵੇਲੇ ਨੂੰ ਯਾਦ ਕਰਦੇ..ਨਾ ਦਾਜ ਦਾ ਝੰਜਟ ਤੇ ਨਾ ਜੰਝ ਦੀ ਮਹਿੰਗੀ ਆਉ ਭਗਤ..ਪਰ ਸਰਮਾਏਦਾਰੀ ਨੂੰ ਇਹ ਸਭ ਕੁਝ ਨੂੰ ਕਿਥੇ ਮਨਜੂਰ..!

ਹੁਣ ਸੁਣਿਆ ਵਾਹਵਾ ਤਰੱਕੀ ਹੋ ਗਈ..ਦਿਨੋਂ ਦਿਨ ਫੈਲਦਾ ਜਾਂਦਾ ਬਾਬੇ ਨਾਨਕ ਜੀ ਦਾ ਸਹੁਰਾ ਪਿੰਡ ਬਟਾਲਾ ਸ਼ਹਿਰ ਲਾਗੇ ਲਾਗੇ ਦੇ ਪਿੰਡਾਂ ਨੂੰ ਆਪਣੇ ਵਿਚ ਜਜਬ ਕਰੀ ਜਾ ਰਿਹਾ..ਜਨਤਾ ਸੁਖ ਰਹਿਣੀ ਹੋ ਗਈ..ਸਹੂਲਤਾਂ ਦੀ ਆਦੀ..ਕਿਸੇ ਦਿਨ ਮਿਰਜ਼ੇ ਦੀਆਂ ਕਾਦੀਆਂ ਨੇ ਵੀ ਨਾਲ ਮਿਲ ਜਾਣਾ..ਅਤੇ ਕਾਦੀਆਂ ਹਰਚੋਵਾਲ ਨਾਲ..ਜਦੋਂ ਇੰਝ ਹੋਊ ਤਾਂ ਫੇਰ ਪਿੰਡਾਂ ਦਾ ਸਰੂਪ ਕਿੱਦਾਂ ਦਾ ਹੋਊ..ਖੈਰ ਸਾਨੂੰ ਕੀ..ਅਸਾਂ ਤੇ ਓਦੋਂ ਤੀਕਰ ਆਪਣੀ ਵਾਰੀ ਲੈ ਆਪ ਮੋਏ ਜੱਗ ਪਰਲੋ ਹੋ ਜਾਣਾ..ਓਦੋਂ ਕਰ ਕਰ ਵੇਲਾ ਯਾਦ ਜਿੰਦੜੀਏ ਰੋਵੇਂਗੀ..! ਹਮੇਸ਼ਾਂ ਜਿਉਂਦਾ ਵੱਸਦਾ ਰਹੇ ਮੇਰਾ ਰਿਆੜਕੀ ਦਾ ਇਲਾਕਾ ਤੇ ਰਿਆੜਕੀ ਦੇ ਲੋਕ!

(ਤਸਵੀਰ ਧਨਵਾਦ ਸਹਿਤ..ਸ੍ਰ.ਇੰਦਰਜੀਤ ਸਿੰਘ ਹਰ ਪੂਰਾ..ਜਿਲਾ ਲੋਕ ਸੰਪਰਕ ਅਫਸਰ)



ਹਰਪ੍ਰੀਤ ਸਿੰਘ ਜਵੰਦਾ

# ਯਾਦ ਰੱਖੋ :




ਬਹੁਤ ਥੋੜ੍ਹੇ ਲੋਕ ਹਨ ਜਿਹੜੇ ਤੁਹਾਡੀ ਖੁਸ਼ੀ ਬਰਦਾਸ਼ਤ ਕਰ ਸਕਦੇ ਹਨ, ਇਸ ਲਈ ਬਹੁਤ ਧਿਆਨ ਨਾਲ ਖੁਸ਼ੀਆਂ ਸਾਂਝੀਆਂ ਕਰੋ।

ਜੇਕਰ ਤੁਸੀਂ ਜਿਸ ਮਾਹੌਲ ਵਿੱਚ ਹੋ ਉਸਦਾ ਆਨੰਦ ਨਹੀਂ ਮਾਣ ਪਾ ਰਹੇ ਤਾਂ ਜਾਂ ਤਾਂ ਤੁਸੀਂ ਡਿਪਰੇਸ਼ਨ ਵਿੱਚ ਹੋ ਜਾਂ ਜਾਣ ਵਾਲੇ ਹੋ, ਇਸ ਆਦਤ ਨੂੰ ਬਦਲਕੇ ਤੁਸੀ ਸਹੀ ਹੋ ਸਕਦੇ ਹੋ।

ਤੁਸੀਂ ਬਹੁਤੇ ਰਿਸ਼ਤੇ ਇਸ ਲਈ ਵਿਗਾੜ ਲੈਂਦੇ ਹਨ ਕਿਉਕਿ ਤੁਸੀ ਇਹ ਪਾਇਆ ਕਿ ਸਾਹਮਣੇ ਵਾਲੇ ਉਵੇ ਨਹੀਂ ਕਰ ਰਿਹਾ ਜਿਵੇਂ ਤੁਸੀਂ ਦਿਮਾਗ਼ ਚ ਖਿਆਲ ਬੁਣ ਰੱਖਿਆ। ਦਿਮਾਗੀ ਖਿਆਲ ਤੇ ਅਸਲ ਹਾਲਾਤਾਂ ਵਿਚਲੇ ਫ਼ਰਕ ਸਮਝਣ ਦੀ ਕੋਸ਼ਿਸ਼ ਕਰੋ।

ਕੁਝ ਲੋਕੀਂ ਆਦਤਨ ਨਕਰਾਤਮਕ ਮਾਹੌਲ ਸਿਰਜਦੇ ਹਨ, ਇਹ ਸਹੀ ਬੰਦੇ ਦੀ ਮਾਨਸਿਕ ਸਿਹਤ ਨੂੰ ਵੀ ਨੁਕਸਾਨ ਕਰਦੇ ਹਨ। ਐਸੇ ਲੋਕਾਂ ਨੂੰ ਹਮੇਸ਼ਾਂ ਮਦਦ ਕਰੋ ਉਸ ਮਾਹੌਲ ਵਿੱਚੋ ਨਿਕਲਣ ਦੀ, ਪਰ ਕਦੇ ਵੀ ਇਹ ਨਾ ਕਰ ਬੈਠਣਾ ਕਿ ਬਿਲਕੁੱਲ ਉਵੇ ਹੋ ਜਾਵੋਂ।

ਹਰਜੋਤ ਸਿੰਘ
70094 52602

# ਚਰਿਤਰਹੀਣ !



ਮਨੁੱਖ ਦਾ ਚਰਿੱਤਰ ਸਿਰਫ਼ ਸਰੀਰਕ ਸੰਬੰਧਾਂ ਤੱਕ ਸੀਮਤ ਕਰ ਦਿੱਤਾ ਗਿਆ ਹੈ। ਕਿਸੇ ਇਸਤਰੀ ਜਾਂ ਪੁਰਸ਼ ਦੀ ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਕਿਸੇ ਪਰ ਪੁਰਸ਼ ਜਾਂ ਇਸਤਰੀ ਨਾਲ ਸਰੀਰਕ ਸੰਬੰਧ ਹੋਣ ਤਾਂ ਉਸਨੂੰ ਅਸੀਂ ਚਰਿਤਰਹੀਣ ਕਹਿ ਦਿੰਦੇ ਹਾਂ। ਚਰਿੱਤਰ ਦੀ ਵਿਆਖਿਆ ਇਨੀ ਛੋਟੀ ਨਹੀਂ। ਚਰਿੱਤਰ ਵਿੱਚ ਮਨੁੱਖ ਦੀ ਸਾਰੀ ਸ਼ਖਸੀਅਤ ਆਉਂਦੀ ਹੈ। ਭ੍ਰਿਸ਼ਟਾਚਾਰ, ਝੂਠ, ਪਾਪ, ਬੇਈਮਾਨੀ ਸਭ ਚਰਿੱਤਰਹੀਣਤਾ ਹੈ । ਕਿਸੇ ਦਾ ਹੱਕ ਮਾਰਨ ਵਾਲਾ, ਕਿਸੇ ਨੂੰ ਧੋਖਾ ਦੇਣ ਵਾਲਾ, ਕਿਸੇ ਨੂੰ ਠੱਗ ਲੈਣ ਵਾਲਾ, ਕਿਸੇ ਦੀਆਂ ਭਾਵਨਾਵਾਂ ਨਾਲ ਖੇਲਣ ਵਾਲਾ, ਗਲਤ ਢੰਗਾਂ ਨਾਲ ਸੱਤਾ ਹਥਿਆਉਣ ਵਾਲਾ, ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਨ ਵਾਲਾ, ਆਪਣੇ ਫਾਇਦੇ ਲਈ ਦੂਜਿਆਂ ਨੂੰ ਗੁੰਮਰਾਹ ਕਰਨ ਵਾਲਾ, ਵਾਅਦਾ ਪੂਰਾ ਨਾ ਕਰਨ ਵਾਲਾ, ਹੱਕ ਸੱਚ ਦੀ ਆਵਾਜ਼ ਵਿੱਚ ਹਾਮੀ ਨਾ ਭਰਨ ਵਾਲਾ, ਆਪਣੀ ਕਹੀ ਗੱਲ ਤੋਂ ਮੁੱਕਰ ਜਾਣ ਵਾਲਾ, ਭੈਣ ਭਰਾ ਦਾ ਹੱਕ ਮਾਰ ਲੈਣ ਵਾਲਾ, ਕਿਸੇ ਜਾਤੀ ਜਾਂ ਧਰਮ ਵਿਸ਼ੇਸ਼ ਦਾ ਨਾਂ ਲੈ ਕੇ ਲੋਕਾਂ ਨੂੰ ਮੂਰਖ ਬਣਾਉਣ ਵਾਲਾ, ਕਿਸੇ ਦੀ ਧੀ ਭੈਣ ਤੇ ਬੁਰੀ ਨਜ਼ਰ ਰੱਖਣ ਵਾਲਾ, ਕੋਈ ਵੀ ਅਨੈਤਿਕ ਕੰਮ ਕਰਨ ਵਾਲਾ ਚਰਿਤਰਹੀਣ ਹੁੰਦਾ ਹੈ।

ਸਾਡੇ ਸਮਾਜ ਵਿੱਚ ਦੋ ਨੰਬਰ ਦੀ ਕਮਾਈ ਕਰਨ ਵਾਲੇ ਨੂੰ ਵੱਡਾ ਕਰਕੇ ਜਾਣਿਆ ਜਾਂਦਾ ਹੈ। ਉਹ ਵੀ ਚਰਿੱਤਰਹੀਣ ਹੈ। ਜਦੋਂ ਕੋਈ ਕਿਸੇ ਨਾਲ ਸਰੀਰਕ ਸੰਬੰਧ ਬਣਾਉਂਦਾ ਹੈ ਸਿਰਫ ਉਸਨੂੰ ਚਰਿਤਰਹੀਣ ਗਰਦਾਨ ਕੇ ਅਸੀਂ ਬਾਕੀ ਸਭ ਨੂੰ ਪਾਕ ਸਾਫ ਮੰਨ ਲੈਂਦੇ ਹਾਂ। ਇਸੇ ਕਰਕੇ ਸਾਡਾ ਸਮਾਜ ਰਸਾਤਲ ਵੱਲ ਜਾ ਰਿਹਾ ਹੈ। ਚਰਿੱਤਰ ਇੱਕ ਬਹੁਤ ਵੱਡਾ ਕਨਸੈਪਟ ਹੈ ਜਿਸ ਵਿੱਚ ਮਨੁੱਖ ਦਾ ਸਾਰਾ ਕਾਰ ਵਿਹਾਰ ਆਉਂਦਾ ਹੈ। ਇਸ ਵਿਸ਼ੇ ਤੇ ਸੋਚਿਓ ਜਰੂਰ।

ਹਰਪ੍ਰੀਤ ਕੌਰ ਸੰਧੂ

# ਨਿਕੋਲਾਈ ਗੋਗੋਲ ਦਾ ਕਲਾਸਿਕ ਨਾਵਲ "ਤਾਰਾਸ ਬੁਲਬਾ"




ਇਹ ਨਾਵਲ ਵਿਸ਼ਵ ਸਾਹਿਤ ਦੀਆਂ ਉਹਨਾਂ ਕਿਰਤਾਂ ਵਿੱਚੋਂ ਇਕ ਹੈ, ਜਿਨ੍ਹਾਂ ਦਾ ਜ਼ਿਕਰ ਅਕਸਰ ਉਤਨਾ ਨਹੀਂ ਹੁੰਦਾ ਜਿੰਨਾ ਇਹ ਹੋਣਾ ਚਾਹੀਦਾ ਹੈ। ਇਹ ਨਾਵਲ ਸਿਰਫ਼ ਇਕ ਕਹਾਣੀ ਨਹੀਂ ਹੈ। ਇਹ ਮਨੁੱਖੀ ਅਸਤਿਤਵ ਦੀ ਉਸ ਸਥਿਤੀ ਦਾ ਦਰਪਣ ਹੈ ਜਿੱਥੇ ਜੀਵਨ ਆਪਣੀਆਂ ਸਾਰੀਆਂ ਸੰਭਾਵਨਾਵਾਂ ਸਮੇਤ ਸਖ਼ਤ ਵਿਚਾਰਧਾਰਕ ਸੀਮਾਵਾਂ ਵਿੱਚ ਕੈਦ ਹੋ ਜਾਂਦਾ ਹੈ। ਗੋਗੋਲ ਦੀ ਉਹ ਕਿਰਤ ਹੈ ਜੋ ਇਕ ਵਿਅਕਤੀ ਦੀ ਕਹਾਣੀ ਤੋਂ ਉੱਪਰ ਉੱਠ ਕੇ ਪੂਰੇ ਇਕ ਯੁੱਗ, ਇਕ ਸੱਭਿਆਚਾਰ ਅਤੇ ਇਕ ਸਮੂਹਕ ਮਨੋਵਿਗਿਆਨ ਦੀ ਪ੍ਰਤੀਕਾਤਮਕ ਤਸਵੀਰ ਪੇਸ਼ ਕਰਦੀ ਹੈ।

ਕਹਾਣੀ ਯੂਕਰੇਨ ਦੇ ਕਜ਼ਾਕ ਸਮਾਜ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਗਈ ਹੈ। ਉਸ ਸਮਾਜ ਨੂੰ ਜਿੱਥੇ ਦੇਸ਼ਭਗਤੀ, ਧਰਮ, ਆਜ਼ਾਦੀ ਅਤੇ ਪਰੰਪਰਾਵਾਂ ਮਨੁੱਖੀ ਜੀਵਨ ਤੋਂ ਵੀ ਉੱਚੇ ਮਾਪਦੰਡ ਮੰਨੇ ਜਾਂਦੇ ਹਨ। ਗੋਗੋਲ ਕਜ਼ਾਕਾਂ ਦੀ ਸਿਰਫ਼ ਬਹਾਦਰੀ ਜਾਂ ਵੀਰਤਾ ਹੀ ਨਹੀਂ ਦਿਖਾਉਂਦਾ, ਸਗੋਂ ਉਹਨਾਂ ਦੀ ਕਠੋਰਤਾ, ਅੰਨ੍ਹੀ ਵਫ਼ਾਦਾਰੀ ਅਤੇ ਮਨੁੱਖੀ ਭਾਵਨਾਵਾਂ ਨਾਲ ਹੋਣ ਵਾਲੇ ਅੰਦਰੂਨੀ ਟਕਰਾਅ ਨੂੰ ਵੀ ਬੇਰਹਿਮ ਸੱਚਾਈ ਨਾਲ ਉਜਾਗਰ ਕਰਦਾ ਹੈ।

"ਤਾਰਾਸ ਬੁਲਬਾ" ਦਾ ਪਾਤਰ ਇੱਕ ਪਿਤਾ, ਇੱਕ ਯੋਧਾ ਅਤੇ ਇੱਕ ਕਟੜ ਦੇਸ਼ਭਗਤ ਹੈ। ਉਸ ਦੀ ਸੋਚ ਵਿੱਚ ਨਿੱਜੀ ਪਿਆਰ, ਪਰਿਵਾਰਕ ਮਮਤਾ ਜਾਂ ਵਿਅਕਤੀਗਤ ਖ਼ੁਸ਼ੀ ਲਈ ਕੋਈ ਵੱਡੀ ਥਾਂ ਨਹੀਂ। ਉਸ ਲਈ ਸਭ ਤੋਂ ਵੱਡੀ ਕੀਮਤ ਕਜ਼ਾਕਾਂ ਦੇ ਆਦਰਸ਼ ਅਤੇ ਆਪਣੀ ਧਰਤੀ ਦੀ ਆਜ਼ਾਦੀ ਹੈ। ਇਹੀ ਕਾਰਨ ਹੈ ਕਿ ਜਦੋਂ ਉਸ ਦਾ ਪੁੱਤਰ ਅੰਦਰਈ ਪਿਆਰ ਦੇ ਵੱਸ ਵਿੱਚ ਆ ਕੇ ਆਪਣੀ ਕੌਮ ਦੀ ਪ੍ਰਵਾਹ ਨਹੀਂ ਕਰਦਾ ਉਸਨੂੰ ਗ਼ਦਾਰ ਗ਼ਰਦਾਨ ਦਿੱਤਾ ਜਾਂਦਾ ਹੈ ਅਤੇ ਤਾਰਾਸ ਉਸ ਦੀ ਹੱਤਿਆ ਕਰ ਦਿੰਦੇ ਹਨ।

**ਨਾਵਲ 'ਚ ਇਹ ਘਟਨਾ ਇਸ ਤਰ੍ਹਾਂ ਦਰਜ਼ ਹੈ:**

ਯੁੱਧ ਦੇ ਮੈਦਾਨ ਵਿੱਚ ਅਚਾਨਕ ਇੱਕ ਅਜਿਹਾ ਦ੍ਰਿਸ਼ ਉਭਰਦਾ ਹੈ ਜੋ ਕਿਸੇ ਨੇ ਕਦੇ ਸੋਚਿਆ ਵੀ ਨਹੀਂ ਸੀ। ਕਾਜ਼ਾਕਾਂ ਦੀਆਂ ਕਤਾਰਾਂ ਦੇ ਸਾਹਮਣੇ ਵੈਰੀ ਫ਼ੌਜ ਵਿੱਚੋਂ ਇੱਕ ਨੌਜਵਾਨ ਘੋੜੇ 'ਤੇ ਆਉਂਦਾ ਹੈ। ਉਹ ਕੋਈ ਹੋਰ ਨਹੀਂ, "ਤਾਰਾਸ ਬੁਲਬਾ" ਦਾ ਆਪਣਾ ਪੁੱਤਰ ਅੰਦਰਈ ਸੀ। ਉਸ ਦੇ ਕੱਪੜੇ ਵੈਰੀਆਂ ਵਰਗੇ ਸਨ, ਹਥਿਆਰ ਵੀ ਉਨ੍ਹਾਂ ਦੇ, ਅਤੇ ਅੱਖਾਂ ਵਿੱਚ ਉਹ ਅਜਿਹੀ ਅੱਗ ਨਹੀਂ ਸੀ ਜੋ ਕਾਜ਼ਾਕਾਂ ਦੀ ਹੁੰਦੀ ਹੈ, ਸਗੋਂ ਇਕ ਅਜੀਬ ਜਿਹੀ ਨਰਮੀ, ਜੋ ਹੁਣ ਗ਼ਦਾਰੀ ਦੀ ਨਿਸ਼ਾਨੀ ਬਣ ਚੁੱਕੀ ਸੀ।

ਤਾਰਾਸ ਨੇ ਉਸ ਨੂੰ ਤੱਕਿਆ। ਉਸ ਦੀਆਂ ਅੱਖਾਂ ਵਿਚ ਕਜ਼ਾਕਾਂ ਵਾਲੀ ਚਮਕ ਨਹੀਂ ਸੀ, ਨਾ ਹੀ ਗੁੱਸੈਲੀ ਲਾਲੀ। ਉਹ ਸ਼ਾਂਤ ਸੀ।

ਉਸ ਨੇ ਘੋੜਾ ਅੱਗੇ ਵਧਾਇਆ ਅਤੇ ਗੰਭੀਰ ਆਵਾਜ਼ ਵਿੱਚ ਪੁੱਛਿਆ:

"ਅੰਦਰਈ! ਤੂੰ ਇਹ ਕੀ ਕਰ ਰਿਹਾ ਹੈਂ?"

ਅੰਦਰਈ ਚੁੱਪ ਰਿਹਾ। ਉਸ ਦੇ ਬੁੱਲ੍ਹ ਕੰਬ ਰਹੇ ਸੀ, ਪਰ ਸ਼ਬਦ ਨਹੀਂ ਸੀ ਨਿਕਲ ਰਹੇ। ਅੰਦਰਈ ਦੀਆਂ ਅੱਖਾਂ ਹੇਠਾਂ ਝੁਕ ਗਈਆਂ।

ਤਾਰਾਸ ਨੇ ਸਖ਼ਤ ਲਹਿਜ਼ੇ 'ਚ ਪੁੱਛਿਆ,

"ਤੂੰ ਆਪਣੇ ਲੋਕਾਂ ਨੂੰ ਛੱਡ ਦਿੱਤਾ? ਆਪਣੀ ਧਰਤੀ ਨੂੰ? ਆਪਣੇ ਧਰਮ ਨੂੰ?"

ਅੰਦਰਈ ਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ ਕਿ "ਉਸ ਨੇ ਇਹ ਸਭ ਪਿਆਰ ਲਈ ਕੀਤਾ ਹੈ, ਉਸ ਕੁੜੀ ਲਈ, ਜਿਸ ਲਈ ਉਹ ਸਭ ਕੁਝ ਤਿਆਗ ਚੁੱਕਾ ਹੈ।"

ਇਹ ਸੁਣ ਕੇ ਤਾਰਾਸ ਦਾ ਚਿਹਰਾ ਪੱਥਰ ਵਰਗਾ ਹੋ ਗਿਆ।

"ਪਿਆਰ?"

ਉਸ ਨੇ ਕਿਹਾ,

"ਮਾਂ-ਧਰਤੀ ਤੋਂ ਵੱਡਾ ਕੋਈ ਪਿਆਰ ਨਹੀਂ। ਭਰਾਵਾਂ ਤੋਂ ਵੱਡਾ ਕੋਈ ਰਿਸ਼ਤਾ ਨਹੀਂ। ਜਿਸ ਨੇ ਇਨ੍ਹਾਂ ਨਾਲ ਗ਼ਦਾਰੀ ਕੀਤੀ ਉਹ ਮੇਰਾ ਪੁੱਤਰ ਨਹੀਂ।"

ਅੰਦਰਈ ਹਾਲੇ ਵੀ ਚੁੱਪ ਸੀ। ਉਸ ਦੇ ਹੱਥ ਹਥਿਆਰ ਵੱਲ ਨਾ ਗਏ। ਉਹ ਵਿਰੋਧ ਕਰਨ ਲਈ ਤਿਆਰ ਨਹੀਂ ਸੀ। ਸ਼ਾਇਦ ਕਰ ਹੀ ਨਹੀਂ ਸਕਦਾ ਸੀ।

ਤਾਰਾਸ ਨੇ ਪਿਸਤੌਲ ਕੱਢੀ।

ਇੱਕ ਪਲ ਲਈ ਵੀ ਉਸ ਦਾ ਹੱਥ ਨਹੀਂ ਕੰਬਿਆ।

"ਮੈਂ ਤੈਨੂੰ ਜਨਮ ਦਿੱਤਾ ਸੀ... ਅਤੇ ਮੈਂ ਹੀ ਤੈਨੂੰ ਮਾਰਾਂਗਾ।"

ਯੁੱਧ ਦੇ ਸ਼ੋਰ 'ਚ ਗੋਲੀ ਦੀ ਆਵਾਜ਼ ਘੁਲਮਿਲ ਜਾਂਦੀ ਹੈ।

ਅੰਦਰਈ ਦਾ ਸਰੀਰ ਘੋੜੇ ਤੋਂ ਰੁੜ੍ਹਦਾ ਧਰਤੀ 'ਤੇ ਡਿੱਗਿਆ ਪਿਆ ਹੈ। ਉਸ ਦੇ ਚਿਹਰੇ 'ਤੇ ਕੋਈ ਦਰਦ ਨਹੀਂ ਸੀ। ਸਿਰਫ਼ ਇਕ ਅਚੰਭਾ, ਜਿਵੇਂ ਉਹ ਅਖੀਰਲੇ ਪਲ ਤੱਕ ਵੀ ਇਹ ਯਕੀਨ ਨਹੀਂ ਕਰ ਪਾਇਆ ਕਿ ਇਹ ਸਭ ਉਸ ਦੇ ਪਿਤਾ ਦੇ ਹੱਥੋਂ ਹੋ ਸਕਦਾ ਹੈ।

ਤਾਰਾਸ ਨੇ ਉਸ ਵੱਲ ਤੱਕਿਆ ਕਿੰਨਾ ਸਮਾਂ ਤੱਕਦਾ ਰਿਹਾ

ਫਿਰ ਉਸ ਨੇ ਮੂੰਹ ਮੋੜ ਲਿਆ ਅਤੇ ਕਿਹਾ,

"ਇਸ ਤਰ੍ਹਾਂ ਗ਼ਦਾਰ ਮਰਦੇ ਹਨ।"

ਅਤੇ ਉਹ ਮੁੜ ਯੁੱਧ ਵੱਲ ਵਧ ਗਿਆ—ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਇਹ ਦ੍ਰਿਸ਼ ਗੋਗੋਲ ਦੀ ਲਿਖਤ ਦਾ ਸਭ ਤੋਂ ਦਰਦਨਾਕ ਅਤੇ ਗੰਭੀਰ ਪਲ ਹੈ, ਜਿੱਥੇ ਦੇਸ਼ਭਗਤੀ ਮਨੁੱਖਤਾ ਤੋਂ ਉੱਪਰ ਖੜ੍ਹੀ ਨਜ਼ਰ ਆਉਂਦੀ ਹੈ ਅਤੇ ਪਿਤਾ ਆਪਣੇ ਹੀ ਪੁੱਤਰ ਦੇ ਵਿਰੁੱਧ ਨਿਆਂਧੀਸ਼ ਬਣ ਜਾਂਦਾ ਹੈ।

ਗੋਗੋਲ ਇਸ ਕਹਾਣੀ ਵਿੱਚ ਯੁੱਧ ਨਾਲ ਵਿਨਾਸ਼ਕਾਰੀ ਪ੍ਰਕਿਰਤੀ ਨੂੰ ਬੇਨਕਾਬ ਕਰਦਾ ਹੈ। ਲਹੂ, ਹਿੰਸਾ ਅਤੇ ਜੰਗੀ ਜਜ਼ਬਾ ਕਹਾਣੀ ਵਿੱਚ ਵਾਰ-ਵਾਰ ਆਉਂਦੇ ਹਨ, ਪਰ ਇਹ ਸਿਰਫ਼ ਰੋਮਾਂਚ ਪੈਦਾ ਕਰਨ ਲਈ ਨਹੀਂ, ਸਗੋਂ ਇਹ ਦਿਖਾਉਣ ਲਈ ਹਨ ਕਿ ਕਿਵੇਂ ਇੱਕ ਸਮਾਜ ਆਪਣੇ ਆਦਰਸ਼ਾਂ ਦੇ ਨਾਂਅ 'ਤੇ ਮਨੁੱਖੀ ਸੰਵੇਦਨਾ ਨੂੰ ਕੁਚਲ ਸਕਦਾ ਹੈ।

ਗੋਗੋਲ ਨਾਵਲੀ ਕਲਾ ਰਾਹੀਂ ਪਾਠਕ ਨੂੰ ਸਿੱਧਾ ਮੈਦਾਨ-ਏ-ਜੰਗ ਵਿੱਚ ਲੈ ਜਾਂਦੀ ਹੈ ਅਤੇ ਹਰ ਟਕਰਾਅ ਨੂੰ ਅੱਖਾਂ ਸਾਹਮਣੇ ਜੀਉਂਦਾ ਕਰ ਦਿੰਦਾ ਹੈ।

ਅਸਲ ਵਿੱਚ "ਤਾਰਾਸ ਬੁਲਬਾ" ਵਫ਼ਾਦਾਰੀ ਅਤੇ ਗੱਦਾਰੀ, ਪਿਆਰ ਅਤੇ ਫ਼ਰਜ਼, ਮਨੁੱਖ ਅਤੇ ਵਿਚਾਰਧਾਰਾ ਦੇ ਟਕਰਾਅ ਦੀ ਕਹਾਣੀ ਹੈ। ਇਹ ਰਚਨਾ ਪਾਠਕ ਸਾਹਮਣੇ ਉਹ ਅਸਹਿਜ ਸਵਾਲ ਰੱਖਦੀ ਹੈ ਕਿ ਕੀ ਕੌਮ, ਧਰਮ ਜਾਂ ਆਦਰਸ਼ ਦੇ ਨਾਂਅ 'ਤੇ ਮਨੁੱਖੀ ਰਿਸ਼ਤਿਆਂ ਦੀ ਕੁਰਬਾਨੀ ਜਾਇਜ਼ ਹੈ। ਗੋਗੋਲ ਇਸ ਦਾ ਕੋਈ ਸਿੱਧਾ ਜਵਾਬ ਨਹੀਂ ਦਿੰਦਾ, ਪਰ ਤਾਰਾਸ ਦੀ ਤ੍ਰਾਸਦੀ ਭਰੀ ਅੰਤਕਥਾ ਰਾਹੀਂ ਪਾਠਕ ਨੂੰ ਸੋਚਣ ਲਈ ਮਜਬੂਰ ਕਰ ਦਿੰਦਾ ਹੈ।

"ਤਾਰਾਸ ਬੁਲਬਾ" ਸਿਰਫ਼ ਇਕ ਇਤਿਹਾਸਕ ਕਹਾਣੀ ਨਹੀਂ ਰਹਿੰਦੀ, ਹਰ ਯੁੱਗ ਲਈ ਲਾਗੂ ਹੋਣ ਵਾਲੀ ਮਨੁੱਖੀ ਸੰਘਰਸ਼ ਦੀ ਇਕ ਡੂੰਘੀ, ਗੰਭੀਰ ਅਤੇ ਅਟੱਲ ਸਾਹਿਤਕ ਦਸਤਾਵੇਜ਼ ਹੈ।

ਮਦਨਦੀਪ

# ਸਾਇਨਾ ਨੇਹਵਾਲ ਨੇ ਪ੍ਰੋਫੈਸ਼ਨਲ ਬੈਡਮਿੰਟਨ ਤੋਂ ਲਿਆ ਸੰਨਿਆਸ



ਨਵੀਂ ਦਿੱਲੀ : ਭਾਰਤ ਦੀ ਸਟਾਰ ਬੈਡਮਿੰਟਨ ਖਿਡਾਰੀ ਸਾਇਨਾ ਨੇਹਵਾਲ ਨੇ ਪ੍ਰੋਫੈਸ਼ਨਲ ਬੈਡਮਿੰਟਨ ਤੋਂ ਸੰਨਿਆਸ ਲੈਣ ਦੀ ਅਧਿਕਾਰਤ ਪੁਸ਼ਟੀ ਕਰ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਕਿ ਗੋਡੇ ਦੀ ਪੁਰਾਣੀ ਬੀਮਾਰੀ ਕਾਰਨ ਹੁਣ ਉਨ੍ਹਾਂ ਲਈ ਖੇਡਣਾ ਸੰਭਵ ਨਹੀਂ ਰਹਿ ਗਿਆ ਹੈ। ਸਾਇਨਾ ਆਖਰੀ ਵਾਰ 2023 ਵਿੱਚ ਸਿੰਗਾਪੁਰ ਓਪਨ ਵਿੱਚ ਖੇਡੀ ਸੀ। ਹਾਲਾਂਕਿ ਉਸ ਸਮੇਂ ਉਨ੍ਹਾਂ ਨੇ ਸੰਨਿਆਸ ਦੀ ਕੋਈ ਐਲਾਨ ਨਹੀਂ ਕੀਤਾ ਸੀ।

ਇੱਕ ਪੌਡਕਾਸਟ ਵਿੱਚ ਸਾਇਨਾ ਨੇ ਕਿਹਾ ਕਿ ਮੈਂ ਦੋ ਸਾਲ ਪਹਿਲਾਂ ਹੀ ਖੇਡਣਾ ਬੰਦ ਕਰ ਦਿੱਤਾ ਸੀ। ਮੈਂ ਆਪਣੇ ਸਿਧਾਂਤਾਂ 'ਤੇ ਖੇਡ ਸ਼ੁਰੂ ਕੀਤੀ ਸੀ ਅਤੇ ਆਪਣੇ ਸਿਧਾਂਤਾਂ 'ਤੇ ਹੀ ਛੱਡੀ ਹੈ, ਇਸ ਲਈ ਮੈਨੂੰ ਇਸ ਸਬੰਧੀ ਐਲਾਨ ਕਰਨਾ ਜ਼ਰੂਰੀ ਨਹੀਂ ਲੱਗਿਆ।

ਜ਼ਿਕਰਯੋਗ ਹੈ ਕਿ ਸਾਇਨਾ ਨੇ ਲੰਡਨ ਓਲੰਪਿਕ-2012 ਵਿੱਚ ਭਾਰਤ ਨੂੰ ਕਾਂਸੀ ਮੈਡਲ ਦਿਵਾਇਆ ਸੀ। ਉਹ ਓਲੰਪਿਕ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਬੈਡਮਿੰਟਨ ਖਿਡਾਰੀ ਹਨ। ਉਨ੍ਹਾਂ ਨੇ 3 ਓਲੰਪਿਕ ਖੇਡਾਂ ਵਿੱਚ ਭਾਰਤ ਦਾ ਪ੍ਰਤੀਨਿਧਤਵ ਕੀਤਾ। ਸਾਇਨਾ ਨੇ 2010 ਅਤੇ 2018 ਦੇ ਕਾਮਨਵੈਲਥ ਗੇਮਜ਼ ਵਿੱਚ ਗੋਲਡ ਮੈਡਲ ਜਿੱਤੇ ਹਨ।

# ਨਿਊਜ਼ੀਲੈਂਡ ਨੇ 2-1 ਨਾਲ ਜਿੱਤੀ ਸੀਰੀਜ਼

## ਭਾਰਤ ਨੂੰ 41 ਦੌੜਾਂ ਨਾਲ ਹਰਾਇਆ




ਨਿਊਜ਼ੀਲੈਂਡ ਨੇ ਤੀਜੇ ਅਤੇ ਫੈਸਲਾਕੁੰਨ ਵਨਡੇਅ ਮੈਚ ਵਿੱਚ ਭਾਰਤ ਨੂੰ 41 ਦੌੜਾਂ ਨਾਲ ਹਰਾਇਆ। ਇਸ ਜਿੱਤ ਦੇ ਨਾਲ ਨਿਊਜ਼ੀਲੈਂਡ ਨੇ ਤਿੰਨ ਮੈਚਾਂ ਦੀ ਵਨਡੇਅ ਸੀਰੀਜ਼ 2-1 ਨਾਲ ਜਿੱਤ ਲਈ। ਇੰਦੌਰ ਦੇ ਹੋਲਕਰ ਸਟੇਡੀਅਮ ਵਿੱਚ ਐਤਵਾਰ ਨੂੰ ਹੋਏ ਮੈਚ ਵਿੱਚ ਭਾਰਤ ਨੇ ਟਾਸ ਜਿੱਤ ਕੇ ਨਿਊਜ਼ੀਲੈਂਡ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ। ਕੀਵੀਆਂ ਨੇ ਡੈਰਿਲ ਮਿਸ਼ੇਲ ਅਤੇ ਗਲੇਨ ਫਿਲਿਪਸ ਦੇ ਸੈਂਕੜਿਆਂ ਦੀ ਬਦੌਲਤ 50 ਓਵਰਾਂ ਵਿੱਚ ਅੱਠ ਵਿਕਟਾਂ 'ਤੇ 337 ਦੌੜਾਂ ਬਣਾਈਆਂ। ਜਵਾਬ ਵਿੱਚ, ਭਾਰਤ ਨੇ 46 ਓਵਰਾਂ ਵਿੱਚ 10 ਵਿਕਟਾਂ 'ਤੇ 296 ਦੌੜਾਂ ਬਣਾਈਆਂ, ਜਿਸ ਵਿੱਚ ਵਿਰਾਟ ਕੋਹਲੀ ਨੇ 124 ਅਤੇ ਹਰਸ਼ਿਤ ਰਾਣਾ ਨੇ 52 ਦੌੜਾਂ ਬਣਾਈਆਂ।

ਵਿਰਾਟ ਕੋਹਲੀ ਨੇ ਭਾਰਤ ਲਈ 124 ਦੌੜਾਂ ਦਾ ਸ਼ਾਨਦਾਰ ਸੈਂਕੜਾ ਲਗਾਇਆ, ਪਰ ਇਸ ਨਾਲ ਟੀਮ ਨੂੰ ਕੋਈ ਫਾਇਦਾ ਨਹੀਂ ਹੋਇਆ। ਨਿਤੀਸ਼ ਕੁਮਾਰ ਰੈੱਡੀ ਅਤੇ ਹਰਸ਼ਿਤ ਰਾਣਾ ਨੇ ਵੀ 52-52 ਦੌੜਾਂ ਦੇ ਅਰਧ ਸੈਂਕੜੇ ਲਗਾਏ, ਪਰ ਭਾਰਤ ਫਿਰ ਵੀ ਜਿੱਤਣ ਵਿੱਚ ਅਸਫਲ ਰਿਹਾ। ਇਸ ਤਰ੍ਹਾਂ ਨਿਊਜ਼ੀਲੈਂਡ ਨੇ ਵਨਡੇਅ ਸੀਰੀਜ਼ 2-1 ਨਾਲ ਜਿੱਤ ਲਈ। ਨਿਊਜ਼ੀਲੈਂਡ ਲਈ ਜੈਕ ਫੋਕਸ ਅਤੇ ਕ੍ਰਿਸ਼ਚੀਅਨ ਕਲਾਰਕ ਨੇ ਤਿੰਨ-ਤਿੰਨ ਵਿਕਟਾਂ ਲਈਆਂ, ਜਦੋਂ ਕਿ ਜੈਡਨ ਲੈਨੋਕਸ ਨੇ ਦੋ ਵਿਕਟਾਂ ਲਈਆਂ।

# ਆਈ ਸੀ ਸੀ ਵੱਲੋਂ ਬੰਗਲਾਦੇਸ਼ ਨੂੰ ਭਲਕ ਤੱਕ ਦਾ ਅਲਟੀਮੇਟਮ

ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਨੇ ਬੰਗਲਾਦੇਸ਼ ਕ੍ਰਿਕਟ ਬੋਰਡ (ਬੀ ਸੀ ਬੀ) ਨੂੰ 7 ਫਰਵਰੀ ਤੋਂ ਭਾਰਤ ਵਿੱਚ ਸ਼ੁਰੂ ਹੋ ਰਹੇ ਟੀ-20 ਵਿਸ਼ਵ ਕੱਪ ਵਿੱਚ ਆਪਣੀ ਸ਼ਮੂਲੀਅਤ ਬਾਰੇ ਫ਼ੈਸਲਾ ਲੈਣ ਲਈ 21 ਜਨਵਰੀ ਤੱਕ ਦਾ ਅਲਟੀਮੇਟਮ ਦਿੱਤਾ ਹੈ। ਆਈ ਸੀ ਸੀ ਦੇ ਸੂਤਰ ਨੇ ਸਪੱਸ਼ਟ ਕੀਤਾ ਹੈ ਕਿ ਜੇ ਬੰਗਲਾਦੇਸ਼ ਦੀ ਟੀਮ ਭਾਰਤ ਆਉਣ ਤੋਂ ਇਨਕਾਰ ਕਰਦੀ ਹੈ ਤਾਂ ਉਸ ਦੀ ਜਗ੍ਹਾ ਰੈਂਕਿੰਗ ਮੁਤਾਬਕ ਕਿਸੇ ਹੋਰ ਟੀਮ ਨੂੰ ਮੌਕਾ ਦਿੱਤਾ ਜਾ ਸਕਦਾ ਹੈ। ਸੰਭਾਵੀ ਤੌਰ 'ਤੇ ਇਹ ਟੀਮ ਸਕਾਟਲੈਂਡ ਹੋ ਸਕਦੀ ਹੈ।

ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਬੀ ਸੀ ਸੀ ਆਈ ਨੇ ਆਈ ਪੀ ਐੱਲ 2026 'ਚੋਂ ਬੰਗਲਾਦੇਸ਼ੀ ਤੇਜ਼ ਗੇਂਦਬਾਜ਼ ਮੁਸਤਫਿਜ਼ੁਰ ਰਹਿਮਾਨ ਨੂੰ ਹਟਾਉਣ ਦੇ ਨਿਰਦੇਸ਼ ਦਿੱਤੇ ਸਨ। ਆਈ ਸੀ ਸੀ ਨੇ ਕਿਹਾ ਕਿ ਟੀਮ ਨੂੰ ਭਾਰਤ ਵਿੱਚ ਕੋਈ ਸਿੱਧਾ ਖਤਰਾ ਨਹੀਂ ਹੈ ਪਰ ਬੀ ਸੀ ਬੀ ਆਪਣੀ ਜ਼ਿੱਦ 'ਤੇ ਅੜਿਆ ਹੋਇਆ ਹੈ। ਬੰਗਲਾਦੇਸ਼ ਬੋਰਡ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਕੋਲਕਾਤਾ ਅਤੇ ਮੁੰਬਈ ਵਿੱਚ ਹੋਣ ਵਾਲੇ ਆਪਣੇ ਗਰੁੱਪ ਮੈਚ ਖੇਡਣ ਲਈ ਭਾਰਤ ਆਉਣ ਤੋਂ ਮਨ੍ਹਾ ਕਰ ਦਿੱਤਾ ਸੀ। ਬੀ ਸੀ ਬੀ ਦੀ ਮੰਗ ਹੈ ਕਿ ਉਨ੍ਹਾਂ ਦੇ ਮੈਚ ਸ੍ਰੀਲੰਕਾ ਵਿੱਚ ਤਬਦੀਲ ਕੀਤੇ ਜਾਣ ਜਾਂ ਫਿਰ ਉਨ੍ਹਾਂ ਦਾ ਗਰੁੱਪ ਬਦਲਿਆ ਜਾਵੇ। ਬੋਰਡ ਨੇ ਗਰੁੱਪ ਵਿੱਚ ਆਇਰਲੈਂਡ ਨਾਲ ਅਦਲਾ-ਬਦਲੀ ਕਰਨ ਦੀ ਤਜਵੀਜ਼ ਵੀ ਰੱਖੀ ਸੀ ਤਾਂ ਜੋ ਉਹ ਸਾਰੇ ਮੈਚ ਸ੍ਰੀਲੰਕਾ 'ਚ ਖੇਡ ਸਕੇ। ਬੰਗਲਾਦੇਸ਼ ਦੇ ਸਾਬਕਾ ਕਪਤਾਨ ਤਮੀਮ ਇਕਬਾਲ ਤੇ ਮੌਜੂਦਾ ਟੈਸਟ ਕਪਤਾਨ ਨਜਮੁਲ ਹੁਸੈਨ ਸ਼ਾਂਤੋ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਮਾਮਲੇ 'ਤੇ ਸਖਤ ਰੁਖ ਅਪਣਾਉਣ ਦੇ ਮਾੜੇ ਨਤੀਜੇ ਅਗਲੇ 10 ਸਾਲਾਂ ਤੱਕ ਭੁਗਤਣੇ ਪੈ ਸਕਦੇ ਹਨ।

# ਟੀ20 ਵਿਸ਼ਵ ਕੱਪ: ਗੁਰਦਾਸਪੁਰ ਦਾ ਦਿਲਪ੍ਰੀਤ ਬਾਜਵਾ ਕਰੇਗਾ ਕੈਨੇਡੀਅਨ ਟੀਮ ਦੀ ਅਗਵਾਈ



ਗੁਰਦਾਸਪੁਰ ਵਿੱਚ ਜੰਮਿਆ ਪਲਿਆ ਦਿਲਪ੍ਰੀਤ ਬਾਜਵਾ ਅਗਾਮੀ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ ਵਿੱਚ ਕੈਨੇਡੀਅਨ ਕ੍ਰਿਕਟ ਟੀਮ ਦੀ ਅਗਵਾਈ ਕਰੇਗਾ। ਬਾਜਵਾ 2020 ਵਿੱਚ ਕੈਨੇਡਾ ਸ਼ਿਫਟ ਹੋ ਗਿਆ ਸੀ ਤੇ ਪਿਛਲੇ ਸਾਲ ਮੌਂਟਰੀਅਲ ਟਾਈਗਰਜ਼ ਲਈ ਗਲੋਬਲ ਟੀ-20 ਕੈਨੇਡਾ ਟੂਰਨਾਮੈਂਟ ਵਿੱਚ ਸੈਂਕੜਾ ਲਗਾਉਣ ਵਾਲਾ ਪਹਿਲਾ ਕੈਨੇਡੀਅਨ ਬਣਿਆ ਸੀ। ਆਪਣੇ ਪਿਛਲੇ ਕੁਝ ਇੰਟਰਵਿਊਜ਼ ਵਿੱਚ ਬਾਜਵਾ ਨੇ ਦਾਅਵਾ ਕੀਤਾ ਸੀ ਕਿ ਪੰਜਾਬ ਵਿੱਚ ਖੇਡਦੇ ਸਮੇਂ ਉਸ ਨੂੰ ਰਿਜੈਕਸ਼ਨ ਦਾ ਸਾਹਮਣਾ ਕਰਨਾ ਪਿਆ ਸੀ। ਉਸ ਨੇ ਕਿਹਾ ਕਿ ਇਹ ਇੱਕ ਅਜਿਹਾ ਕਦਮ ਸੀ ਜਿਸ ਕਾਰਨ ਉਨ੍ਹਾਂ ਨੂੰ ਆਪਣਾ ਬੇਸ ਕੈਨੇਡਾ ਸ਼ਿਫਟ ਕਰਨਾ ਪਿਆ।

2024 ਵਿੱਚ ਟੀ-20 ਵਿਸ਼ਵ ਕੱਪ ਵਿੱਚ ਆਪਣਾ ਡੈਬਿਊ ਕਰਦੇ ਹੋਏ ਕੈਨੇਡਾ ਗਰੁੱਪ ਪੜਾਅ ਵਿੱਚ ਚੌਥੇ ਸਥਾਨ 'ਤੇ ਰਿਹਾ ਸੀ, ਪਰ ਤਿੰਨ ਅੰਕ ਹਾਸਲ ਕਰਨ ਵਿੱਚ ਸਫ਼ਲ ਰਿਹਾ। ਇਸ ਵਿਚ ਯੂਰਪੀਅਨ ਟੀਮ ਆਇਰਲੈਂਡ ਖਿਲਾਫ਼ 12 ਦੌੜਾਂ ਦੀ ਜਿੱਤ ਵੀ ਸ਼ਾਮਲ ਸੀ। ਟੀਮ ਨੇ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ ਅਮਰੀਕਾ ਰੀਜਨਲ ਫਾਈਨਲ ਜਿੱਤ ਕੇ ਟੂਰਨਾਮੈਂਟ ਦੇ ਇਸ ਐਡੀਸ਼ਨ ਵਿੱਚ ਜਗ੍ਹਾ ਬਣਾਈ ਹੈ। ਟੀਮ ਨੇ ਛੇ ਮੈਚ ਖੇਡੇ ਅਤੇ ਸਾਰੇ ਜਿੱਤੇ, ਇਸ ਤਰ੍ਹਾਂ ਟੇਬਲ ਵਿੱਚ ਸਿਖਰ 'ਤੇ ਰਹੀ, ਅਤੇ ਟੀ-20 ਵਿਸ਼ਵ ਕੱਪ ਲਈ ਆਪਣਾ ਟਿਕਟ ਬੁੱਕ ਕੀਤਾ।

ਅਮਰੀਕਾ ਰੀਜਨਲ ਕੁਆਲੀਫਾਇਰ ਦੌਰਾਨ, ਸ਼ਿਵਮ ਸ਼ਰਮਾ ਦੀ ਆਫ-ਸਪਿਨ (7.81 ਦੀ ਔਸਤ ਨਾਲ 11 ਵਿਕਟਾਂ) ਅਤੇ ਕਲੀਮ ਸਨਾ ਦੀ ਖੱਬੇ ਹੱਥ ਦੀ ਗਤੀ (7.5 ਦੀ ਔਸਤ ਨਾਲ 10 ਵਿਕਟਾਂ) ਕਾਫ਼ੀ ਪ੍ਰਭਾਵਸ਼ਾਲੀ ਸਾਬਤ ਹੋਈਆਂ।

ਬੱਲੇਬਾਜ਼ੀ ਦੀ ਗੱਲ ਕਰੀਏ ਤਾਂ ਕੈਨੇਡੀਅਨ ਟੀਮ ਕੋਲ ਹਮਲਾਵਰ ਬੱਲੇਬਾਜ਼ ਨਿਕੋਲਸ ਕਿਰਟਨ ਹੈ, ਜਿਸ ਨੂੰ ਸਾਥੀ ਯੁਵਰਾਜ ਸਮਰਾ ਤੋਂ ਚੰਗੇ ਸਾਥ ਦੀ ਉਮੀਦ ਹੈ। ਸਮਰਾ ਦਾ ਸਟ੍ਰਾਈਕ-ਰੇਟ 160.72 ਹੈ। ਕੈਨੇਡਾ ਨੂੰ ਵਿਸ਼ਵ ਕੱਪ ਵਿਚ ਸ਼ੁਰੂਆਤੀ ਪੜਾਅ ਵਿਚ ਹੀ ਕਾਫ਼ੀ ਮਿਹਨਤ ਕਰਨੀ ਪੈ ਸਕਦੀ ਹੈ ਕਿਉਂਕਿ ਉਨ੍ਹਾਂ ਦੇ ਗਰੁੱਪ ਵਿੱਚ ਦੱਖਣੀ ਅਫਰੀਕਾ, ਨਿਊਜ਼ੀਲੈਂਡ, ਅਫਗਾਨਿਸਤਾਨ ਅਤੇ ਯੂਏਈ ਹਨ। ਉਹ 9 ਫਰਵਰੀ ਨੂੰ ਅਹਿਮਦਾਬਾਦ ਵਿੱਚ ਦੱਖਣੀ ਅਫਰੀਕਾ ਵਿਰੁੱਧ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਨਗੇ।

ਹਾਲਾਂਕਿ ਕੈਨੇਡੀਅਨ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਕੋਚ ਇੰਗਲਟਨ ਲਿਬਰਡ, ਜੋ ਕਿ ਕੈਨੇਡਾ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਹਨ, ਨੇ 20 ਮੈਂਬਰੀ ਟੀਮ ਟੀਮ ਬਣਾਈ ਸੀ ਜਿਸ ਵਿੱਚ ਨਿਕੋਲਸ ਕਿਰਟਨ ਨੂੰ ਕਪਤਾਨ ਬਣਾਇਆ ਗਿਆ ਸੀ। ਹਾਲਾਂਕਿ ਬਾਜਵਾ ਨੂੰ ਟੂਰਨਾਮੈਂਟ ਲਈ ਕਿਰਟਨ ਦੀ ਜਗ੍ਹਾ ਕਪਤਾਨ ਬਣਾਇਆ ਗਿਆ ਸੀ। ਕਿਰਟਨ ਨੇ 2024 ਵਿਚ ਸਾਬਕਾ ਕਪਤਾਨ ਸਾਦ ਬਿਨ ਜ਼ਫਰ ਦੀ ਜਗ੍ਹਾ ਲਈ ਸੀ।

# ਗਾਵਸਕਰ ਹੋਏ ਵਿਰਾਟ ਕੋਹਲੀ ਦੇ ਮੁਰੀਦ

## ਦੂਜੇ ਬੱਲੇਬਾਜ਼ਾਂ ਨੂੰ ਦਿੱਤਾ ਸਖ਼ਤ ਸੰਦੇਸ਼

ਨਵੀਂ ਦਿੱਲੀ : ਸਾਬਕਾ ਕਪਤਾਨ ਸੁਨੀਲ ਗਾਵਸਕਰ ਦਾ ਮੰਨਣਾ ਹੈ ਕਿ ਭਾਰਤ ਨਿਊਜ਼ੀਲੈਂਡ ਖ਼ਿਲਾਫ਼ ਵਨਡੇ ਸੀਰੀਜ਼ ਚੰਗੀ ਸ਼ੁਰੂਆਤ ਨਾ ਮਿਲਣ ਕਾਰਨ ਹਾਰ ਗਿਆ ਅਤੇ ਟੀਮ ਦੇ ਬੱਲੇਬਾਜ਼ਾਂ ਨੂੰ ਵਿਰਾਟ ਕੋਹਲੀ ਤੋਂ ਸਿੱਖਣਾ ਚਾਹੀਦਾ ਹੈ ਕਿ ਉਹ ਮੁਸ਼ਕਲ ਟੀਚੇ ਦਾ ਪਿੱਛਾ ਕਰਦੇ ਹੋਏ ਪਾਰੀ ਨੂੰ ਸਹੀ ਢੰਗ ਨਾਲ ਅੱਗੇ ਲੈ ਜਾਣ। ਭਾਰਤ ਇੰਦੌਰ ਵਿੱਚ ਖੇਡੇ ਗਏ ਤੀਜੇ ਅਤੇ ਆਖਰੀ ਵਨਡੇ ਵਿੱਚ ਨਿਊਜ਼ੀਲੈਂਡ ਤੋਂ 41 ਦੌੜਾਂ ਨਾਲ ਹਾਰ ਗਿਆ ਅਤੇ ਇਸ ਤਰ੍ਹਾਂ ਘਰੇਲੂ ਮੈਦਾਨ 'ਤੇ ਪਹਿਲੀ ਵਾਰ ਨਿਊਜ਼ੀਲੈਂਡ ਖ਼ਿਲਾਫ਼ ਵਨਡੇ ਸੀਰੀਜ਼ ਹਾਰ ਗਿਆ। ਮੁੱਖ ਭਾਰਤੀ ਬੱਲੇਬਾਜ਼ਾਂ ਵਿੱਚੋਂ, ਸਿਰਫ਼ ਕੋਹਲੀ ਹੀ ਵਧੀਆ ਪ੍ਰਦਰਸ਼ਨ ਕਰ ਸਕਿਆ, ਉਸਨੇ 108 ਗੇਂਦਾਂ ਵਿੱਚ 124 ਦੌੜਾਂ ਬਣਾਈਆਂ।

ਜੀਓਸਟਾਰ ਦੇ ਇੱਕ ਪ੍ਰੋਗਰਾਮ ਵਿੱਚ ਬੋਲਦਿਆਂ, ਗਾਵਸਕਰ ਨੇ ਕਿਹਾ, "ਵਿਰਾਟ ਕੋਹਲੀ ਨੂੰ ਪੂਰਾ ਸਮਰਥਨ ਨਾ ਮਿਲਣ ਕਾਰਨ ਭਾਰਤ ਲਈ ਚੀਜ਼ਾਂ ਮੁਸ਼ਕਲ ਹੋ ਗਈਆਂ। ਕੋਹਲੀ ਨੂੰ ਬਹੁਤ ਘੱਟ ਸਮਰਥਨ ਮਿਲਿਆ। ਇਸ ਲੜੀ ਵਿੱਚ ਭਾਰਤ ਲਈ ਅਸਲ ਸਮੱਸਿਆ ਚੰਗੀ ਸ਼ੁਰੂਆਤ ਕਰਨ ਵਿੱਚ ਉਨ੍ਹਾਂ ਦੀ ਅਸਮਰੱਥਾ ਰਹੀ ਹੈ। ਕਿਹਾ ਜਾਂਦਾ ਹੈ ਕਿ ਚੰਗੀ ਸ਼ੁਰੂਆਤ ਅੱਧਾ ਕੰਮ ਪੂਰਾ ਹੋ ਗਿਆ ਹੈ।" ਉਨ੍ਹਾਂ ਕਿਹਾ, "ਭਾਰਤ ਦੀ ਕਦੇ ਵੀ ਚੰਗੀ ਸ਼ੁਰੂਆਤ ਨਹੀਂ ਹੋਈ ਅਤੇ ਇਹ ਉਨ੍ਹਾਂ ਦੀ ਹਾਰ ਦਾ ਇੱਕ ਮੁੱਖ ਕਾਰਨ ਹੈ, ਕਿ ਉਹ ਵੱਡੇ ਸਕੋਰ ਦਾ ਪਿੱਛਾ ਨਹੀਂ ਕਰ ਸਕੇ।"

### ਬੱਲੇਬਾਜ਼ਾਂ ਨੇ ਕੀਤਾ ਨਿਰਾਸ਼



ਭਾਰਤ ਦੇ ਅੱਧੇ ਬੱਲੇਬਾਜ਼ 159 ਦੌੜਾਂ 'ਤੇ ਆਊਟ ਹੋ ਗਏ, ਜਿਸ ਨਾਲ ਉਨ੍ਹਾਂ ਦੀ ਜਿੱਤ ਦੀਆਂ ਸੰਭਾਵਨਾਵਾਂ ਨੂੰ ਗੰਭੀਰਤਾ ਨਾਲ ਖ਼ਤਰਾ ਪੈਦਾ ਹੋ ਗਿਆ। ਗਾਵਸਕਰ ਨੇ ਕਿਹਾ, "ਜਦੋਂ ਤੁਸੀਂ ਕੇਐਲ ਰਾਹੁਲ ਵਰਗੇ ਖਿਡਾਰੀ ਨੂੰ ਗੁਆ ਦਿੰਦੇ ਹੋ ਜੋ ਸ਼ਾਨਦਾਰ ਫਾਰਮ ਵਿੱਚ ਸੀ, ਅਤੇ ਤੁਹਾਡੇ ਕੋਲ ਨਿਤੀਸ਼ ਕੁਮਾਰ ਰੈੱਡੀ ਹੁੰਦਾ ਹੈ, ਜਿਸਨੇ 53 ਦੌੜਾਂ ਦੀ ਇਸ ਪਾਰੀ ਤੋਂ ਪਹਿਲਾਂ ਅਸਲ ਵਿੱਚ ਆਪਣੀ ਸਮਰੱਥਾ ਅਨੁਸਾਰ ਪ੍ਰਦਰਸ਼ਨ ਨਹੀਂ ਕੀਤਾ ਸੀ, ਅਤੇ ਫਿਰ ਹਰਸ਼ਿਤ ਰਾਣਾ, ਜਿਸ ਬਾਰੇ ਤੁਸੀਂ ਕਦੇ ਵੀ ਪੂਰੀ ਤਰ੍ਹਾਂ ਯਕੀਨ ਨਹੀਂ ਕਰ ਸਕਦੇ ਕਿ ਉਹ ਕਿਵੇਂ ਪ੍ਰਦਰਸ਼ਨ ਕਰੇਗਾ, ਤਾਂ ਟੀਚੇ ਤੱਕ ਪਹੁੰਚਣਾ ਇੱਕ ਵੱਡੀ ਚੁਣੌਤੀ ਬਣ ਜਾਂਦਾ ਹੈ। ਭਾਰਤ ਨੂੰ ਬਿਲਕੁਲ ਇਸੇ ਸਥਿਤੀ ਦਾ ਸਾਹਮਣਾ ਕਰਨਾ ਪਿਆ।"

### ਕੋਹਲੀ ਦੇ ਮੁਰੀਦ ਹੋਏ ਗਾਵਸਕਰ

ਸੁਨੀਲ ਗਾਵਸਕਰ ਨੇ ਅੰਤ ਤੱਕ ਕੋਸ਼ਿਸ਼ ਕਰਨ ਲਈ ਕੋਹਲੀ ਦੀ ਪ੍ਰਸ਼ੰਸਾ ਕੀਤੀ ਅਤੇ ਦੂਜਿਆਂ ਨੂੰ ਉਸਦੀ ਮਾਨਸਿਕਤਾ ਅਤੇ ਇਕਸਾਰਤਾ ਦੀ ਨਕਲ ਕਰਨ ਲਈ ਕਿਹਾ। ਉਨ੍ਹਾਂ ਕਿਹਾ, "ਉਨ੍ਹਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਕਿਸੇ ਵੀ ਅਕਸ ਨਾਲ ਬੱਝੇ ਨਹੀਂ ਹਨ। ਬਹੁਤ ਸਾਰੇ ਬੱਲੇਬਾਜ਼ ਅਤੇ ਗੇਂਦਬਾਜ਼ ਇਸ ਗੱਲ ਦੀ ਚਿੰਤਾ ਕਰਦੇ ਹਨ ਕਿ ਲੋਕ ਉਨ੍ਹਾਂ ਬਾਰੇ ਕਿਵੇਂ ਸੋਚਦੇ ਹਨ ਅਤੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਆਪਣੀ ਸਮਰੱਥਾ ਅਨੁਸਾਰ ਜੀਣਾ ਪਵੇਗਾ। ਵਿਰਾਟ ਅਜਿਹਾ ਨਹੀਂ ਹੈ।"

### ਕੋਹਲੀ ਕਰਦੇ ਹਨ ਆਪਣਾ ਕੰਮ

ਗਾਵਸਕਰ ਨੇ ਕਿਹਾ, "ਉਹ (ਕੋਹਲੀ) ਆਪਣੇ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੈ, ਅਤੇ ਉਹ ਕੰਮ ਦੌੜਾਂ ਬਣਾਉਣਾ ਹੈ। ਕਈ ਵਾਰ ਇਸਦਾ ਮਤਲਬ ਹੈ ਸਾਵਧਾਨੀ ਨਾਲ ਖੇਡਣਾ ਅਤੇ ਫਿਰ ਖੁੱਲ੍ਹ ਕੇ ਖੇਡਣਾ। ਕਈ ਵਾਰ ਇਸਦਾ ਮਤਲਬ ਹੈ ਸ਼ੁਰੂ ਵਿੱਚ ਹਮਲਾਵਰ ਰੁਖ਼ ਅਪਣਾਉਣਾ ਜਾਂ ਹਾਲਾਤਾਂ ਦੇ ਅਨੁਸਾਰ ਸਟ੍ਰਾਈਕ ਨੂੰ ਘੁੰਮਾਉਣਾ। ਕੋਹਲੀ ਇਸ ਬਾਰੇ ਨਹੀਂ ਸੋਚਦਾ ਕਿ ਉਸ ਤੋਂ ਕਿਵੇਂ ਖੇਡਣ ਦੀ ਉਮੀਦ ਕੀਤੀ ਜਾਂਦੀ ਹੈ।"

### ਹਾਰ ਨਹੀਂ ਮੰਨਦੇ ਵਿਰਾਟ

ਉਨ੍ਹਾਂ ਕਿਹਾ, "ਉਨ੍ਹਾਂ ਦਾ ਸੁਭਾਅ ਸਭ ਤੋਂ ਮਹੱਤਵਪੂਰਨ ਚੀਜ਼ ਹੈ ਅਤੇ ਉਹ ਇਹ ਨਹੀਂ ਸੋਚਦਾ ਕਿ 'ਮੈਨੂੰ ਛੱਕਾ ਮਾਰਨ ਦੀ ਉਮੀਦ ਹੈ'। ਉਹ ਹਾਲਾਤ ਦੇ ਅਨੁਸਾਰ ਖੇਡਦਾ ਹੈ। ਉਹ ਕਦੇ ਹਾਰ ਨਹੀਂ ਮੰਨਦਾ ਅਤੇ ਅੰਤ ਤੱਕ ਕੋਸ਼ਿਸ਼ ਕਰਦਾ ਹੈ। ਨੌਜਵਾਨਾਂ ਨੂੰ ਉਸ ਤੋਂ ਇਹ ਸਿੱਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਛਵੀ ਨਾਲ ਬੰਨ੍ਹਿਆ ਨਹੀਂ ਜਾਣਾ ਚਾਹੀਦਾ ਅਤੇ ਹਾਲਾਤ ਦੇ ਅਨੁਸਾਰ ਖੇਡਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਤੁਸੀਂ ਇੱਕ ਵਧੇਰੇ ਸਫਲ ਅਤੇ ਲਗਾਤਾਰ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਬਣੋਗੇ।"











